For advertisement and donations contact
HARBANS SINGH
416-817-7142
Email:
ppapmg@gmail.com
Om Parkash Sharma
647-891-8500
omjagraon@yahoo.com

Voice of Social Concerns

# ਸਰੋਕਾਰਾਂ ਦੀ ਆਵਾਜ਼

ਰਜਿਸਟ੍ਰੇਸ਼ਨ ਨੰਬਰ 210836300

ਲੋਕ ਪੱਖੀ ਆਰਟਸ ਪ੍ਰੋਜੈਕਟ ਮੀਡੀਆ ਗਰੁੱਪ

16 ਜਨਵਰੀ 2013 ਤੋਂ 15 ਫਰਵਰੀ 2013

Pro-People Arts
Project Media Group
SAROKARAN DI AWAZ
29 MAPLEVIEW AVE
BRAMPTON ONTARIO
CANADA L6R 1M2
E-Mail : ppapmg@gmail.com
www.ppapmg.com

ਸੰਪਾਦਕੀ ਮੰਡਲ ਦਾ ਛਪੀਆਂ ਰਚਨਾਵਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।



ਨਵੀਂ ਕਿਸਮ ਦੀ ਰੌਸ਼ਨੀ ਵਰ੍ਹਾ 2013 ਵਿਚ ਹਰ ਇਕ ਨੂੰ ਪ੍ਰਦਾਨ ਹੋਵੇ ਅਤੇ ਅਜੋਕੇ ਸਮਿਆਂ 'ਚ ਕੋਈ ਸ਼ਾਨਦਾਰ ਕਾਰਜ ਕਰਨ ਲਈ ਨਵੇਂ ਵਿਚਾਰ ਅਤੇ ਨਵੀਂ ਸੋਚ ਜ਼ਿੰਦਗੀ ਦਾ ਅਟੁੱਟ ਹਿੱਸਾ ਬਣੇ। ਇਸ ਕਿਸਮ ਦੀ ਲਗਨ ਇਤਿਹਾਸ ਦੇ ਹਰੇਕ ਮੋੜ 'ਤੇ ਝਾਤੀ ਮਾਰਿਆਂ ਨਜ਼ਰ ਆਵੇਗੀ। ਜਦੋਂ ਅਸੀਂ ਆਪਣੇ ਵਕਤ 'ਚੋਂ ਵਕਤ ਕੱਢ ਕੇ ਆਪਣੀਆਂ ਇਤਿਹਾਸਕ ਪੈੜਾਂ 'ਤੇ ਝਾਤੀ ਮਾਰਾਂਗੇ ਤਾਂ ਸਾਨੂੰ ਕਈ ਕਿਸਮ ਦੇ ਆਪਣੇ ਪੁਰਖਿਆਂ ਅਤੇ ਵਡੇਰਿਆਂ ਦੇ ਇਤਿਹਾਸਕ ਪਲ ਅਚਨਚੇਤ ਹੀ ਯਾਦ ਆ ਜਾਣਗੇ। ਜੇ ਸਾਡੀ ਦ੍ਰਿਸ਼ਟੀ ਅਤੇ ਦੇਖਣ ਦੀ ਸੋਚ ਵਿਸ਼ਾਲ ਹੋਵੇਗੀ ਤਾਂ ਸਾਨੂੰ ਉਹ ਪਲ ਵੀ ਯਾਦ ਆ ਜਾਣਗੇ ਜਦੋਂ ਆਲਮਗੀਰ ਵਿਖੇ ਭਾਈ ਨਗਾਹੀਆ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣਾ ਘੋੜਾ ਭੇਂਟ ਕੀਤਾ ਅਤੇ ਆਪਣੇ ਆਪ ਨੂੰ ਵੱਡਭਾਗਾ ਮਹਿਸੂਸ ਕੀਤਾ ਕਿ ਮੈਂ ਵੀ ਇਤਿਹਾਸ ਵਿਚ ਕੁਝ ਆਪਣਾ ਯੋਗਦਾਨ ਪਾਉਣ ਦੇ ਕਾਬਲ ਹੋਇਆ ਹਾਂ। ਇਸ ਕਿਸਮ ਦੀ ਰੌਸ਼ਨੀ ਕੁਝ ਦੂਸਰਿਆਂ ਲਈ ਕਰ ਸਕਣ ਵਾਲਾ ਵਰ੍ਹਾ 2013 ਸਾਡੇ ਅੰਦਰ ਵੀ ਉਤਪੰਨ ਹੋਵੇ।


3

ਦਾਮਿਨੀ ਦਾ ਦੁਖਦਾਈ ਅੰਤ ਅਤੇ ਹਾਕਮ ਲੋਕ ਕਟਹਿਰੇ 'ਚ


10

ਉਲਟ ਰੁਖ਼ ਚਲ ਰਿਹਾ ਪੰਜਾਬ ਦਾ ਵਿਕਾਸ


12

ਵਿਲੱਖਣ ਸਰੋਕਾਰਾਂ ਦਾ ਸਭਿਆਚਾਰਕ ਸਮਾਗਮ


19

Natives must have their own justice system

SUPER VISA INSURANCE



Sherjang Singh Rana
416.910.9000

Punjab Insurance Inc
PUNJAB INSURANCE INC.

• Life Insurance • Mortgage Insurance
• Critical Illness Insurance • Disability Insurance
• RESP, RRSP

www.punjabinsurance.ca



Ravinder Singh Basra
416.845.6232

# ਆਓ ! ਓਂਟਾਰੀਓ ਦੇ ਸਕੂਲ ਪ੍ਰਬੰਧ ਨੂੰ ਬਚਾਉਣ ਲਈ ਆਵਾਜ਼ ਬੁਲੰਦ ਕਰੀਏ







ਓਂਟਾਰੀਓ ਸਕੂਲ ਸਿਸਟਮ ਜੋ ਕਿ ਦੁਨੀਆ ਭਰ 'ਚ ਸਭ ਤੋਂ ਵੱਧ ਸਲਾਹਿਆ ਜਾਂਦਾ ਰਿਹਾ ਹੈ ਹੁਣ ਇਸ ਸਿਸਟਮ ਨੂੰ ਬਿਲ-115 ਰਾਹੀਂ ਹੌਲੀ ਹੌਲੀ ਠੇਕੇਦਾਰੀ ਸਿਸਟਮ ਵਿਚ ਬਦਲਣ ਦੀ ਪ੍ਰਕਿਰਿਆ ਹੋ ਰਹੀ ਹੈ। ਇਸ ਖਿਲਾਫ਼ ਐਲੀਮੈਂਟਰੀ ਅਤੇ ਸੈਕੰਡਰੀ ਟੀਚਰਜ਼ ਫੈਡਰੇਸ਼ਨ ਨੇ ਆਪਣੀ ਆਵਾਜ਼ ਉਠਾਉਣੀ ਸ਼ੁਰੂ ਕੀਤੀ ਹੈ।



ਦੋਵੇਂ ਦੇਸ਼ ਭਾਰਤ ਅਤੇ ਪਾਕਿਸਤਾਨ ਇਕ ਸ਼ਾਂਤੀ ਦੀ ਪ੍ਰਕਿਰਿਆ ਵੱਲ ਵਧ ਰਹੇ ਸਨ। ਸ਼ਾਂਤੀ ਪਸੰਦ ਤਾਕਤਾਂ ਨੇ ਬੜੀ ਮਿਹਨਤ ਤੋਂ ਬਾਅਦ ਦੋਵਾਂ ਮੁਲਕਾਂ ਨੂੰ ਇਕ ਦੂਸਰੇ ਉਪਰ ਵਿਸ਼ਵਾਸ ਕਰਨ ਤੱਕ ਪਹੁੰਚਾ ਦਿੱਤਾ ਸੀ। ਇਹ ਆਸ ਬੱਝ ਰਹੀ ਸੀ ਕਿ ਇਹ ਦੋਵੇਂ ਮੁਲਕ ਆਉਣ ਵਾਲੇ ਸਮੇਂ 'ਚ ਸਾਉਥ ਏਸ਼ੀਆ ਦੇ ਖਿੱਤੇ 'ਚ ਸ਼ਾਂਤੀ ਪਸੰਦ ਮੁਲਕਾਂ ਦੇ ਤੌਰ 'ਤੇ ਕੇਂਦਰਬਿੰਦੂ ਬਣ ਜਾਣਗੇ ਅਤੇ ਦੁਨੀਆ ਦੇ ਪੈਮਾਨੇ 'ਤੇ ਆਪਣੀ ਭੂਕਤ ਬਣਾਉਣਗੇ। ਪ੍ਰੰਤੂ ਸ਼ਾਂਤੀ ਪਸੰਦ ਹਿੱਸਿਆਂ ਨੂੰ ਇਕ ਵਾਰੀ ਫਿਰ ਚਿੰਤਾਗ੍ਰਸਤ ਸਥਿਤੀ ਵਿਚ ਸੁੱਟ ਦਿੱਤਾ ਹੈ ਦੋਵੇਂ ਮੁਲਕਾਂ ਦੇ ਬਾਰਡਰਾਂ 'ਤੇ ਤਣਾਅ ਉਤਪੰਨ ਹੋਣ ਨਾਲ ਰਾਜਸੀ ਤਾਪਮਾਨ ਗਰਮ ਹੋ ਗਿਆ ਹੈ ਜੋ ਮੁੜ ਕਿਸੇ ਵੀ ਜੰਗ ਵੱਲ ਨੂੰ ਵਧ ਸਕਦਾ ਹੈ। ਇਸ ਪ੍ਰਕਿਰਿਆ ਦੇ ਉਲਟ ਖੜ੍ਹਨ ਵਾਲੀਆਂ ਸ਼ਾਂਤੀ ਪਸੰਦ ਤਾਕਤਾਂ ਨੂੰ ਆਪਣੀ ਆਵਾਜ਼ ਮੁੜ ਬੁਲੰਦ ਕਰਨੀ ਚਾਹੀਦੀ ਹੈ ਕਿ ਸਾਉਥ ਏਸ਼ੀਆ ਵਿਚ ਲੋਕਾਂ ਦੇ ਦ੍ਰਿਸ਼ਟੀਕੋਣ ਤੋਂ ਸ਼ਾਂਤੀ ਦੀ ਪ੍ਰਕਿਰਿਆ ਮੁੜ ਬਹਾਲ ਕੀਤੀ ਜਾਵੇ ਅਤੇ ਦੋਵੇਂ ਮੁਲਕਾਂ ਦੇ ਲੋਕਾਂ ਨੂੰ ਮੁੜ ਤਰਾਸਦੀ ਵਿਚ ਸੁੱਟਣ ਤੋਂ ਬਚਾਇਆ ਜਾ ਸਕੇ।

ਸਿੱਖਿਆ ਸਮੁੱਚੇ ਵਿਕਾਸ ਦਾ ਸਭ ਤੋਂ ਅਹਿਮ ਹਥਿਆਰ ਰਿਹਾ ਹੈ। ਦੁਨੀਆ ਦੇ ਪਹਿਲੇ ਸਥਾਨਾਂ ਉਪਰ ਆਪਣੀ ਪੁਜੀਸ਼ਨ ਬਣਾਉਣ ਵਿਚ ਐਲੀਮੈਂਟਰੀ ਅਤੇ ਸੈਕੰਡਰੀ ਸਿੱਖਿਆ ਦਾ ਉਚੇਚਾ ਯੋਗਦਾਨ ਰਿਹਾ ਹੈ ਜਿਸ ਰਾਹੀਂ ਸਮੁੱਚੇ ਬੌਧਿਕ ਖੇਤਰ ਤੋਂ ਲੈ ਕੇ ਸਮਾਜਿਕ ਖੇਤਰ ਨੂੰ ਵਿਕਸਿਤ ਹੋਣ ਵਿਚ ਸਿੱਖਿਆ ਇਕ ਅਹਿਮ ਰੋਲ ਅਦਾ ਕਰਦੀ ਰਹੀ ਹੈ। ਪ੍ਰੰਤੂ ਜਿਸ ਕਿਸਮ ਨਾਲ ਕਾਰਪੋਰੇਟ ਘਰਾਣਿਆਂ ਨੇ ਹੌਲੀ-ਹੌਲੀ ਹਰ ਕਿਸਮ ਦੀ ਪੈਦਾਵਾਰ ਨੂੰ ਆਪਣੇ ਮੁਨਾਫ਼ੇ ਲਈ ਆਪਣੇ ਅਧੀਨ ਕਰ ਲਿਆ ਹੈ ਉਸ ਤਰ੍ਹਾਂ ਦੀ ਸੋਚ ਵੱਖ ਵੱਖ ਹੁਕਮਰਾਨ ਹਿੱਸਿਆਂ ਵਿਚ ਵੀ ਵਿਕਸਿਤ ਹੋ ਗਈ ਹੈ ਜਿਸ ਸੋਚ ਦਾ ਖਮਿਆਜ਼ਾ ਸਿੱਖਿਆ ਨੂੰ ਵੀ ਭੁਗਤਣਾ ਪੈ ਰਿਹਾ ਹੈ ਜੋ ਕਿ ਕਦੇ ਵੀ ਖਰੀਦਣ ਅਤੇ ਵੇਚਣ ਵਾਲੀ ਵਸਤੂ ਨਹੀਂ ਰਹੀ ਹੈ। ਜੇ ਇਸ ਦਾ ਵੀ ਚਲਣ ਕਾਰਪੋਰੇਟ ਕਿਸਮ ਦੀ ਸੋਚ ਦੇ ਅਧੀਨ ਆ ਜਾਂਦਾ ਹੈ ਤਾਂ ਜਿਸ ਕਿਸਮ ਨਾਲ ਲਗਾਤਾਰ ਲੋਕਾਂ ਦਾ ਵੱਖ-ਵੱਖ ਟੈਕਸਾਂ ਰਾਹੀਂ ਬੁਰਾ ਹਾਲ ਹੋ ਰਿਹਾ ਹੈ ਉਨ੍ਹਾਂ ਉਪਰ ਭਵਿੱਖ ਵਿਚ ਹੋ ਵੱਡੇ ਬੋਝ ਪੈਣ ਦੀ ਸੰਭਾਵਨਾ ਹੈ। ਜਿਸ ਨਾਲ ਇਸ ਖੇਤਰ ਵਿਚ ਕਾਰਜਸ਼ੀਲ ਅਧਿਆਪਨ ਵਰਗ ਤਾਂ ਬੇਹੱਦ ਪ੍ਰਭਾਵਿਤ ਹੋਵੇਗਾ ਉਸ ਉਪਰ ਕਈ ਤਰ੍ਹਾਂ ਦੀਆਂ ਬੰਦਿਸ਼ਾਂ ਤੋਂ ਇਲਾਵਾ ਉਨ੍ਹਾਂ ਦੇ ਸੋਚਣ ਢੰਗ ਉਪਰ ਵੀ ਸਥਾਪਤੀ ਦਾ ਛਾਇਆ ਸਥਾਪਤ ਹੋ ਜਾਵੇਗਾ। ਸੋ ਸਮੁੱਚੇ ਵਰਗਾਂ ਨੂੰ ਓਂਟਾਰੀਓ ਸਕੂਲ ਸਿਸਟਮ ਦੇ ਪੱਖ ਵਿਚ ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

Go Green
JGN KITCHENS
Great Service Backed Professional Workmanship at competitive Prices
Everything you need to complete a full kitchen or bath remodel



Kitchen Bath Countertops
Skins & Faucets Entertainment Units
3600 Laird Road, Unit 2-4, Mississauga, ON L5L 6A6 Fax: 905-828-8002
Tel: 905 - 828 - 8009
441 Dewdney Ave., Regina, SK S4N 0G1 Tel: 306-JGN-3232 (546-3232) Fax: 306-JGN-3290 (546-3290)
www.jgnkitchens.com info@ jgnkitchens.com



Kulwant Singh Pannu
Sales Representative
416.276.1566
k.pannu@hotmail.com
Century 21
Century 21 Green Realty Inc., Brokerage
Bus: 905.565.9565
Fax: 905.565.9522
24 Hour Pager Service
151 Superior Blvd. Unit 19-21
Mississauga ON L5T 1L2
REALTOR
MLS
Buy Green, Build Green...Save Environment!!!
Each office is independently owned and operated. Trademarks of AIRMILES International Trading B.V. used under license by Loyalty Management Group Canada Inc. and Century 21 Canada Ltd. Partnership

# ਦਾਮਿਨੀ ਦਾ ਦੁਖਦਾਈ ਅੰਤ ਅਤੇ ਹਾਕਮ ਲੋਕ ਕਟਹਿਰੇ 'ਚ

ਮੋਹਨ ਸਿੰਘ




ਦਿੱਲੀ ਸਮੂਹਿਕ ਬਲਾਤਕਾਰ ਪੀੜਤ 23 ਸਾਲਾਂ ਦੀ ਪੈਰਾਮੈਡੀਕਲ ਲੜਕੀ 'ਦਾਮਿਨੀ' ਦਾ 29 ਦਸੰਬਰ ਦੀ ਰਾਤ 2.25 ਵਜੇ ਸਿੰਗਾਪੁਰ ਦੇ ਮਾਊਂਟ ਏਲਿਜ਼ਾਬੈਥ ਹਸਪਤਾਲ 'ਚ ਦੁਖਦਾਈ ਅੰਤ ਹੋ ਗਿਆ। ਇਹ ਬਹਾਦਰ ਲੜਕੀ 13 ਦਿਨ ਜਿੰਦਗੀ ਅਤੇ ਮੌਤ ਨਾਲ ਜੂਝਦੀ ਰਹੀ ਪਰ ਅੰਤ ਉਹ ਮੌਤ ਤੋਂ ਹਾਰ ਗਈ। ਕੇਂਦਰ ਸਰਕਾਰ ਵੱਲੋਂ 30 ਦਸੰਬਰ ਰਾਤ ਦੇ ਤਕਰੀਬਨ ਤਿੰਨ ਵਜੇ ਉਸ ਦੀ ਮ੍ਰਿਤਕ ਦੇਹ ਨੂੰ ਦਿੱਲੀ ਲਿਆਂਦਾ ਗਿਆ ਅਤੇ ਲੋਕਾਂ ਨੂੰ ਉਸ ਦੇ ਸਸਕਾਰ ਬਾਰੇ ਭਿਣਕ ਵੀ ਨਹੀਂ ਪੈਣ ਦਿੱਤੀ। ਇਹ ਓਹੀ ਲੜਕੀ ਸੀ ਜਿਸ ਨੇ ਬਲਾਤਕਾਰ ਅਤੇ ਮਾਰ ਕੁਟਾਈ ਦੇ ਦਰਿੰਦਗੀ ਭਰੇ ਕੁਕਰਮ ਵਿਰੁੱਧ ਬਹਾਦਰੀ ਨਾਲ ਲੜਾਈ ਕੀਤੀ ਸੀ। ਇਹ ਓਹੀ ਵੀਰਾਂਗਣ ਲੜਕੀ ਸੀ ਜਿਸ ਨੂੰ ਨੌਜਵਾਨਾਂ ਨੇ ਆਪਣੀ ਇਕ ਰੋਲ ਮਾਡਲ ਬਣਾ ਲਿਆ ਸੀ ਅਤੇ ਸਾਰੇ ਦੇਸ਼ ਵਿੱਚ ਵੱਡੇ ਰੋਸ ਪ੍ਰਦਰਸ਼ਨ ਕੀਤੇ ਸਨ ਤੇ ਮੋਮਬੱਤੀਆਂ ਨਾਲ ਸ਼ਾਂਤੀ ਮਾਰਚ ਕਰਕੇ ਉਸ ਦੇ ਸਿਹਤਯਾਫ਼ਤਾ ਹੋਣ ਲਈ ਦੁਆਵਾਂ ਕੀਤੀਆਂ ਸਨ। ਇਸ ਕਰਕੇ ਲੋਕਾਂ ਦੀਆਂ ਭਾਵਨਾਵਾਂ ਸਨ ਕਿ ਉਹ ਇਸ ਲੜਕੀ ਨੂੰ ਇਕੱਠੇ ਹੋ ਕੇ ਭਾਵ-ਭਿੰਨੀਆਂ ਸ਼ਰਧਾਂਜਲੀਆਂ ਦੇਣ ਪਰ ਉਨ੍ਹਾਂ ਦੀਆਂ ਭਾਵਨਾਵਾਂ ਇਹ ਬੂਰ ਨਹੀਂ ਪੈ ਸਕਿਆ। ਕਿਉਂਕਿ ਸਰਕਾਰ ਲੋਕਾਂ ਦੇ ਰੋਹ ਪ੍ਰਦਰਸ਼ਨਾਂ ਤੋਂ ਡਰੀ ਹੋਈ ਸੀ। ਪਰ ਕੇਂਦਰ ਸਰਕਾਰ ਨੇ ਆਪਣੇ ਵਿਰੁੱਧ ਲੋਕਾਂ ਦੇ ਰੋਹ ਉਸ ਸਮੇਂ ਦੇਖ ਲਿਆ ਸੀ ਜਦੋਂ ਸ਼ੀਲਾ ਦਿਕਸ਼ਿਤ ਨੂੰ 29 ਦਸੰਬਰ ਨੂੰ ਜੰਤਰ ਮੰਤਰ ਵਿੱਚ ਸ਼ਰਧਾਂਜਲੀ ਦੇਣ ਗਈ ਸੀ ਅਤੇ ਲੋਕਾਂ ਨੇ ਉਸ ਨੂੰ ਘੇਰ ਲਿਆ ਸੀ ਤੇ ਉਸ ਨੂੰ ਮਸਾਂ ਬਚ ਕੇ ਉਥੋਂ ਖਿਸਕਣਾ ਪਿਆ ਸੀ। ਇਸ ਡਰ ਕਾਰਨ ਸਰਕਾਰ ਨੇ 30 ਦਸੰਬਰ ਨੂੰ ਕਾਹਲੀ ਨਾਲ ਸਵੇਰੇ ਸਾਜਰੇ 7.35 'ਤੇ ਉਸ ਦੇ ਸਸਕਾਰ ਦਾ ਕੰਮ ਨਬੇੜ ਦਿੱਤਾ।

ਬਲਾਤਕਾਰ ਦੀ ਇਹ ਖੌਫ਼ਨਾਕ ਘਟਨਾ 16 ਦਸੰਬਰ ਦੀ ਰਾਤ ਨੂੰ ਵਾਪਰੀ ਸੀ। ਇਸ ਮਨਹੂਸ ਰਾਤ ਨੂੰ ਲੜਕੀ ਨੇ ਆਪਣੇ ਦੋਸਤ ਲੜਕੇ ਨਾਲ ਫਿਲਮ ਦੇਖਣ ਤੋਂ ਬਾਅਦ 9.30 'ਤੇ ਦਵਾਰਕਾ ਜਾਣ ਲਈ ਇਕ ਬੱਸ ਫੜ ਲਈ। ਜਦੋਂ ਉਹ ਅਜੇ ਬੱਸ ਵਿੱਚ ਸਵਾਰ ਹੀ ਹੋਏ ਸਨ ਕਿ ਬੱਸ ਦੇ ਡਰਾਈਵਰ ਅਤੇ ਉਸ ਦੇ ਪੰਜ ਹੋਰ ਸਾਥੀਆਂ ਨੇ ਲੜਕੀ ਨਾਲ ਛੇੜਛਾੜ ਸ਼ੁਰੂ ਕਰ ਦਿੱਤੀ ਅਤੇ ਉਹ ਲੜਕੀ ਨੂੰ ਜਬਰੀ ਧੂਹਣ ਲੱਗੇ। ਜਦੋਂ ਲੜਕੇ ਅਤੇ ਲੜਕੀ ਨੇ ਉਨ੍ਹਾਂ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਤਾਂ ਉਨ੍ਹਾਂ ਛੇ ਦਰਿੰਦਿਆਂ ਨੇ ਉਨ੍ਹਾਂ ਨੂੰ ਬੇਰਹਿਮੀ ਨਾਲ ਕੁਟਣਾ ਸ਼ੁਰੂ ਕਰ ਦਿੱਤਾ, ਉਨ੍ਹਾਂ ਨੂੰ ਰਾਡਾਂ ਮਾਰ ਮਾਰ ਕੇ ਬੁਰੀ ਤਰ੍ਹਾਂ ਭੰਨਿਆ ਗਿਆ, ਲੜਕੀ ਦੇ ਸਿਰ ਵਿੱਚ ਸੱਟਾਂ ਮਾਰੀਆਂ ਗਈਆਂ, ਸਾਰੇ ਸਰੀਰ 'ਤੇ ਚੱਖ ਮਾਰੇ ਗਏ ਅਤੇ ਇਥੋਂ ਤੱਕ ਕਿ ਉਸ ਦੀਆਂ ਅੰਤੜੀਆਂ ਬਾਹਰ ਆ ਗਈਆਂ। ਬੇਹੋਸ਼ੀ ਦੀ ਹਾਲਤ 'ਚ ਲੜਕੇ-ਲੜਕੀ ਨੂੰ ਇਕ ਸੁੰਨਸਾਨ ਜਗ੍ਹਾ 'ਤੇ ਸੁੱਟ ਦਿੱਤਾ ਗਿਆ। ਬੇਹੋਸ਼ੀ ਦੀ ਹਾਲਤ 'ਚ ਪੁਲਸ ਨੇ ਉਨ੍ਹਾਂ ਨੂੰ ਸਫਰਜੰਗ ਹਸਪਤਾਲ 'ਚ ਦਾਖਲ ਕਰਵਾਇਆ। ਲੜਕੀ ਦੇ ਸਰੀਰ 'ਚ ਇਨਫੈਕਸ਼ਨ ਫੈਲਣ ਕਾਰਨ ਉਸ ਦੀ ਹਾਲਤ ਵਿਗੜਦੀ ਗਈ ਅਤੇ ਉਸ ਨੂੰ ਬਚਾਉਣ ਲਈ ਤਿੰਨ ਓਪਰੇਸ਼ਨ ਕਰਨੇ ਪਏ ਅਤੇ ਉਸ ਦੀਆਂ ਅੰਤੜੀਆਂ ਦਾ ਲਗਪਗ ਸਾਰਾ ਹਿੱਸਾ ਬਾਹਰ ਕੱਢਣਾ ਪਿਆ। ਲੜਕੀ ਦੀ ਹਾਲਤ ਦਿਨੋ ਦਿਨ ਨਾਜ਼ਕ ਬਣਦੀ ਜਾ ਰਹੀ ਸੀ ਅਤੇ ਉਹ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਹੀ ਸੀ। ਇਸ ਹਾਲਤ ਵਿੱਚ ਜਨਤਾ ਦੇ ਰੋਹ ਤੋਂ ਬਚਣ ਲਈ ਸਰਕਾਰ ਨੇ ਲੜਕੀ ਨੂੰ ਸਿੰਗਾਪੁਰ ਮਾਊਂਟ ਏਲਿਜ਼ਾਬੈਥ ਹਸਪਤਾਲ ਵਿੱਚ ਭੇਜਿਆ। ਸਰਕਾਰ ਇਹ ਕਹਿ ਰਹੀ ਹੈ ਕਿ ਲੜਕੀ ਨੂੰ ਡਾਕਟਰਾਂ ਦੀ ਸਲਾਹ 'ਤੇ ਹੀ ਸਿੰਗਾਪੁਰ ਭੇਜਿਆ ਗਿਆ ਹੈ ਪਰ ਡਾਕਟਰਾਂ ਦਾ ਕਹਿਣਾ ਹੈ ਕਿ ਸਿੰਗਾਪੁਰ ਭੇਜਣ ਦਾ ਫੈਸਲਾ ਸਰਕਾਰ ਨੇ ਕੀਤਾ ਹੈ। ਡਾਕਟਰਾਂ ਅਨੁਸਾਰ ਸਰਕਾਰ ਨੇ ਸਾਨੂੰ ਤਾਂ ਸਿਰਫ਼ ਇਹ ਪੁਛਿਆ ਸੀ ਕਿ ਕੀ ਲੜਕੀ ਸਿੰਗਾਪੁਰ ਤੱਕ ਪਹੁੰਚ ਸਕਦੀ ਹੈ ਕਿ ਨਹੀਂ। ਕਈ ਡਾਕਟਰਾਂ ਨੇ ਤਾਂ ਇਹ ਵੀ ਕਿਹਾ ਹੈ ਕਿ ਸਿੰਗਾਪੁਰ ਵਰਗੇ ਡਾਕਟਰ ਤਾਂ ਭਾਰਤ ਅੰਦਰ ਵੀ ਮੌਜੂਦ ਹਨ । ਅਸਲ 'ਚ ਸਰਕਾਰ ਦਾਮਿਨੀ ਨੂੰ ਦਿੱਲੀ 'ਤੋਂ ਸਿੰਗਪੁਰ ਭੇਜ ਕੇ ਆਪਣੇ ਗਲੋਂ ਸਿਆਪਾ ਲਾਹੁਣਾ ਚਾਹੁੰਦੀ ਸੀ ।

ਇਸ ਹੌਲਨਾਕ ਘਟਨਾ ਦੇ ਵਿਰੋਧ 'ਚ ਲੋਕਾਂ ਜਿਨ੍ਹਾਂ ਵਿੱਚ ਜ਼ਿਆਦਾ ਨੌਜਵਾਨ ਸਨ, ਨੇ ਕੜਕਦੀ ਠੰਢ ਦੀ ਪ੍ਰਵਾਹ ਨਾ ਕਰਦਿਆਂ ਦੇਸ਼ ਦੇ ਕੋਨੇ ਕੋਨੇ ਵਿੱਚ ਵਿਆਪਕ ਪ੍ਰਦਰਸ਼ਨ ਸ਼ੁਰੂ ਕਰ ਦਿੱਤੇ। ਲੋਕਾਂ ਨੇ ਸੋਨੀਆ ਗਾਂਧੀ, ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਗ੍ਰਹਿ ਮੰਤਰੀ ਸੁਸ਼ੀਲ ਸਿੰਦੇ, ਦਿੱਲੀ ਦੀ ਮੁੱਖ ਮੰਤਰੀ ਸੀਲਾ ਦੀਕਸ਼ਿਤ, ਰਾਸ਼ਟਰਪਤੀ ਆਦਿ ਵਿਰੁੱਧ ਗੁੱਸਾ ਕੱਢਿਆ। ਜਿਵੇਂ ਜਿਵੇਂ ਲੜਕੀ ਦੀ ਹਾਲਤ ਵਿਗੜਨ ਦੀਆਂ ਖ਼ਬਰਾਂ ਆਉਂਦੀਆਂ ਰਹੀਆਂ, ਤਿਵੇਂ ਤਿਵੇਂ ਲੋਕਾਂ ਅੰਦਰ ਰੋਹ ਹੋਰ ਵਿਆਪਕ ਹੁੰਦਾ ਰਿਹਾ। ਲੋਕਾਂ ਦੇ ਆਪਮੁਹਾਰੇ ਉਠੇ ਰੋਹ ਦੌਰਾਨ ਮੁਲਜ਼ਮਾਂ ਨੂੰ ਤੁਰੰਤ ਫਾਂਸੀ ਦੀ ਸਜ਼ਾ ਤੋ ਲੈ ਕੇ ਉਨ੍ਹਾਂ ਨੂੰ ਨਪੂੰਸਕ ਕਰਨ ਤੱਕ ਦੇ ਨਾਅਰੇ ਲੱਗਦੇ ਸੁਣੇ ਗਏ। ਕੇਂਦਰੀ ਸਰਕਾਰ ਵਲੋਂ ਬਲਾਤਕਾਰੀਆਂ ਲਈ ਫਾਸਟ ਟਰੈਕ ਕੋਰਟਾਂਬਣਾਉਣ, ਸਖ਼ਤ ਸਜ਼ਾਵਾਂ ਦੇਣ ਲਈ ਕਾਨੂੰਨ ਵਿੱਚ ਸੋਧਾਂ ਕਰਨ ਲਈ ਸਾਬਕਾ ਚੀਫ ਜਸਟਿਸ ਜੀ.ਐਸ. ਵਰਮਾ ਦੀ ਅਗਵਾਈ ਵਿੱਚ ਇਕ ਪੈਨਲ ਬਣਾਉਣ, ਬੱਸਾਂ ਦੇ ਸ਼ੀਸ਼ੇ ਪਾਰਦਰਸ਼ੀ ਰੱਖਣ, ਰਾਤ ਨੂੰ ਗੱਡੀਆਂ ਵਿੱਚ ਲਾਈਟਾਂ ਜਗਾਉਣ ਨੂੰ ਲਾਜ਼ਮੀ ਕਰਨ, ਪੁਲਸ ਦੇ ਪਹਿਰੇ ਦਾ ਸਖ਼ਤ ਕਰਨ, ਰਾਤ ਨੂੰ ਬੱਸਾਂ 'ਤੇ ਗਾਰਡ ਲਾਉਣ ਆਦਿ ਦੀਆਂ ਯਕੀਨਦਹਾਨੀਆਂ ਦੇਣ ਦੇ ਬਾਵਜੂਦ ਲੋਕਾਂ ਦਾ ਰੋਹ ਘਟਿਆ ਨਹੀਂ । ਕਿਓਂਕਿ ਲੋਕ ਅਜਿਹੀਆਂ ਯਕੀਨਦਹਾਨੀਆਂ ਪਹਿਲਾਂ ਹੀ ਬਹੁਤ ਵਾਰੀ ਸੁਣ ਚੁੱਕੇ ਹਨ ਪਰ ਇਸ ਦੇ ਬਾਵਜੂਦ ਔਰਤਾਂ ਨਾਲ ਬਲਾਤਕਾਰ, ਛੇੜਛਾੜ ਅਤੇ ਹਿੰਸਾ ਦੇ ਮਾਮਲੇ ਦਿਨੋ ਦਿਨ ਵਧਦੇ ਗਏ ਹਨ। ਕੌਮੀ ਜੁਰਮ ਰਿਕਾਰਡ ਬਿਓਰੋ ਮੁਤਾਬਿਕ ਦਿੱਲੀ ਵਿੱਚ 2010 ਵਿੱਚ 507, 2011 ਵਿੱਚ 572 ਅਤੇ 2012 ਵਿੱਚ 835 ਬਲਾਤਕਾਰ ਦੇ ਮਾਮਲੇ ਦਰਜ ਹੋਏ ਹਨ ਅਤੇ ਏਹੀ ਹਾਲ ਹੋਰ ਵੱਡੇ ਸ਼ਹਿਰਾਂ ਅਤੇ ਪਿੰਡਾ ਦਾ ਹੈ। ਪਿਛਲੇ ਪੰਜ ਸਾਲਾਂ ਵਿੱਚ ਭਾਰਤ ਅੰਦਰ 1,09,987 ਬਲਾਤਕਾਰ ਦੇ ਮਾਮਲੇ ਦਰਜ ਹੋਏ ਹਨ ਅਤੇ ਜਿਥੇ 1990 ਵਿੱਚ ਬਲਾਤਕਾਰ ਦੇ 10068 ਮਾਮਲੇ ਦਰਜ ਹੋਏ ਸਨ, ਉਥੇ 2010 ਵਿੱਚ ਇਸ ਦੀ ਸੰਖਿਆ ਵਧ ਕੇ 22172 ਹੋ ਚੁੱਕੀ ਹੈ ।ਅਸੀਂ ਜਾਣਦੇ ਹਾਂ ਕਿ ਕਿੰਨੇ ਹੀ ਮਾਮਲੇ ਅਜਿਹੇ ਹੁੰਦੇ ਹਨ ਜਿਹੜੇ ਔਰਤਾਂ ਅਤੇ ਉਨ੍ਹਾਂ ਦੇ ਮਾਪਿਆਂ ਵੱਲੋਂ ਬੇਇੱਜਤੀ ਹੋਣ ਪੱਖੋਂ ਲੁਕੋ ਕੇ ਰੱਖੇ ਜਾਂਦੇ ਹਨ। ਇਸ ਕਰਕੇ ਬਲਾਤਕਾਰ ਦੀਆਂ ਦਿਨੋ ਦਿਨ ਵਧ ਰਹੀਆਂ ਘਟਨਾਵਾਂ ਕਾਰਨ ਸਰਕਾਰ ਵਲੋ ਇਨਸਾਫ਼ ਲਈ ਕੀਤੀਆਂ ਜਾ ਰਹੀਆਂ ਗੱਲਾਂ ਲੋਕਾਂ ਨੂੰ ਫੋਕੀਆਂ ਲਗਦੀਆਂ ਹਨ। ਇਥੋਂ ਤੱਕ ਕਿ ਸੁਸ਼ੀਲ ਕੁਮਾਰ ਸਿੰਦੇ ਅਤੇ ਪ੍ਰਧਾਨ ਮੰਤਰੀ ਵੱਲੋਂ ਇਹ ਕਹਿਣਾ ਕਿ ਉਨ੍ਹਾਂ ਦੀਆਂ ਵੀ ਤਿੰਨ ਤਿੰਨ ਲੜਕੀਆਂ ਹਨ ਅਤੇ ਉਹ ਲੜਕੀਆਂ ਦੀ ਵੇਦਨਾ ਸਮਝਦੇ ਹਨ, ਵੀ ਰਾਸ ਨਹੀਂ ਆਉਂਦਾ ਕਿਓਂਕਿ ਉਹ ਜਾਣਦੇ ਹਨ ਕਿ ਉਨ੍ਹਾਂ ਦੀਆਂ ਲੜਕੀਆਂ ਨੂੰ ਤਾਂ ਉਤਮ ਦਰਜੇ ਦੀ ਸੁਰੱਖਿਆ ਪ੍ਰਦਾਨ ਹੋਈ ਵੀ ਹੈ, ਜਦੋਂ ਪੀੜਤ ਤਾਂ ਆਮ ਔਰਤਾਂ ਹਨ।

ਲੋਕਾਂ ਵਿੱਚ ਪ੍ਰਤੀਰੋਧ ਇਸ ਕਰਕੇ ਵੀ ਵਧਦਾ ਰਿਹਾ ਹੈ ਕਿਓਂਕਿ ਇਕ ਪਾਸੇ ਦੇਸ਼ ਦੇ ਆਗੂ ਵਿਸ਼ਵਾਸ ਦਿਵਾ ਰਹੇ ਸਨ ਕਿ ਮੁਲਜ਼ਮਾਂ ਨੂੰ ਸਜ਼ਾਵਾਂ ਦਿਵਾਉਣ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਦੂਜੇ ਪਾਸੇ ਉਨ੍ਹਾਂ ਦੇ ਰੋਸ ਪ੍ਰਦਰਸ਼ਨਾਂ ਨੂੰ ਰੋਕਣ ਲਈ ਦਫ਼ਾ 144 ਲਾਈ ਜਾ ਰਹੀ ਹੈ, ਮੈਟਰੋ ਟਰੇਨਾਂ ਬੰਦ ਕੀਤੀਆਂ ਜਾ ਰਹੀਆਂ ਹਨ, ਬੈਰੀਕੇਡ ਲਾਏ ਜਾ ਰਹੇ ਹਨ, ਉਨ੍ਹਾਂ ਉਪਰ ਅੱਥਰੂ ਗੈਸ ਦੇ ਗੋਲੇ, ਲਾਠੀਚਾਰਜ ਅਤੇ ਤੋਪਾਂ ਨਾਲ ਠੰਢਾ ਪਾਣੀ ਵਰ੍ਹਾਇਆ ਜਾ ਰਿਹਾ ਸੀ। ਲੋਕ ਕਹਿ ਰਹੇ ਹਨ ਕਿ ਰੋਸ ਪ੍ਰਦਰਸ਼ਨ ਕਰਨਾ ਉਨ੍ਹਾਂ ਦਾ ਜਮਹੂਰੀ ਹੱਕ ਹੈ । ਰੋਸ ਪ੍ਰਦਰਸ਼ਨਾਂ ਨੂੰ ਨਾ ਥੰਮਦੇ ਦੇਖ ਕੇ ਸਰਕਾਰ ਨੇ ਬਹਾਨਾ ਬਣਾ ਕੇ ਦੋਸ਼ ਲਗਾਏ ਹਨ ਕਿ ਰੋਹ ਪ੍ਰਦਰਸ਼ਨਾਂ ਵਿੱਚ ਗੈਰ-ਸਮਾਜੀ ਤੱਤ ਸ਼ਾਮਿਲ ਹੋ ਗਏ ਹਨ ਅਤੇ ਉਹ ਭੰਨ-ਤੋੜ ਤੇ ਹੁੱਲੜਬਾਜ਼ੀ ਦੀਆਂ ਕਾਰਵਾਈਆਂ ਕਰ ਰਹੇ ਹਨ ਆਦਿ। ਸਰਕਾਰ ਨੇ ਇਸ ਅੰਦੋਲਨ ਵਿੱਚ ਸ਼ਾਮਲ ਨੌਜਵਾਨਾਂ ਅਤੇ ਇਸ ਦੀ ਹਮਾਇਤ ਕਰ ਰਹੀਆਂ ਕੁਝ ਹਸਤੀਆਂ ਉਪਰ ਵੀ ਤਰ੍ਹਾਂ ਤਰ੍ਹਾਂ ਦੇ ਬਹਾਨੇ ਬਣਾ ਕੇ ਕੇਸ ਮੜ੍ਹੇ ਹਨ। ਅਜਿਹੇ ਹਥ ਕੰਡੇ ਵਰਤ ਕੇ ਸਰਕਾਰ ਇਸ ਆਪ-ਮੁਹਾਰੇ ਉਠੇ ਰੋਹ ਦੀ ਫੂਕ ਕੱਢਣ ਦੀ ਕੋਸ਼ਿਸ਼ ਕਰਦੀ ਰਹੀ ਹੈ।

ਦਾਮਿਨੀ ਦੀ ਮੌਤ ਅਤੇ ਬਲਾਤਕਾਰ ਦੀ ਘਟਨਾ 'ਤੇ ਹੋਏ ਪ੍ਰਤੀਰੋਧ ਨਾਲ ਦੇਸ਼ ਅੰਦਰ ਔਰਤਾਂ 'ਤੇ ਜਬਰ ਵਿੱਚ ਕਮੀ ਨਹੀਂ ਆਈ, ਸਗੋਂ ਔਰਤਾਂ ਨਾਲ ਜਬਰਜਨਾਹ, ਛੇੜਛਾੜ ਅਤੇ ਉਨ੍ਹਾਂ 'ਤੇ ਹਿੰਸਾ ਦੀਆਂ ਘਟਨਾਵਾਂ ਦੇਸ਼ ਵਿੱਚ ਲਗਾਤਰ ਜਾਰੀ ਹਨ। ਕਿਤੇ ਲੜਕੀਆਂ ਨਾਲ ਸਮੂਹਿਕ ਬਲਾਤਕਾਰ ਹੋ ਰਹੇ ਹਨ, ਕਿਤੇ ਬਾਪ ਆਪਣੀ ਨਾਬਾਲਗ ਲੜਕੀ ਨਾਲ ਬਲਾਤਕਾਰ ਕਰ ਰਿਹਾ ਹੈ, ਕਿਤੇ ਤਿੰਨ ਤਿੰਨ ਸਾਲ ਦੀਆਂ ਲੜਕੀਆਂ ਨਾਲ ਬਲਾਤਕਾਰ ਹੋ ਰਹੇ ਹਨ, ਕਿਤੇ ਲੜਕੀਆਂ ਦੇ ਚਿਹਰਿਆਂ 'ਤੇ ਤੇਜ਼ਾਬ ਸੁੱਟਿਆ ਜਾ ਰਿਹਾ ਹੈ, ਕਿਤੇ ਵਿਆਹੁਤਾ ਲੜਕੀ ਨਾਲ ਉਸ ਦੇ ਪਤੀ ਦੇ ਸਾਹਮਣੇ ਹੀ ਛੇੜਛਾੜ ਦਾ ਸਿਲਸਿਲਾ ਜਾਰੀ ਹੈ । ਲੋਕ ਇਹ ਸਭ ਕੁਝ ਰੋਜ ਦੇਖ ਸੁਣ ਕੇ ਅੱਕੇ ਪਏ ਹਨ ।ਲੋਕਾਂ ਸਾਹਮਣੇ ਸੁਆਲ ਹਨ ਕਿ ਦਿਨੋ ਦਿਨ ਬਲਾਤਕਾਰ, ਛੇੜਛਾੜ ਅਤੇ ਔਰਤਾਂ 'ਤੇ ਹਿੰਸਾ ਕਿਓਂ ਵਧ ਰਹੀ ਹੈ ? ਦਾਜ ਦਾ ਲੋਭ ਕਿਓਂ ਵਧ ਰਿਹਾ ਹੈ ? ਕਿਓਂ ਬੱਚੀਆਂ ਨੂੰ ਔਰਤ ਦੀ ਕੁੱਖ ਅੰਦਰ ਹੀ ਮਾਰ ਦਿੱਤਾ ਜਾਂਦਾ ਹੈ ? ਭਾਰਤੀ ਰਾਜ ਪ੍ਰਬੰਧ ਵਿੱਚ ਭ੍ਰਿਸ਼ਟਾਚਾਰ ਕਿਓਂ ਵਧ ਰਿਹਾ ਹੈ ? ਸਮੁੱਚੇ ਸਮਾਜ ਵਿੱਚ ਗਿਰਾਵਟ ਕਿਓਂ ਵਧ ਰਹੀ ਹੈ ਆਦਿ ? ਇਹ ਹਨ ਸੁਆਲ ਜਿੰਨਾਂ ਦਾ ਦੇਸ਼ ਦੇ ਲੋਕਾਂ ਨੂੰ ਕੋਈ ਜੁਆਬ ਨਹੀਂ ਲਭ ਰਿਹਾ । ਇਨ੍ਹਾਂ ਸੁਆਲਾਂ ਦਾ ਜੁਆਬ ਸਿਰਫ ਇਸ ਗੱਲ ਵਿੱਚ ਹੈ ਕਿ ਇਹ ਮੌਜੂਦਾ ਪੂੰਜੀਵਾਦੀ ਰਾਜ-ਪ੍ਰਬੰਧ ਹੀ ਹੈ ਜੋ ਇਨ੍ਹਾਂ ਸ਼ਬ ਬੁਰੀਆਂ ਅਲਾਮਤਾਂ ਨੂੰ ਪੈਦਾ ਕਰ ਰਿਹਾ ਹੈ । ਇਹ ਇਕ ਪ੍ਰਵਾਨਤ ਸਚਾਈ ਹੈ ਕਿ ਮਨੁੱਖ ਦੀ ਸੋਚ ਉਸ ਦੇ ਆਲੇ ਦੀਆਂ ਪਦਾਰਥਕ ਹਾਲਤਾਂ ਵਿੱਚੋਂ ਪੈਦਾ ਹੁੰਦੀ ਹੈ । ਮੌਜੂਦਾ ਪੂੰਜੀਵਾਦੀ ਪ੍ਰਬੰਧ ਦੀਆਂ ਪਦਾਰਥਕ ਹਾਲਤਾਂ ਮਨੁੱਖ ਨੂੰ ਮਾਨਵਤਾ ਦੀ ਭਲਾਈ ਵਾਲੇ ਮਨੁੱਖ ਦੇ ਤੌਰ 'ਤੇ ਪੈਦਾ ਕਰਨ ਦੀ ਬਜਾਏ ਮੁਨਾਫ਼ੇਖੋਰ ਅਤੇ ਖੁਦਗਰਜੀ ਵਾਲੇ ਮਨੁੱਖ ਦੇ ਤੌਰ 'ਤੇ ਪੈਦਾ ਕਰ ਰਹੀਆਂ ਹਨ। ਦੇਸ਼ ਵਿੱਚ ਗਰੀਬੀ ਅਮੀਰੀ ਦਾ ਪਾੜਾ ਵਧਣ ਕਾਰਨ ਇਕ ਪਾਸੇ ਗਰੀਬੀ ਵਧ ਰਹੀ ਹੈ ਅਤੇ ਦੂਜੇ ਪਾਸੇ ਅਮੀਰੀ ਵਧ ਰਹੀ ਹੈ ।ਦਿੱਲੀ ਅਤੇ ਮੰਬਈ ਵਰਗੇ ਵੱਡੇ ਵੱਡੇ ਸ਼ਹਿਰਾਂ ਵਿੱਚ ਅੱਧੀ ਵਸੋਂ ਝੁਗੀਆਂ-ਝੋਂਪੜੀਆਂ ਵਿੱਚ ਗੁਜਾਰਾ ਕਰਨ ਲਈ ਮਜਬੂਰ ਹੈ ਅਤੇ ਇਨ੍ਹਾਂ ਝੁਗੀਆਂ-ਝੌਂਪੜੀਆਂ ਵਿੱਚ ਰਹਿਣ ਵਾਲੇ ਵਿਅਕਤੀਆਂ ਦੀ ਸੋਚ ਵੀ ਲੰਪਨ ਸਭਿਆਚਾਰ ਨੂੰ ਪੈਦਾ ਕਰਦੀ ਹੈ । ਪਰ ਕੇਵਲ ਝੁਗੀ-ਝੌਂਪੜੀ ਸਭਿਆਚਾਰ ਦੀ ਨਹੀਂ ਹੈ ਸਗੋਂ ਪਿਛਾਖੜੀ ਸਾਮਰਾਜੀ-ਪੂੰਜੀਵਾਦੀ ਲੱਚਰ ਸਭਿਆਚਾਰ ਵੀ ਲੋਕਾਂ ਦੀ ਮਾਨਸਿਕਤਾ ਵਿੱਚ ਵਿਅਕਤੀਵਾਦ, ਖੁਦਗਰਜੀ ਅਤੇ ਲੱਚਰਤਾ ਭਰ ਰਿਹਾ ਹੈ ਅਤੇ ਇਹ ਲੱਚਤਰਤਾ ਹੀ ਹੈ ਜੋ ਨੌਜੁਆਨ ਲੜਕੇ-ਲੜਕੀਆਂ ਵਿੱਚ ਕਾਮ ਉਕਸਾਊ ਕਾਰਕ ਦਾ ਕੰਮ ਕਰਦੀ ਹੈ । ਦਿੱਲੀ ਦੇ ਮੌਜੂਦਾ ਆਪ ਮੁਹਾਰੇ ਪ੍ਰਦਰਸ਼ਨ ਭਾਵੇਂ ਲੋਕਾਂ ਅਤੇ ਨੌਜੁਆਨਾਂ ਦੇ ਆਮ ਗੁੱਸੇ ਦੀ ਤਰਜਮਾਨੀ ਕਰਦੇ ਹਨ ਪਰ ਇਸ ਰੋਹ ਦਾ ਨਿਸ਼ਾਨਾ ਮੌਜੂਦਾ ਰਾਜ ਪ੍ਰਬੰਧ ਨਹੀਂ ਬਣ ਰਿਹਾ । ਇਨ੍ਹਾਂ ਰੋਹ ਪ੍ਰਦਰਸ਼ਨਾਂ ਵਿੱਚ ਸ਼ਾਮਿਲ ਲੋਕਾਂ ਦੀਆਂ ਮੰਗਾਂ ਮੁੱਦੇ ਇਸ ਮੌਜੂਦਾ ਨੂੰ ਪ੍ਰਬੰਧ ਨੂੰ ਬਦਲਣ ਵਾਲੇ ਨਹੀਂ ਹਨ ਸਗੋਂ ਇਹ ਇਸ ਦੇ ਇਜਹਾਰਾਂ 'ਤੇ ਕੇਂਦਰਤ ਹਨ। ਇਸ ਪ੍ਰਤੀਰੋਧ ਵਿੱਚ ਮਲਜ਼ਮਾਂ ਨੂੰ ਫਾਂਸੀ ਲਾਉਣ ਦੀ ਆਮ-ਮੁਹਾਰੇ ਉਠੀ ਮੰਗ ਦੇ ਦੂਰਗਾਮੀ ਸਿੱਟੇ ਨਿਕਲ ਸਕਦੇ ਹਨ ਅਤੇ ਇਸ ਬਹਾਨੇ ਬਲਾਤਕਾਰੀਆਂ ਨੂੰ ਫਾਸੀ ਲਾਉਣ ਦਾ ਬਣਿਆ ਕਾਨੂੰਨ ਵੱਡੇ ਮਗਰਮੱਛਾਂ ਦੀ ਥਾਂ ਛੋਟੇ ਛੋਟੇ ਜੁਰਮ ਕਰਨ ਵਾਲਿਆਂ ਨੂੰ ਵੱਡੀਆਂ ਸਜ਼ਾਵਾਂ ਦਾ ਰਾਹ ਖੋਲ੍ਹ ਸਕਦਾ ਹੈ । ਇਕ ਹੋਰ ਗੱਲ ਇਹ ਕਿ ਇਸ ਹੌਲਨਾਕ ਘਟਨਾ 'ਤੇ ਜਿਨ੍ਹਾਂ ਵਿਆਪਕ ਰੋਹ ਪੈਦਾ ਹੋਇਆ ਹੈ, ਇਹ ਤਾਂ ਚੰਗੀ ਗੱਲ ਹੈ ਪਰ ਇਸ ਤੋਂ ਵੀ ਵੱਡੇ ਘਿਨਾਉਣੇ ਕਾਰੇ ਜੋ ਭਾਰਤੀ ਫੌਜ ਅਤੇ ਪੁਲਸ ਛਤੀਸ਼ਗੜ੍ਹ, ਜੰਮੂ-ਕਸ਼ਮੀਰ ਅਤੇ ਭਾਰਤ ਦੇ ਉੱਤਰੀ-ਪੂਰਬੀ ਇਲਾਕਿਆਂ ਦੀਆਂ ਔਰਤਾਂ ਨਾਲ ਕਰ ਰਹੀ ਹੈ, ਉਸ ਬਾਰੇ ਲੋਕਾਂ ਨੂੰ ਅਵਾਜ ਬੁਲੰਦ ਕਰਨੀ ਚਾਹੀਦੀ ਹੈ।

ਦਿੱਲੀ ਦੀ ਇਸ ਲੜਕੀ ਨਾਲ ਹੋਏ ਇਸ ਘਿਨਾਉਣੇ ਕਾਰੇ ਦੀ ਜਿੰਨੀ ਵੀ ਨਿੰਦਾ ਹੋਵੇ ਥੋੜੀ ਹੈ। ਇਸ ਲੜਕੀ ਨੂੰ ਇਨਸਾਫ਼ ਦਿਵਾਉਣ ਦੇ ਰੋਹ ਹਮਾਇਤ ਕਰਨੀ ਚਾਹੀਦੀ ਹੈ। ਪਰ ਜਿਨ੍ਹਾਂ ਚਿਰ ਇਸ ਕਿਸਮ ਦੀਆਂ ਹੌਲਨਾਕ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ ਦਰਿੰਦਿਆਂ ਨੂੰ ਪੈਦਾ ਕਰਨ ਵਾਲੀਆਂ ਸਿਆਸੀ, ਸਮਾਜਿਕ ਅਤੇ ਆਰਥਿਕ ਹਾਲਤਾਂ ਨਹੀਂ ਬਦਲੀਆਂ ਜਾਂਦੀਆਂ, ਉਨ੍ਹਾਂ ਚਿਰ ਇਨ੍ਹਾਂ ਘਟਨਾਵਾਂ ਨੂੰ ਨਹੀਂ ਰੋਕਿਆ ਜਾ ਸਕਦਾ। ਇਸ ਕਰਕੇ ਲੋੜ ਇਨ੍ਹਾਂ ਨੂੰ ਤਬਦੀਲ ਕਰਨ ਦੀ ਹੈ ।

# ਸਾਡੇ ਸਮਿਆਂ ਦਾ ਸਭ ਤੋਂ ਗੈਰ ਮਾਨਵੀ ਵਰਤਾਰਾ





ਬਰਿੰਦਰ ਕੌਰ

**ਜਿਸ ਕਿਸਮ ਨਾਲ ਨਵੇਂ ਮਸਲੇ ਖੜ੍ਹੇ ਹੋ ਰਹੇ ਹਨ ਉਨ੍ਹਾਂ ਲਈ ਨਵੀਂ ਪੀੜ੍ਹੀ ਜਿਸ ਕਿਸਮ ਨਾਲ ਲੇਖਣੀ ਦਰਜ ਕਰ ਰਹੀ ਹੈ ਇਸ ਕਿਸਮ ਦੀ ਲੇਖਣੀ ਅਜੋਕੇ ਗੈਰ ਮਾਨਵੀ ਵਰਤਾਰੇ ਨੂੰ ਘਟਾਉਣ ਜਾਂ ਖਤਮ ਕਰਨ ਵਿਚ ਆਪਣਾ ਯੋਗਦਾਨ ਪਾ ਸਕਦੀ ਹੈ ਇਸ ਕਿਸਮ ਦੀ ਲੇਖਣੀ ਦੀ ਇਕ ਕਲਮ ਬਰਿੰਦਰ ਕੌਰ ਹੈ।**

ਪਿਛਲੇ ਦਿਨੀਂ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਪੈਰਾਮੈਡੀਕਲ ਦੀ 23 ਸਾਲਾ ਵਿਦਿਆਰਥਣ ਨਾਲ ਛੇ ਦਰਿੰਦਿਆਂ ਵੱਲੋਂ ਚਲਦੀ ਬੱਸ ਵਿਚ ਵਹਿਸ਼ੀ ਢੰਗ ਨਾਲ ਸਮੂਹਿਕ ਬਲਾਤਕਾਰ ਕਰਨ ਉਪਰੰਤ ਉਸਦੀ ਬੜੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ। ਇਨ੍ਹਾਂ ਦਰਿੰਦਿਆਂ ਨੇ ਉਸ ਵਿਦਿਆਰਥਣ ਦੇ ਜਨਣ ਅੰਗ ਵਿਚ ਲੋਹੇ ਦਾ ਸਰੀਆ ਪਾ ਕੇ ਉਸਦੀਆਂ ਅੰਤੜੀਆਂ ਤੱਕ ਬਾਹਰ ਕੱਢ ਦਿੱਤੀਆਂ। ਇਸ ਵਹਿਸ਼ੀ ਕਾਰੇ ਤੋਂ ਬਾਅਦ ਉਸਨੂੰ ਨੰਗਿਆਂ ਚਲਦੀ ਬੱਸ ’ਚੋਂ ਫਲਾਈਓਵਰ ਤੋਂ ਥੱਲੇ ਸੁੱਟ ਦਿੱਤਾ। ਉਸਦੇ ਸਾਥੀ ਨੂੰ ਬੁਰੀ ਤਰ੍ਹਾਂ ਕੁਟਮਾਰ ਕੇ ਅੱਧਮੋਇਆ ਕਰ ਦਿੱਤਾ ਤੇ ਉਸਨੂੰ ਵੀ ਚਲਦੀ ਬੱਸ ਵਿਚੋਂ ਬਾਹਰ ਸੁੱਟ ਦਿੱਤਾ ਗਿਆ। ਉਹ ਦੋਵੇਂ 45 ਮਿੰਟ ਤੱਕ ਕੜਾਕੇ ਦੀ ਠੰਢ ਵਿਚ ਬੇਹੋਸ਼ੀ ਦੀ ਹਾਲਤ ਵਿਚ ਸੜਕ ਤੇ ਪਏ ਰਹੇ, ਪਰ ਰਾਜਧਾਨੀ ਦੀ ਤੇਜ਼ ਰਫਤਾਰ ਜ਼ਿੰਦਗੀ ਜਿਊਣ ਵਾਲੇ ਕਿਸੇ ਵੀ ਇਨਸਾਨ ਨੇ ਉਨ੍ਹਾਂ ਦੀ ਸਾਰ ਨਹੀਂ ਲਈ। ਇੱਕ ਕਰੋੜ ਸੱਤਰ ਲੱਖ ਦੀ ਅਬਾਦੀ ਵਾਲੇ ਦਿੱਲੀ ਮਹਾਂਨਗਰ ਵਿਚ ਸਰਕਾਰ ਵੱਲੋਂ ਤਾਇਨਾਤ 83,662 ਪੁਲਿਸ ਕਰਮਚਾਰੀਆਂ ਤੇ ਦਿੱਲੀ ਵਿਚ ਗਸ਼ਤ ਕਰਨ ਲਈ ਮੌਜੂਦ 615 ਪੀ.ਸੀ.ਆਰ. ਵੈਨਾਂ ’ਚੋਂ ਕੋਈ ਵੀ ਨਹੀਂ ਬਹੁੜਿਆ। ਕਿਉਂਕਿ ਇਨ੍ਹਾਂ ਪੁਲਿਸ ਕਰਮਚਾਰੀਆਂ ਵਿਚੋਂ 7315 ਪੁਲਿਸ ਕਰਮੀ 416 ਨੇਤਾਵਾਂ ਤੇ ਵੀ.ਆਈ.ਪੀਜ਼.ਦੀ ਸੁਰੱਖਿਆ ਲਈ ਤਾਇਨਾਤ ਸਨ। 10,000 ਪੁਲਿਸ ਕਰਮਚਾਰੀ ਹੋਰ ਗੈਰ-ਜ਼ਰੂਰੀ ਕੰਮਾਂ ਵਿਚ ਲਗਾਏ ਹੋਏ ਸਨ। 8500 ਪੁਲਿਸ ਕਰਮਚਾਰੀ ਭਾਰਤ ਆਉਣ ਵਾਲੇ ਵਿਦੇਸ਼ੀ ਨੇਤਾਵਾਂ ਦੀ ਸੁਰੱਖਿਆ ਨੂੰ ਯਕੀਨੀ ਬਨਾਉਣ ਵਿਚ ਮਸ਼ਰੂਫ ਸਨ ਅਤੇ 968 ਪੁਲਿਸ ਕਰਮਚਾਰੀਆਂ ਨੂੰ ਰਾਸ਼ਟਰਪਤੀ ਭਵਨ ਦਾ ਫਿਕਰ ਲੱਗਿਆ ਹੋਇਆ ਸੀ। ਇਹਨਾਂ ਰੁਝੇਵਿਆਂ ’ਚੋਂ ਭਲਾਂ ਉਸ ਵਿਦਿਆਰਥਣ ਦੀ ਸਾਰ ਕਿਵੇਂ ਲਈ ਜਾ ਸਕਦੀ ਸੀ ?

‘ਦੇਸ਼ ਦੀ ਸੁਰੱਖਿਆ’ ਕਰ ਰਹੇ ਦੇਸ਼ ਦੇ ਹਾਕਮਾਂ ਦੀ ਸੁਰੱਖਿਆ ਲਈ ਤਾਇਨਾਤ ਪੁਲਿਸ ਕਰਮਚਾਰੀਆਂ ਨੇ ਜਦ ਪੀੜਤ ਲੜਕੀ ਨੂੰ ਹਸਪਤਾਲ ਪਹੁੰਚਾਇਆ ਤਾਂ ਉਹ ਬੁਰੀ ਤਰ੍ਹਾਂ ਖ਼ੂਨ ਨਾਲ ਲੱਥਪਥ ਜ਼ਿੰਦਗੀ ਤੇ ਮੌਤ ਦੇ ਵਿਚਾਲੇ ਲਟਕ ਰਹੀ ਸੀ। ਉਸਦੀ ਦਰਦਨਾਕ ਹਾਲਤ ਦਾ ਅੰਦਾਜ਼ਾ ਇਸ ਗੱਲ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਜਦ ਉਸਦੇ ਡਾਕਟਰ ਨੇ ਕਿਹਾ ਕਿ ਉਸਨੇ ਆਪਣੇ ਡਾਕਟਰੀ ਜੀਵਨ ਕਾਲ ਦੌਰਾਨ ਅਜਿਹੀ ਖੌਫਨਾਕ ਹਾਲਤ ਵਾਲਾ ਮਰੀਜ਼ ਕਦੇ ਨਹੀਂ ਦੇਖਿਆ। ਦਿੱਲੀ ਦੇ ਸਫਦਰਗੰਜ ਹਸਪਤਾਲ ’ਚ ਦਾਖਲ ਕਰਵਾਉਣ ਸਮੇਂ ਲੜਕੀ ਪੂਰੀ ਤਰ੍ਹਾਂ ਬੇਹੋਸ਼ ਸੀ ਤੇ ਉਸਦੀਆਂ ਅੰਤੜੀਆਂ ਉਸਦੇ ਜਨਣ ਅੰਗਾਂ ਰਾਹੀਂ ਬਾਹਰ ਆਈਆਂ ਹੋਈਆਂ ਸਨ। ਇਨਫੈਕਸ਼ਨ ਲਗਾਤਾਰ ਵੱਧ ਰਹੀ ਸੀ ਤੇ ਪਲੇਟਲੈਟਸ ਬੇਹੱਦ ਤੇਜ਼ੀ ਨਾਲ ਘੱਟ ਰਹੇ ਸਨ। ਲੜਕੀ ਦੀ ਲਗਾਤਾਰ ਨਿਘਰਦੀ ਹਾਲਤ ਉਸਨੂੰ ਮੌਤ ਦੇ ਹੋਰ ਨਜ਼ਦੀਕ ਲਿਜਾ ਰਹੀ ਸੀ। ਅਜਿਹੀ ਹਾਲਤ ਵਿਚ ਡਾਕਟਰਾਂ ਨੂੰ ਉਸਦੇ ਪੇਟ ਵਿਚਲੀਆਂ ਛੋਟੀਆਂ-ਵੱਡੀਆਂ ਸਾਰੀਆਂ ਅੰਤੜੀਆਂ ਨੂੰ ਕੱਟਣਾ ਪਿਆ, ਜਿਸਦੇ ਸਿੱਟੇ ਵਜੋਂ ਲੜਕੀ ਉਮਰ ਭਰ ਲਈ ਖਾਣਾ ਖਾਣ ਤੋਂ ਪੂਰੀ ਤਰ੍ਹਾਂ ਆਹਰੀ ਹੋ ਚੁੱਕੀ ਹੈ।

ਇਸ ਘਟਨਾ ਦੇ ਜੰਗਲ ਦੀ ਅੱਗ ਵਾਂਗ ਪੂਰੇ ਦੇਸ਼ ਵਿਚ ਫੈਲ ਜਾਣ ਤੇ ਹਰ ਸੰਵੇਦਨਸ਼ੀਲ ਇਨਸਾਨ ਪੂਰੀ ਤਰ੍ਹਾਂ ਝੰਜੋੜਿਆ ਗਿਆ। ਰੋਹ ਵਿਚ ਆਏ ਦਿੱਲੀ ਦੇ ਨੌਜਵਾਨ-ਵਿਦਿਆਰਥੀ ਇਕੋ ਸੱਦੇ ਤੇ ਦਿੱਲੀ ਦੀਆਂ ਸੜਕਾਂ ਤੇ ਨਿਕਲ ਆਏ। ਦਿੱਲੀ ਦੀਆਂ ਸੜਕਾਂ ਤੇ ਉਮੜੇ ਵਿਸ਼ਾਲ ਸੈਲਾਬ ਦੇ ਹੱਥਾਂ ਵਿਚ ਦੋਸ਼ੀਆਂ ਨੂੰ ਸਖਤ ਸਜਾਵਾਂ ਦੇਣ ਅਤੇ ਸਰਕਾਰ ਦੇ ਗੈਰ-ਜਿੰਮੇਵਾਰਨਾ ਲੋਕ ਵਿਰੋਧੀ ਵਿਵਹਾਰ ਵਿਰੁੱਧ ਗੁੱਸਾ ਉਬਲ-ਉਬਲ ਪੈ ਰਿਹਾ ਸੀ। ਪ੍ਰਦਰਸ਼ਨਕਾਰੀਆਂ ਨੇ ਸਭਨਾ ਅਖੌਤੀ ਕਨੂੰਨੀ ਬੰਧਸ਼ਾਂ ਨੂੰ ਤੋੜਦਿਆਂ ਰਾਸ਼ਟਰਪਤੀ ਭਵਨ ਵੱਲ ਕੂਚ ਕੀਤਾ। ਲੋਕਾਂ ਦੇ ਇਸ ਵਿਰੋਧ ਪ੍ਰਦਰਸ਼ਨ ਦੀ ਪਿੱਠਭੂਮੀ ਪਹਿਲਾਂ ਹੀ ਤਿਆਰ ਹੋ ਚੁੱਕੀ ਸੀ। 2011 ਦੇ ਅੰਕੜੇ ਦਰਸਾਉਂਦੇ ਨੇ ਕਿ ਦਿੱਲੀ ਪੁਲਿਸ ਕੋਲ ਬਲਾਤਕਾਰ ਦੇ 635 ਕੇਸ ਪਹਿਲਾਂ ਹੀ ਦਰਜ ਹੋ ਚੁੱਕੇ ਸਨ। ਜਿਨ੍ਹਾਂ ਉੱਤੇ ਕੋਈ ਵਾਜਬ ਅਮਲਦਾਰੀ ਨਹੀਂ ਹੋਈ। ਦਿੱਲੀ ਦੇ ਇਸ ਘਟਨਾਕ੍ਰਮ ਤੋਂ ਤੁਰੰਤ ਬਾਅਦ ਜੰਮੂ ਦੇ ਪਿੰਡ ਰੰਜਨ ਵਿਚ ਦੋ ਲੜਕਿਆਂ ਵੱਲੋਂ ਬੱਸ ਵਿਚ ਨਬਾਲਗ ਲੜਕੀ ਨਾਲ ਬਲਾਤਕਾਰ ਕਰਨ ਦੀ ਇਕ ਹੋਰ ਘਟਨਾ ਸਾਹਮਣੇ ਆਈ। ਇਸੇ ਤਰ੍ਹਾਂ 21 ਦਸੰਬਰ ਨੂੰ ਅਫਰੀਕੀ ਮੂਲ ਦੀ ਲੜਕੀ, ਸਾਊਥ ਦਿੱਲੀ ਵਿਚ 16 ਸਾਲਾ ਲੜਕੀ, ਸਾਗਰਪੁਰ ਥਾਣੇ ਦੇ ਇਲਾਕੇ ’ਚ ਪੈਂਦੇ ਇਕ ਸਕੂਲ ਦੀ ਸਾਢੇ ਤਿੰਨ ਸਾਲਾ ਬੱਚੀ, ਸਰੋਜਨੀ ਨਗਰ ਦੀ 16 ਸਾਲਾ ਲੜਕੀ ਅਤੇ ਇਕ 34 ਸਾਲਾ ਔਰਤ ਨੂੰ ਸਮੂਹਕ ਬਲਾਤਕਾਰ ਦਾ ਸ਼ਿਕਾਰ ਬਨਾਉਣ ਦੀਆਂ ਘਟਨਾਵਾਂ ਸਾਹਮਣੇ ਆਈਆਂ। ਦਾਮਿਨੀ ਬਲਾਤਕਾਰ ਕਾਂਡ ਤੋਂ ਬਾਅਦ ਵਾਪਰੀਆਂ ਇਹ ਘਟਨਾਵਾਂ ਹਕੂਮਤ ਲਈ ਸ਼ਰਮਨਾਕ ਵੀ ਹਨ ਤੇ ਇਸਨੇ ਲੋਕ ਰੋਹ ਸਬੰਧੀ ਬਲਦੀ ਉੱਤੇ ਤੇਲ ਪਾਉਣ ਦਾ ਕੰਮ ਵੀ ਕੀਤਾ ਹੈ।

ਦਿੱਲੀ ਵਿਚ ਵਾਪਰੀ ਬਲਾਤਕਾਰ ਦੀ ਇਹ ਘਟਨਾਂ ਕੋਈ ਪਹਿਲੀ ਜਾਂ ਆਖਰੀ ਘਟਨਾ ਨਹੀਂ ਹੈ। ਸਮੁੱਚੇ ਭਾਰਤ ਅੰਦਰ ਪਿਛਲੇ ਸਾਲ ਬਲਾਤਕਾਰ ਦੀਆਂ 22,173 ਘਟਨਾਵਾਂ ਵਾਪਰੀਆਂ। ਬਲਾਤਕਾਰ ਦੀਆਂ ਹੁਣ ਤੱਕ ਵਾਪਰੀਆਂ ਘਟਨਾਵਾਂ ਉੱਤੇ ਝਾਤ ਮਾਰਦਿਆਂ ਹੈਰਾਨੀਜਨਕ ਅੰਕੜੇ ਸਾਹਮਣੇ ਆਉਂਦੇ ਹਨ। ਇਕ ਅੰਕੜੇ ਮੁਤਾਬਕ ਦੇਸ਼ ਦੀਆਂ ਅਦਾਲਤਾਂ ਵਿਚ 1,27,000 ਬਲਾਤਕਾਰ ਦੇ ਕੇਸ ਪੈਂਡਿੰਗ ਪਏ ਹਨ ਇੱਥੋਂ ਤੱਕ ਕਿ 2002 ਤੋਂ 2011 ਤੱਕ ਵਾਪਰੇ ਬਲਾਤਕਾਰ ਦੇ 5357 ਮਾਮਲਿਆਂ ’ਚੋਂ 3860 ਦੋਸ਼ੀ ਕਾਨੂੰਨੀ ਚੋਰ ਮੋਰੀਆਂ ਦਾ ਸਹਾਰਾ ਲੈ ਕੇ ਬਚ ਨਿਕਲੇ ਹਨ। ਦੇਸ਼ ਵਿੱਚ ਵਾਪਰਦੀਆਂ ਬਲਾਤਕਾਰ ਦੀਆਂ ਘਟਨਾਵਾਂ ਦੇ ਬਹੁਤ ਸਾਰੇ ਕੇਸ ਤਾਂ ਦਰਜ ਹੀ ਨਹੀਂ ਹੁੰਦੇ। ਪ੍ਰੰਤੂ ਫਿਰ ਵੀ ਸਾਡੇ ‘ਦੇਵੀ ਪੂਜਕ’ ਮਹਾਨ ਭਾਰਤ ਅੰਦਰ ਔਰਤਾਂ ਦੀ ਸੁਰੱਖਿਆ ਲਈ ਬਣੇ ਅਨੇਕਾਂ ਕਾਨੂੰਨਾਂ ਦੇ ਬਾਵਜੂਦ ਬਹੁਤ ਸਾਰੀਆਂ ਦਰਜ ਘਟਨਾਵਾਂ ਦੇ ਵੇਰਵੇ ਹੀ ਇਨ੍ਹਾਂ ਅਖੌਤੀ ਕਾਨੂੰਨਾਂ ਦੀ ਪੋਲ ਖੋਲਣ ਲਈ ਕਾਫੀ ਹਨ। ਕੌਮੀ ਜੁਰਮ ਬਿਊਰੋ ਰਿਕਾਰਡ ਦੀ ਰਿਪੋਰਟ ਮੁਤਾਬਕ 1971 ਤੋਂ 2006 ਤੱਕ ਬਲਾਤਕਾਰ ਦੀਆਂ ਘਟਨਾਵਾਂ ਵਿਚ 700 ਫੀਸਦੀ ਦਾ ਵਾਧਾ ਹੋਇਆ। ਇੱਥੇ ਅਗਵਾ ਕਰਕੇ ਕਤਲ ਕਰ ਦਿੱਤੀਆਂ ਜਾਣ ਵਾਲੀਆਂ ਔਰਤਾਂ ਨਾਲ ਹੁੰਦੇ ਬਲਾਤਕਾਰ ਦੀਆਂ ਘਟਨਾਵਾਂ ਦੇ ਕੇਸ ਵੀ ਦੱਬੇ-ਦਬਾਏ ਰਹਿ ਜਾਂਦੇ ਹਨ। 2003 ਵਿੱਚ 13,296 ਔਰਤਾਂ ਦੇ ਅਗਵਾ ਹੋਣ ਦੇ ਕੇਸ ਸਾਹਮਣੇ ਆਏ ਸਨ ਤੇ 2007 ’ਚ ਵੱਧਕੇ ਇਹ 20,416 ਹੋ ਗਏ। ਇਥੇ ਬਲਾਤਕਾਰ ਦਾ ਸ਼ਿਕਾਰ ਉਨ੍ਹਾਂ ਔਰਤਾਂ ਦੇ ਵੇਰਵੇ ਅੰਕੜਾ ਸੂਚੀ ਵਿਚ ਸ਼ਾਮਿਲ ਨਹੀਂ ਹਨ ਜਿਹੜੀਆਂ ਔਰਤਾਂ ਨਾਲ ਅਸਾਮ, ਮਨੀਪੁਰ, ਤ੍ਰਿਪੁਰਾ ਤੇ ਜੰਮੂ-ਕਸ਼ਮੀਰ ਵਰਗੇ ਖਿੱਤਿਆਂ ਵਿੱਚ ਅਫਸਪਾ ਵਰਗੇ ਕਾਲੇ ਕਾਨੂੰਨਾਂ ਤਹਿਤ ਭਾਰਤੀ ਪੁਲਿਸ-ਫੌਜ ਵੱਲੋਂ ਬਲਾਤਕਾਰ ਕੀਤੇ ਜਾਂਦੇ ਹਨ। ਬਲਾਤਕਾਰ ਦੀਆਂ ਘਟਨਾਵਾਂ ਤੋਂ ਇਲਾਵਾ ਦੇਸ਼ ਵਿਚ ਔਰਤਾਂ ਉੱਪਰ ਸ਼ੋਸ਼ਣ ਤੇ ਛੇੜਛਾੜ ਦੀਆਂ

ਘਟਨਾਵਾਂ ਵੀ ਆਮ ਵਾਪਰਦੀਆਂ ਹਨ।

ਯੂਨੀਸੈਫ਼ ਅਨੁਸਾਰ ਭਾਰਤ ਵਿਚ 14 ਕਰੋੜ ਕੁੜੀਆਂ ਤੇ ਔਰਤਾਂ ਦੇ ਜਣਨ ਅੰਗਾਂ ਨਾਲ ਛੇੜਛਾੜ ਕੀਤੀ ਜਾਦੀ ਹੈ। ਛੇੜਛਾੜ ਤੇ ਬਲਾਤਕਾਰ ਦੀਆਂ ਇਹ ਘਟਨਾਵਾਂ ਘਰਾਂ, ਸਕੂਲਾਂ-ਕਾਲਜਾਂ, ਹੋਟਲਾਂ, ਸ਼ੋਅਰੂਮਾਂ, ਰੈਸਟੋਰੈਂਟਾਂ, ਬੱਸਾਂ ਤੇ ਹੋਰ ਅਦਾਰਿਆਂ ਵਿੱਚ ਸ਼ਰੇਆਮ ਵਾਪਰਦੀਆਂ ਹਨ, ਇਸਤੋਂ ਇਲਾਵਾ ਵੱਡੀ ਗਿਣਤੀ ਔਰਤਾਂ ਖਾਸਕਰ ਨੌਜਵਾਨ ਕੁੜੀਆਂ ਸੈਕਸ ਗਰਲਜ਼,ਚੀਅਰ ਗਰਲਜ਼, ਮਾਡਲਿੰਗ, ਗਾਉਣ-ਵਜਾਉਣ, ਸੁੰਦਰਤਾ ਮੁਕਾਬਲਿਆ, ਕਾੱਲ ਗਰਲਜ਼ ਤੇ ਬਲਿਊ ਫਿਲਮਾਂ ਲਈ ਆਪਣੇ ਜਿਸਮ ਨੂੰ ਮਾਲ ਦੀ ਤਰ੍ਹਾਂ ਵੇਚਣ ਲਈ ਮਜ਼ਬੂਰ ਹਨ। ਦੇਸ਼ ਦੀਆਂ 30 ਲੱਖ ਨੌਜਵਾਨ ਕੁੜੀਆਂ ਵੇਸ਼ਵਾਗਿਰੀ ਦੇ ਧੰਦੇ ਵਿੱਚ ਲੱਗਣ ਲਈ ਮਜ਼ਬੂਰ ਕੀਤੀਆਂ ਹੋਈਆਂ ਹਨ। ਦਾਜ, ਬਾਲ ਵਿਆਹ, ਭਰੂਣ ਹੱਤਿਆ, ਕਤਲ, ਕੁੱਟਮਾਰ ਤੇ ਘਰੇਲੂ ਹਿੰਸਾ ਦੀਆਂ ਘਟਨਾਵਾਂ ਕਿਸੇ ਤੋਂ ਲੁਕੀਆਂ ਛਿਪੀਆਂ ਨਹੀਂ ਹਨ ਜੋ ਨਿਤ ਦਿਨ ਅਖਬਾਰਾਂ ਦੀਆਂ ਸੁਰਖੀਆ ਬਣਦੀਆਂ ਹਨ। ਦੇਸ਼ ਵਿਚ ਹਰ ਚਾਰ ਬੱਚੀਆਂ ਵਿੱਚੋਂ ਇਕ ਬੱਚੀ ਯੋਨ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹੈ। ਅਜਿਹੀ ਹਾਲਤ ਵਿੱਚ ਵਿਚਰਦੀਆਂ ਭਾਰਤੀ ਔਰਤਾਂ ਦੀ ਸਥਿਤੀ ਨੂੰ ਦੇਖਦਿਆ ਪ੍ਰੋ. ਰੈਡਿੰਗ ਕਿਹਾ ਕਿ ਭਾਰਤ ਔਰਤਾਂ ਲਈ ਸਭ ਤੋਂ ਬੁਰਾ ਦੇਸ਼ ਹੈ।

ਪਿਛਲੇ ਦਿਨੀਂ ਹਰਿਆਣਾ, ਉੜੀਸਾ, ਛੱਤੀਸਗੜ੍ਹ, ਝਾਰਖੰਡ, ਪੰਜਾਬ, ਤਾਮਿਲਨਾਡੂ, ਗੁਜਰਾਤ ਆਦਿ ਅਨੇਕਾਂ ਸੂਬਿਆਂ ਵਿਚ ਬਲਾਤਕਾਰ ਦੇ ਅਨੇਕਾਂ ਕਾਂਡ ਨਸ਼ਰ ਹੋਏ ਹਨ। ਸਮੂਹਿਕ ਬਲਾਤਕਾਰ ਦੀਆਂ ਇਨ੍ਹਾਂ ਘਟਨਾਵਾਂ ਦਾ ਸ਼ਿਕਾਰ ਜਿਆਦਾਤਰ ਦਲਿਤ ਵਰਗ ਦੀਆਂ ਔਰਤਾਂ ਹੀ ਹੋਈਆਂ ਜਿਹਨਾਂ ਦੀ ਕੁਲ ਗਿਣਤੀ 85 ਫੀਸਦੀ ਬਣਦੀ ਹੈ ਤੇ ਜਿਨ੍ਹਾਂ ਵਿੱਚੋਂ 70 ਫੀਸਦੀ ਕੇਸਾਂ ਵਿਚ 15 ਸਾਲ ਤੋਂ ਘੱਟ ਉਮਰ ਦੀਆਂ ਨਾਬਾਲਗ ਲੜਕੀਆਂ ਪੀੜਤ ਪਾਈਆਂ ਗਈਆਂ ਹਨ। ਹਰਿਆਣਾ ਵਿਚ ਵਾਪਰਦੀਆਂ ਔਰਤਾਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਤੋਂ ਇਲਾਵਾ ਖਾਪ ਪੰਚਾਇਤਾਂ (ਹਰਿਆਣਾ ਵਿਚ ਜਿਨ੍ਹਾਂ ਨੂੰ ਰਾਜ ਸਰਕਾਰ ਦੇ ਸਮਾਂਨਅੰਤਰ ਸਮਝਿਆ ਜਾਂਦਾ ਹੈ) ਦੁਆਰਾ ਅਣਖ ਲਈ ਕੀਤੇ ਜਾਦੇ ਕਤਲ ਤੇ ਲੜਕੀਆਂ ਦੇ ਵਿਆਹ ਦੀ ਉਮਰ ਸੀਮਾ 15 ਸਾਲ ਮਿਥਣ ਦੀ ਮੰਗ ਕਰਨਾ ਵੀ ਕਾਫ਼ੀ ਨਿੰਦਣਯੋਗ ਹੈ। ਉੜੀਸਾ ਵਿਚ 19 ਸਾਲਾ ਨ੍ਰਤਕੀ ਨਾਲ ਸਮੂਹਿਕ ਬਲਾਤਕਾਰ ਤੇ 20 ਸਾਲਾ ਲੜਕੀ ਨਾਲ ਚੱਲਦੇ ਆਟੋ ਵਿਚ ਸਰੀਰਕ ਛੇੜਛਾੜ ਉਪਰੰਤ ਕੁੱਟਮਾਰ ਦੀਆਂ ਘਟਨਾਵਾ ਚਰਚਾ ਦਾ ਵਿਸ਼ਾ ਰਹੀਆਂ ਹਨ। ਤਾਮਿਲਨਾਡੂ ਵਿਚ 7ਵੀਂ ਕਲਾਸ ਦੀ 13 ਸਾਲਾ ਵਿਦਿਆਰਥਣ ਨਾਲ ਬਲਾਤਕਾਰ ਕਰਕੇ ਉਸਦਾ ਕਤਲ ਕਰ ਦਿੱਤਾ ਗਿਆ।

ਇਸੇ ਤਰ੍ਹਾਂ ਸੂਬਾ ਪੰਜਾਬ ਅੰਦਰ ਮਹਿਲਕਲਾਂ ਦਾ ਕਿਰਨਜੀਤ ਕਤਲ ਕਾਂਡ, ਬਰੇਟਾ ਦਾ ਪਿੰਕੀ ਕਾਂਡ, ਜਗਰਾਉਂ ਦੇ ਡੀ.ਐਸ.ਪੀ ਪੁਰੀ ਵੱਲੋਂ ਕੀਤਾ ਬਲਾਤਕਾਰ ਕਾਂਡ, ਅੰਮ੍ਰਿਤਸਰ ਜ਼ਿਲੇ ਦੇ ਆਕਾਲੀ ਸਕੱਤਰ ਰਣਜੀਤ ਰਾਣਾ ਵੱਲੋਂ ਏ.ਐਸ.ਆਈ ਦਾ ਕਤਲ ਤੇ ਉਸਦੀ ਲੜਕੀ ਨਾਲ ਛੇੜਛਾੜ, ਨਾਭਾ ਦੇ ਪਿੰਡ ਰੱਤੀ ਮੋਹਰਾ ਵਿਚ 40 ਲੜਕੀਆਂ ਦੀ ਸਕੂਲੀ ਵੈਨ ਤੇ 20-25 ਨੌਜਵਾਨਾਂ ਵੱਲੋਂ ਹਮਲਾ, ਰਾਏਕੋਟ ਵਿਚ ਟਿਊਸ਼ਨ ਤੋਂ ਸਕੂਲ ਜਾ ਰਹੀ ਲੜਕੀ ਵੱਲੋਂ ਛੇੜਛਾੜ ਦਾ ਵਿਰੋਧ ਕਰਨ ਤੇ ਨੌਜਵਾਨਾਂ ਦੁਆਰਾ ਉਸ ਤੇ ਤੇਜ਼ਾਬ ਸੁੱਟਣਾ, ਇਕ ਸਕੂਲੀ ਵਿਦਿਆਰਥਣ ਦੀਆਂ ਅੱਖਾਂ ਵਿਚ ਮਿਰਚ ਪਾਊਡਰ ਪਾਉਣ, ਛੇੜਛਾੜ ਦਾ ਵਿਰੋਧ ਕਰਨ ਤੇ

ਇਕ ਹੋਰ ਲੜਕੀ ਨੂੰ ਜਬਰਦਸਤੀ ਜ਼ਹਿਰ ਪਿਲਾਉਣ ਅਤੇ ਫਰੀਦਕੋਟ ਵਿਚ ਸਿਆਸੀ ਸ਼ਹਿ ਪ੍ਰਾਪਤ ਗੁੰਡਿਆ ਵੱਲੋਂ ਸ਼ਰੁਤੀ ਅਗਵਾ ਤੇ ਬਲਾਤਕਾਰ ਕਾਂਡ ਦੀਆਂ ਤੇਜ਼ੀ ਨਾਲ ਅਨੇਕਾਂ ਘਟਨਾਵਾਂ ਵਾਪਰੀਆਂ। ਅਜਿਹੀ ਸਥਿਤੀ ਦੌਰਾਨ ਵੀ ਜੇਕਰ ਸੂਬੇ ਦੇ ਹਾਕਮ ਪੰਜਾਬ ਨੂੰ ਅਮਨ ਸ਼ਾਂਤੀ ਵਾਲਾ ਖੇਤਰ ਐਲਾਨ ਰਹੇ ਹਨ ਤਾਂ ਕੀ ਇਹ ਲੋਕਾਂ ਨੂੰ ਮੂਰਖ ਬਣਾਉਣ ਵਰਗੀ ਗੱਲ ਨਹੀਂ ਹੈ। ਇਨ੍ਹਾਂ ਘਟਨਾਵਾਂ ਵਿਚਲੇ ਜਿਆਦਾਤਰ ਅਪਰਾਧੀ ਹਕੂਮਤੀ ਸਰਪ੍ਰਸਤੀ ਪ੍ਰਾਪਤ ਸਨ, ਉਦਾਹਰਨ ਵਜੋਂ ਜੁਲਾਈ 2004 ਨੂੰ ਮਨੀਪੁਰੀ ਮਹਿਲਾ ਮਨੋਰਮਾਂ ਨੂੰ ਅਸਾਮ ਰਾਇਫਲਜ਼ ਦੇ ਅਧਿਕਾਰੀਆਂ ਨੇ ਘਰੋਂ ਚੁੱਕ ਕੇ ਰਾਤ ਭਰ ਉਸ ਨਾਲ ਸਮੂਹਿਕ ਬਲਾਤਕਾਰ ਕੀਤਾ। ਬਲਾਤਕਾਰ ਉਪਰੰਤ ਚਾਰ ਗੋਲੀਆਂ ਉਸਦੇ ਜਨਣ ਅੰਗਾਂ ਤੇ ਪੰਜ ਗੋਲੀਆਂ ਉਸਦੀ ਛਾਤੀ ਵਿਚ ਮਾਰੀਆਂ ਗਈਆਂ ਪਰ ਸਰਕਾਰ ਵੱਲੋਂ ਹੁਣ ਤੱਕ ਅਸਾਮ ਰਾਇਫਲਜ਼ ਦੇ ਦੋਸ਼ੀ ਅਧਿਕਾਰੀਆਂ ਨੂੰ ਕੋਈ ਸਜ਼ਾ ਨਹੀਂ ਦਿੱਤੀ ਗਈ। ਇਸ ਤਰ੍ਹਾਂ ਸੋਨੀ ਸ਼ੋਰੀ ਨਾਂ ਦੀ ਆਦੀਵਾਸੀ ਅਧਿਆਪਕਾਂ ਨਾਲ ਸਰਕਾਰ ਦੇ ਇਕ ਐੱਸ.ਪੀ ਵੱਲੋਂ ਬਲਾਤਕਾਰ ਕਰਨ ਉਪਰੰਤ ਉਸਦੀ ਕੁੱਖ ਵਿਚ ਪੱਥਰ ਭਰ ਦਿੱਤੇ ਗਏ। ਹਾਸਲ ਸਬੂਤਾਂ ਤੇ ਰਿਪੋਰਟਾਂ ਵਿਚ ਦੋਸ਼ ਆਇਦ ਹੋਣ ਦੇ ਬਾਵਜੂਦ ਐੱਸ ਪੀ ਨੂੰ ਕੋਈ ਸਜ਼ਾ ਨਹੀਂ ਦਿੱਤੀ ਗਈ। ਇਨ੍ਹਾਂ ਘਟਨਾਵਾਂ ਤੋਂ ਇਲਾਵਾ ਰਾਜਨੀਤੀਵਾਨ ਸਿੱਧੇ ਤੌਰ 'ਤੇ ਵੀ ਬਲਾਤਕਾਰ ਦੀਆਂ ਘਿਨਾਉਣੀਆਂ ਘਟਨਾਵਾਂ ਵਿਚ ਲਿਪਤ ਰਹੇ ਹਨ। ਕੇਂਦਰੀ ਵਣ ਮੰਤਰੀ ਜਿਆਡਰ ਰਹਿਮਾਨ ਅੰਸਾਰੀ, ਐਚ ਕੇ ਐਲ ਭਗਤ, ਆਰ ਐਲ ਜਲਅੱਪਾ, ਜਨਤਾ ਦਲ ਦੇ ਨੇਤਾ ਡਾ. ਵਿਕਟੇਂਸ਼ ਤੇ ਹੋਰ ਅਨੇਕਾਂ ਰਾਜਨੀਤੀਵਾਨ ਅਪਰਾਧੀ ਸਾਬਤ ਹੋਣ ਦੇ ਬਾਵਜੂਦ ਉਚ ਅਹੁਦਿਆਂ ਤੇ ਬਿਰਾਜਮਾਨ ਰਹੇ।

*"ਮਾਂ ਮੈ ਜੀਣਾ ਚਾਹੁੰਦੀ ਹਾਂ", ਬਲਾਤਕਾਰ ਤੇ ਕੁੱਟਮਾਰ ਦੀ ਪੀੜਤ ਜ਼ੇਰੇ ਇਲਾਜ ਦਾਮਿਨੀ ਦੇ ਇਹ ਸ਼ਬਦ ਜ਼ਬਰ-ਜੁਲਮ ਦੇ ਸ਼ਿਕਾਰ ਹਰ ਮੁਨੱਖ ਦੀ ਹਸਰਤ ਨੂੰ ਬਿਆਨ ਕਰਦੇ ਹਨ। ਮੁਨਾਫ਼ੇਖੋਰੀ ਦੀ ਹਵਸ 'ਚ ਮੁਨੱਖੀ ਕਦਰਾਂ-ਕਮੀਤਾਂ ਦਾ ਘਾਣ ਕਰਨ ਵਾਲੇ ਪੂੰਜੀਵਾਦੀ ਪ੍ਰਬੰਧ ਅੰਦਰ ਕਰੋੜਾਂ ਅਜਿਹੀਆਂ ਜਿੰਦਾਂ ਹਨ ਜਿਹੜੀਆਂ "ਜੀਣਾ ਚਾਹੁੰਦੇ ਹਾਂ" ਦੀ ਕੂਕ ਪੁਕਾਰ ਕਰਦੀਆਂ ਹਨ ਤੇ ਇਸ ਆਦਮਖੋਰੇ ਪ੍ਰਬੰਧ ਅੰਦਰ ਕਰੋੜਾਂ ਜਿੰਦੜੀਆਂ ਅਜਿਹੀਆਂ ਵੀ ਹਨ ਜਿਨ੍ਹਾਂ ਦੀ ਵੇਦਨਾ ਹੈ ਕਿ "ਅਸੀ ਚੰਗੀ ਜਿੰਦਗੀ ਜਿਊਣਾ ਚਾਹੁੰਦੇ ਹਾਂ"। ਇਤਿਹਾਸ ਵੱਲ ਨਜ਼ਰ ਮਾਰਦਿਆ ਸਾਡੇ ਚੇਤਿਆ ਵਿਚ ਇਕ ਵੀ ਘਟਨਾ ਅਜਿਹੀ ਨਹੀ ਜਦੋਂ ਅਮੀਰ ਵਰਗ ਦੇ ਲੋਕਾਂ ਦੇ ਮੂੰਹੋਂ ਇਹ ਸ਼ਬਦ ਨਿਕਲੇ ਹੋਣ ਕਿ "ਅਸੀ ਜੀਣਾ ਚਾਹੁੰਦੇ ਹਾਂ" ਜਾਂ "ਅਸੀਂ ਚੰਗੀ ਜ਼ਿੰਦਗੀ ਜਿਊਣਾ ਚਾਹੰਦੇ ਹਾਂ" ਇਹ ਸ਼ਬਦ ਸਿਰਫ ਤੇ ਸਿਰਫ ਉਹਨਾਂ ਦਿਲਾਂ ਦੀ ਵੇਦਨਾ ਹੁੰਦੇ ਹਨ ਜੋ ਮਾਰੇ ਜਾ ਰਹੇ ਤੇ ਲੁੱਟੇ-ਲਿਤਾੜੇ ਜਾ ਰਹੇ ਹੁੰਦੇ ਹਨ। ਬਿਲਕੁਲ ਇਸੇ ਤਰ੍ਹਾਂ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੀ ਦਾਮਿਨੀ ਨਾਲ ਵਾਪਰਿਆ।*

ਇਸ ਤਰ੍ਹਾਂ ਦਿੱਲੀ ਬਲਾਤਕਾਰ ਕਾਂਡ ਤੋਂ ਉਪਜਿਆਂ ਮੌਜੂਦਾ ਲੋਕ ਰੋਹ ਹਾਕਮਾਂ ਦੇ ਲੋਕ ਦੋਖੀ, ਅਪਰਾਧਿਕ ਕਿਰਦਾਰ ਤੇ ਗਲਤ ਨੀਤੀਆਂ ਦੇ ਖਿਲਾਫ਼ ਗੁੱਸੇ ਦਾ ਹੀ ਪ੍ਰਗਟਾ ਹੈ। ਇਤਿਹਾਸ ਵਿਚ ਹੁਣ ਤੱਕ ਦੀਆਂ ਵਾਪਰੀਆਂ ਬਲਾਤਕਾਰ ਦੀਆਂ ਘਟਨਾਵਾਂ ਵਿਚ ਇਹ ਸਭ ਤੋਂ ਹੌਲਨਾਕ ਘਟਨਾ ਹੈ। ਇਸ ਘਟਨਾ ਬਾਰੇ ਸੁਣਦਿਆਂ ਦੇਸ਼ ਭਰ ਵਿੱਚੋਂ ਹਰ ਜਾਗਦੀ ਜ਼ਮੀਰ ਵਾਲੇ ਇਨਸਾਨ ਦੀ ਸੰਵੇਦਨਾ ਝੰਜੋੜੀ ਗਈ। ਪਰ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਦੀ ਸੰਵੇਦਨਾ ਪੂਰੇ ਸੱਤ ਦਿਨ ਸੁੱਤੀ ਰਹੀ ਤੇ ਅੱਠਵੇਂ ਦਿਨ ਮੀਡੀਆ ਨੂੰ ਬੁਲਾ ਕੇ ਆਪਣੇ ਰਟੇ ਰਟਾਏ ਸ਼ਬਦ ਕਹੇ ਕਿ "ਦਿੱਲੀ ਵਿਚ ਸਮੂਹਿਕ ਬਲਾਤਕਾਰ ਦੇ ਘਿਨਾਉਣੇ ਅਪਰਾਧ ਉੱਤੇ ਲੋਕਾਂ ਦਾ ਗੁੱਸਾ ਜਾਇਜ਼ ਹੈ। ਤਿੰਨਾਂ ਧੀਆਂ ਦਾ ਪਿਤਾ ਹੋਣ ਦੇ ਨਾਤੇ ਮੈਂ ਵੀ ਤੁਹਾਡੇ ਸਭ ਵਾਂਗ ਸੰਜੀਦਗੀ ਨਾਲ ਇਸ ਨੂੰ ਮਹਿਸੂਸ ਕਰਦਾਂ ਹਾਂ।" ਇਹ ਸ਼ਬਦ ਕਹਿਣ ਤੋਂ ਬਾਅਦ ਪ੍ਰਧਾਨ ਮੰਤਰੀ ਜੀ ਕੈਮਰਾਮੈਨ ਨੂੰ ਪੁੱਛਦੇ ਹਨ ਕਿ "ਠੀਕ ਹੈ?" ਜਿਵੇਂ ਕਿਸੇ ਫਿਲਮ ਦੀ ਸ਼ੂਟਿੰਗ ਦੌਰਾਨ ਡਾਇਲਾਗ ਬੋਲਣ ਤੋਂ ਬਾਅਦ ਉਸਦੇ ਠੀਕ ਨਿਭਾਅ ਦੀ ਪੁਸ਼ਟੀ ਕੀਤੀ ਜਾਂਦੀ ਹੈ। ਇਸ ਮਾਮਲੇ ਨੂੰ ਲੈ ਕੇ ਦੇਸ਼ ਭਰ ਵਿਚ ਪ੍ਰਧਾਨ ਮੰਤਰੀ ਦੀ ਇਸ ਹਰਕਤ ਦੀ ਸਖਤ ਆਲੋਚਨਾ ਹੋਈ। ਲੋਕਾਂ ਨੇ ਇੱਥੋਂ ਤੱਕ ਕਿਹਾ ਕਿ ਇਸ ਨਾਲੋਂ ਤਾਂ ਚੁੱਪ ਹੀ ਰਹਿੰਦੇ ਤਾਂ ਚੰਗਾ ਸੀ। ਪ੍ਰਧਾਨ ਮੰਤਰੀ ਜੀ ਦੇ ਬਿਆਨ ਤੋਂ ਇਹ ਸਵਾਲ ਵੀ ਪੈਦਾ ਹੁੰਦਾ ਹੈ ਕਿ ਬਲਾਤਕਾਰ ਦੀਆਂ ਲਗਾਤਾਰ ਵਾਪਰਦੀਆਂ ਆ ਰਹੀਆਂ ਘਟਨਾਵਾਂ ਕਾਰਨ ਵਾਰ-ਵਾਰ ਨੇਤਾਵਾਂ ਨੂੰ ਸੰਜੀਦਗੀ ਮਹਿਸੂਸ ਕਰਨ ਦੀ ਨੌਬਤ ਹੀ ਕਿਉਂ ਪੈਦਾ ਹੁੰਦੀ ਹੈ ?

ਸੱਤਾ ਦੇ ਗਲਿਆਰਿਆਂ 'ਚ ਬੈਠੇ ਹਾਕਮਾਂ ਨੇ ਇਸ ਘਟਨਾ ਸੰਬੰਧੀ ਜਿੰਨੀਆਂ ਬੇਥਵੀਆਂ ਮਾਰੀਆਂ ਹਨ ਉਹ ਰੋਮ ਦੇ ਉਸ ਬਾਦਸ਼ਾਹ ਦੀ ਯਾਦ ਦਵਾ ਰਹੀਆਂ ਹਨ ਜਦੋਂ ਰੋਮ ਸੜ ਰਿਹਾ ਸੀ ਤੇ ਨੀਰੋ ਬੰਸਰੀ ਵਜਾ ਰਿਹਾ ਸੀ। ਇਸੇ ਤਰ੍ਹਾਂ ਇਥੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਪੀੜਤ ਲੋਕਾਂ ਦਾ ਰਾਸ਼ਟਰਪਤੀ ਭਵਨ ਪੁੱਜ ਜਾਣਾ "ਮੰਦਭਾਗਾ" ਜਾਪ ਰਿਹਾ ਹੈ ਤੇ ਕਿਧਰੇ ਆਪਣੇ "ਗ੍ਰਹਿ" 'ਚ ਜ਼ਬਰ ਖਿਲਾਫ ਉਠੇ ਰੋਹ ਨੂੰ ਗ੍ਰਹਿਮੰਤਰੀ ਸ਼ੁਸ਼ੀਲ ਕੁਮਾਰ ਸ਼ਿੰਦੇ "ਨਕਸਲੀ ਕਾਰਵਾਈ" ਕਹਿ ਰਹੇ ਹਨ। ਸਰਕਾਰ ਦਿੱਲੀ 'ਚ ਰੋਸ ਜ਼ਾਹਰ ਕਰ ਰਹੇ ਨੌਜਵਾਨਾਂ ਤੇ ਆਮ ਲੋਕਾਂ ਉਪਰ ਲਾਠੀਚਾਰਜ ਕਰਨ ਉਪਰ ਉੱਤਰ ਆਈ। ਦਿੱਲੀ ਸਮੇਤ ਭਾਰਤ ਦੇ ਵੱਖ-ਵੱਖ ਪ੍ਰਾਤਾਂ ਅੰਦਰ ਇਸ ਵਹਿਸ਼ੀ ਕਾਰੇ ਦੇ ਮੁੱਖ ਦੋਸ਼ੀਆਂ ਤੋਂ ਲੈ ਕੇ ਸਰਕਾਰ ਦੀਆਂ ਗਲਤ ਨੀਤੀਆਂ ਖਿਲਾਫ ਲੋਕ ਰੋਹ ਲਗਾਤਾਰ ਜਾਰੀ ਹੈ। ਦਿੱਲੀ ਬਲਾਤਕਾਰ ਕਾਂਡ ਤੇ ਉੱਠੇ ਲੋਕ ਰੋਹ ਨੇ ਜਿੱਥੇ ਜ਼ਬਰ-ਜੁਲਮ ਖਿਲਾਫ ਵਿਰੋਧ ਦੀ ਮਿਸਾਲ ਕਾਇਮ ਕੀਤੀ ਹੈ ਉੱਥੇ ਸਾਡੇ ਸਮਾਜ ਅੰਦਰ ਜ਼ਬਰ-ਸ਼ੋਸ਼ਣ ਦਾ ਸ਼ਿਕਾਰ ਔਰਤਾਂ ਤੇ ਹਰ ਤਬਕੇ ਦੇ ਲੋਕਾਂ ਨੂੰ ਸਮਝਣਾ ਚਾਹੀਦਾ ਹੈ ਕਿ ਬਲਾਤਕਾਰ ਸਮੇਤ ਅਨੇਕਾਂ ਸਮਾਜਕ ਬੁਰਾਈਆਂ ਇਸ ਲੋਟੂ-ਜ਼ਾਬਰ ਪੂੰਜੀਵਾਦੀ ਵਿਵਸਥਾ ਦੀ ਦੇਣ ਹਨ। ਹੱਲ ਵਜੋਂ ਇਸ ਲੁਟੇਰੀ ਵਿਵਸਥਾ ਨੂੰ ਮੁੱਢੋਂ-ਸੁੱਢੋਂ ਬਦਲਕੇ ਨਵਾਂ ਲੋਕਪੱਖੀ ਸਮਾਜ ਸਿਰਜਣ ਨਾਲ ਹੀ ਇਨ੍ਹਾਂ ਸਭ ਅਲਾਮਤਾਂ ਤੋਂ ਛੁਟਕਾਰਾ ਹਾਸਲ ਕੀਤਾ ਜਾ ਸਕਦਾ ਹੈ। ਨਵੇਂ ਸਮਾਜ ਦੀ ਉਸਾਰੀ ਲਈ ਮੌਜੂਦਾ ਹਾਲਤਾਂ ਅੰਦਰ ਵਿਚਾਰਧਾਰਕ ਸਿਆਸੀ ਪੱਖ ਤੋਂ ਮਜ਼ਬੂਤ ਇਨਕਲਾਬੀ ਔਰਤ ਜਥੇਬੰਦੀ ਦੀ ਸਥਾਪਨਾ ਕਰਨੀ ਅਣਸਰਦੀ ਲੋੜ ਹੈ। ਇਸ ਮਹਾਨ ਤੇ ਦਲੇਰਾਨਾ ਕਾਰਜ ਦੀ ਪੂਰਤੀ ਲਈ ਚੇਤੰਨ, ਜਝਾਰੂ ਤੇ ਆਜ਼ਾਦੀ ਪੰਸਦ ਔਰਤਾਂ ਨੂੰ ਅੱਗੇ ਆਉਣਾ ਚਾਹੀਦਾ ਹੈ।


**STS Appliances Repair, Plumbing & Electrical Works**



**Contact STS Hassan**
**647.290.2851**

**Appliance Repair:**
Fridge * Stove * Dishwasher*
Gas & Electric Dryer

**Appliance Installation:**
Dishwasher*Icemaker Water Line*
New Appliances* Garbage Disposal

**Plumbing & Electrical Work:**
Faucets*Sinks* Toilets*Electrical Water Heaters*
Replace Switches, Installation of Ceiling Fans and Lights

ਕੀ ਤੁਹਾਡੇ ਬਿਜ਼ਨਸ ਦਾ ਫੋਨ,ਐਡਰੇਸ ਤੇ ਹੋਰ ਜਾਣਕਾਰੀ ਤੁਹਾਡੇ clients ਤੇ customers ਦੇ ਹੱਥ ਵਿਚ ਹਰ ਵਕਤ ਰਹਿੰਦਾ ਹੈ?ਜੇ ਨਹੀਂ ਤਾਂ ਤੁਹਾਨੂੰ ਜ਼ਰੂਰਤ ਹੈ goluckygo .com ਦੀ ।ਅਸੀ ਤੁਹਾਡੇ ਬਿਜ਼ਨਸ ਵਾਰੇ ਮਿੰਟ ਮਿੰਟ ਦੀ ਜਾਣਕਾਰੀ ਦੁਨੀਆਂ ਦੇ ਕੋਨੇ ਕੋਨੇ ਵਿਚ ਭੇਜਦੇ ਹਾਂ ।ਹੋਰ ਤਾਂ ਹੋਰ ਤੁਹਾਡੀ ਅਣਥੱਕ ਮਿਹਨਤ ਦਾ ਸਦਕਾ ਕੈਨੇਡਾ/ਅਮਰੀਕਾ ਵਿਚ ਮਾਰੀਆਂ ਮੱਲਾਂ ਦੀ ਗਾਥਾ ਤੁਹਾਡੇ ਰਿਸ਼ਤੇਦਾਰਾਂ,ਦੋਸਤਾਂ ਤੇ ਤੁਹਾਡੇ ਚਹੇਤਿਆਂ ਦੇ ਹੱਥ ਹਰ ਪਿੰਡ,ਹਰ ਸ਼ਹਿਰ ਤੇ ਹਰ ਸਕੂਲ/ਕਾਲਜ ਵੀ ਪਹੁੰਚਾਉਂਦੇ ਹਾਂ ।......ਬੱਸ goluckygo .com ਤੇ logon ਕਰੋ ਤੇ ਹੋਰ ਜਾਣਕਾਰੀ ਲਈ,ਅਮਰੀਕ ਨੂੰ ਫੋਨ ਕਰੋ;1 -403 -903 -5710

go Lucky go

# ਅਤੀਤ, ਵਰਤਮਾਨ ਇਤਿਹਾਸ ਤੇ ਬਿਹਤਰ ਸਮਾਜ ਦਾ ਸਵਾਲ



**ਦਲਜੀਤ ਅਮੀ**

**ਦਲਜੀਤ ਅਮੀ ਇਕ ਅਤਿਅੰਤ ਕਿਰਿਆਸ਼ੀਲ ਲੇਖਣੀ ਦਾ ਮਾਲਕ ਹੈ ਜੋ ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਕ ਮਸਲਿਆਂ ਨੂੰ ਬਹੁਪਰਤਾਂ ਤੋਂ ਫਰੋਲਕੇ ਦੇਖਦਾ ਹੈ ਅਤੇ ਆਪਣੀ ਲੇਖਣੀ ਨੂੰ ਉਜਾਗਰ ਕਰਦਾ ਹੈ।**

ਪਿਛਲੇ ਦਿਨਾਂ ਦੀਆਂ ਘਟਨਾਵਾਂ ਨੇ ਬਹੁਤ ਕੁਝ ਬਦਲਿਆ ਹੈ। ਇਸ ਬਦਲਾਅ ਬਾਰੇ ਦਲੀਲਬੰਦ ਖ਼ਦਸ਼ਾ ਹੈ ਕਿ ਇਹ ਵਕਤੀ ਉਬਾਲ ਸਾਬਤ ਹੋਵੇਗਾ। ਇਸ ਬਦਲਾਅ ਦੇ ਚਿਰਕਾਲੀ ਹੋਣ ਦੀ ਗੁੰਜਾਇਸ਼ ਵੀ ਫਰੋਲੀ ਜਾ ਰਹੀ ਹੈ। ਸਮਾਜ ਵਿਚਲੇ ਮਰਦਾਵੇਂ ਦਾਬੇ ਦੀ ਕਰੂਰਤਾ ਦਾ ਸ਼ਿਕਾਰ ਹੋਈ ਬੀਬੀ ਨੇ ਸਾਲ 2012 ਦਾ ਲੇਖਾ-ਜੋਖਾ ਤਾਂ ਬਦਲ ਦਿੱਤਾ। 'ਆਪ-ਮੁਹਾਰੇ' ਹੋਏ ਰੋਸ ਮੁਜ਼ਾਹਰਿਆਂ ਨੇ ਦਰਸਾ ਦਿੱਤਾ ਕਿ ਇੰਤਜ਼ਾਮੀਆ ਦੀਆਂ ਲਗਾਈਆਂ ਪਾਬੰਦੀਆਂ ਅਤੇ ਸਿਆਸੀ ਪਾਰਟੀਆਂ ਨੂੰ ਨਜ਼ਰਅੰਦਾਜ਼ ਕਰ ਕੇ ਸਰਕਾਰ ਦੀ ਜਵਾਬਤਲਬੀ ਕੀਤੀ ਜਾ ਸਕਦੀ ਹੈ। ਦੂਜੇ ਪਾਸੇ ਇਹ ਖ਼ਦਸ਼ਾ ਵੀ ਕਾਇਮ ਰਿਹਾ ਕਿ ਬਿਨਾਂ ਅਗਵਾਈ ਤੋਂ ਚੱਲ ਰਹੀ ਰੋਸ-ਮੁਹਿੰਮ ਕਦੇ ਵੀ ਲੀਹੋਂ ਲੱਥ ਸਕਦੀ ਹੈ। ਇਸ ਸਮੁੱਚੇ ਘਟਨਾ-ਚੱਕਰ ਨੂੰ ਗ਼ੈਰ-ਸਿਆਸੀ ਕਰਾਰ ਦੇਣ ਲਈ ਪੜਚੋਲੀਆਂ ਅਤੇ ਹਿੱਸਾ ਲੈਣ ਵਾਲਿਆਂ ਵਿਚ ਦੌੜ ਲੱਗੀ ਰਹੀ। ਇਸੇ ਦੌਰਾਨ ਇਹ ਵੀ ਸਵਾਲ ਕੀਤੇ ਗਏ ਕਿ ਔਰਤਾਂ ਖ਼ਿਲਾਫ਼ ਹਿੰਸਾ ਮੌਜੂਦਾ ਪ੍ਰਬੰਧਕੀ ਢਾਂਚੇ ਦੀ ਦੇਣ ਹੈ। ਇਹ ਮਾਮਲਾ ਦਿੱਲੀ ਕਾਰਨ ਵਧੇਰੇ ਚਰਚਾ ਵਿਚ ਆਇਆ ਹੈ। ਇਸ ਮੁਹਿੰਮ ਦੌਰਾਨ ਵੀ ਅਜਿਹੀਆਂ ਘਟਨਾਵਾਂ ਵਿਚ ਕਮੀ ਨਹੀਂ ਆਈ। ਸਭ ਤੋਂ ਤਿੱਖਾ ਸਵਾਲ ਇਹ ਸੀ ਕਿ ਇਸ ਮੌਕੇ ਰੋਸ ਮੁਜ਼ਾਹਰੇ ਕਰਨ ਵਾਲਿਆਂ ਵਿਚੋਂ ਬਹੁਤ ਸਾਰੇ ਕਿਸੇ ਹੋਰ ਮੌਕੇ ਮੁਲਜ਼ਮਾਂ ਦੀ ਧਿਰ ਵਿਚ ਹੋ ਸਕਦੇ ਹਨ। ਪੜਚੋਲ ਵਿਚ ਇਹ ਵੀ ਨੁਕਤਾ ਆਇਆ ਕਿ ਮੁਜ਼ਾਹਰਾਕਾਰੀ ਮਰਦ ਇਨਸਾਫ਼ ਦੀ ਥਾਂ ਸ਼ਰਮਸ਼ਾਰੀ ਦੇ ਅਹਿਸਾਸ ਨਾਲ ਵਧੇਰੇ ਆਏ ਹਨ। ਇਸੇ ਦੌਰਾਨ ਸਖ਼ਤ ਸਜ਼ਾਵਾਂ ਦੀ ਮੰਗ ਅਤੇ ਦੋਸ਼ੀਆਂ ਨੂੰ ਫਾਂਸੀ ਦੇਣ ਦੀ ਲਗਾਤਾਰ ਮੰਗ, ਵਾਰ-ਵਾਰ ਚਰਚਾ ਦਾ ਵਿਸ਼ਾ ਬਣਦੀ ਰਹੀ।

ਅਜਿਹੀਆਂ ਘਟਨਾਵਾਂ ਦੀ ਬੁਨਿਆਦ ਕਿਸ ਮਾਨਸਿਕਤਾ ਵਿਚ ਖੜ੍ਹੀ ਹੈ? ਇੱਕ ਦਲੀਲ ਇਹ ਹੈ ਕਿ ਮੌਜੂਦਾ ਦੌਰ ਵਿਚ ਬੀਬੀਆਂ ਆਪਣੀ ਕਾਰਗੁਜ਼ਾਰੀ ਰਾਹੀਂ ਹਰ ਖੇਤਰ ਵਿਚ ਮਰਦਾਂ ਨੂੰ ਵੰਗਾਰ ਰਹੀਆਂ ਹਨ; ਸੋ, ਮਰਦ ਦੀ ਸਮਾਜਕ ਹਕੂਮਤ ਡੋਲ ਰਹੀ ਹੈ। ਦੂਜੀ ਦਲੀਲ ਇਹ ਹੈ ਕਿ ਮਰਦ ਆਪਣੀ ਹਕੂਮਤ ਲਿਆਕਤ ਨਾਲ ਤਾਂ ਨਹੀਂ ਬਚਾ ਸਕਿਆ, ਪਰ ਪਸ਼ੂਬਲ ਨਾਲ ਬਚਾ ਲੈਣ ਲਈ ਕਿਸੇ ਵੀ ਹੱਦ ਤੱਕ ਜਾ ਰਿਹਾ ਹੈ। ਤੀਜੀ ਦਲੀਲ ਇਹ ਹੈ ਕਿ ਧੜੱਲੇ ਨਾਲ ਫਿਰਦੀਆਂ ਬੀਬੀਆਂ ਮਰਦਾਂ ਤੋਂ ਜਰੀਆਂ ਨਹੀਂ ਜਾਂਦੀਆਂ। ਚੌਥੀ ਦਲੀਲ ਇਹ ਹੈ ਕਿ ਹੁਣ ਬੀਬੀਆਂ ਦੇਰ ਰਾਤ ਤੱਕ ਬਾਹਰ ਰਹਿੰਦੀਆਂ ਹਨ ਜਿਸ ਕਾਰਨ ਅਹਿਸਾਸ-ਏ-ਕਮਤਰੀ ਤੋਂ ਪੀੜਤ ਮਰਦ ਹਮਲਾਵਰ ਹੋ ਜਾਂਦੇ ਹਨ। ਇਨ੍ਹਾਂ ਸਾਰੀਆਂ ਦਲੀਲਾਂ ਦੀ ਸ਼ਹਿਰੀ ਤਬਕੇ ਦੀ ਰੁਜ਼ਗਾਰ-ਮੰਡੀ ਵਿਚ ਕਾਰਜਸ਼ੀਲ ਬੀਬੀਆਂ ਦੇ ਮਾਮਲੇ ਵਿਚ ਅਹਿਮੀਅਤ ਹੋ ਸਕਦੀ ਹੈ। ਇਸੇ ਤਬਕੇ ਦੇ ਜ਼ਿਆਦਾ ਮਾਮਲੇ ਚਰਚਾ ਵਿਚ ਆਉਂਦੇ ਹਨ ਤੇ ਸਮੁੱਚੀ ਬਹਿਸ ਦਾ ਧੁਰਾ ਬਣਦੇ ਹਨ। ਕਾਰਨ ਇਹ ਹੈ ਕਿ ਇਹੋ ਤਬਕਾ ਇਨ੍ਹਾਂ ਮਾਮਲਿਆਂ ਵਿਚ ਸਭ ਤੋਂ ਅਸਰਦਾਰ ਤੇ ਜਾਗਰੂਕ ਹੈ। ਇਸ ਤਬਕੇ ਨਾਲ ਮੀਡੀਆ ਦੀ ਸਮਾਜਕ ਪਛਾਣ ਜੁੜਦੀ ਹੈ। ਇਨ੍ਹਾਂ ਦੋਵਾਂ ਦਾ ਪੇਸ਼ੇਵਰ ਤੇ ਸਮਾਜਕ ਮੇਲ-ਜੋਲ ਵਧੇਰੇ ਹੈ। ਇਸ ਤਬਕੇ ਤੋਂ ਬਾਹਰ ਹੁੰਦੀਆਂ ਅਜਿਹੀਆਂ ਘਟਨਾਵਾਂ ਦੇ ਕਾਰਨ ਇਹ ਵੀ ਹੋ ਸਕਦੇ ਹਨ, ਪਰ ਇਨ੍ਹਾਂ ਤੋਂ ਬਿਨਾਂ ਹੋਰ ਕਾਰਨ ਹਨ। ਅਜਿਹੀਆਂ ਘਟਨਾਵਾਂ ਵਿਚ ਨੱਬੇ ਫ਼ੀਸਦੀ ਤੋਂ ਜ਼ਿਆਦਾ ਮੁਲਜ਼ਮ ਪੀੜਤ ਦੀ ਜਾਣ-ਪਛਾਣ ਜਾਂ ਪਰਿਵਾਰ ਦੇ ਜੀਅ ਹੁੰਦੇ ਹਨ। ਇਹ ਘਟਨਾਵਾਂ ਕੁਝ ਮਹੀਨਿਆਂ ਦੀ ਉਮਰ ਦੀਆਂ ਕੁੜੀਆਂ ਤੋਂ ਲੈ ਕੇ ਬਜ਼ੁਰਗ ਔਰਤਾਂ ਨਾਲ ਵਾਪਰ ਰਹੀਆਂ ਹਨ। ਇਹ ਘਟਨਾਵਾਂ ਹਰ ਤਰ੍ਹਾਂ ਦੇ ਲਿਬਾਸਾਂ, ਹਰ ਵੇਲੇ ਅਤੇ ਹਰ ਥਾਂ ਹੋ ਰਹੀਆਂ ਹਨ। ਪੰਜਾਬ ਦੇ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਹਰਚਰਨ ਬੈਂਸ ਤੋਂ ਲੈ ਕੇ ਬਹੁਤ ਸਾਰੇ ਜਣੇ ਲਿਬਾਸ ਨੂੰ ਅਜਿਹੀਆਂ ਘਟਨਾਵਾਂ ਦਾ ਅਹਿਮ ਕਾਰਨ ਮੰਨਦੇ ਹਨ। ਇਹ ਸਲਾਹ ਦਿੰਦੇ ਹਨ ਕਿ ਬੀਬੀਆਂ ਦੀ ਪੁਸ਼ਾਕ 'ਸਲੀਕੇ' ਵਾਲੀ ਹੋਣੀ ਚਾਹੀਦੀ ਹੈ। ਦੁਨੀਆਂ ਭਰ ਦੇ ਵਿਦਵਾਨਾਂ ਨੇ ਅਧਿਐਨਾਂ ਅਤੇ ਅੰਕੜਿਆਂ ਰਾਹੀਂ ਸਾਬਤ ਕਰ ਦਿੱਤਾ ਹੈ ਕਿ ਲਿਬਾਸ ਦੀ ਇਸ ਮਾਮਲੇ ਵਿਚ ਕੋਈ ਭੂਮਿਕਾ ਨਹੀਂ ਹੈ। ਇਹ ਸਲਵਾਰ-ਕਮੀਜ਼, ਪੈਂਟ-ਸ਼ਰਟ, ਬੁਰਕੇ, ਫਰਨ ਅਤੇ ਸਿਰ ਤੋਂ ਪੈਰ ਤੱਕ ਢਕਣ ਵਾਲੇ ਲਿਬਾਸਾਂ ਵਾਲੀਆਂ ਬੀਬੀਆਂ ਵੀ ਮਰਦ ਦਾਬੇ ਵਿਚੋਂ ਉਪਜਦੀ ਇਸ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ, ਜਦੋਂ ਲਿਬਾਸ ਦੀ ਦਲੀਲ ਉਸੇ ਮਰਦਾਵੇਂ ਦਾਬੇ ਵਿਚੋਂ ਉਪਜਦੀ ਹੈ। ਇੱਕ ਮਰਦ ਆਪਣਾ ਗ਼ਲਬਾ ਬੀਬੀਆਂ ਦੇ ਜਿਸਮ ਨੂੰ ਮਧੋਲ ਕੇ ਕਾਇਮ ਕਰਦਾ ਹੈ ਤੇ ਦੂਜਾ ਕੱਪੜਿਆਂ ਤੱਕ ਦੀ ਚੋਣ ਵੀ ਆਪਣੇ ਹੱਥ ਰੱਖ ਕੇ ਔਰਤ ਦੇ ਤੁਰਨ-ਫਿਰਨ ਦਾ ਕਾਇਦਾ-ਕਾਨੂੰਨ ਤੈਅ ਕਰ ਕੇ ਹਮਦਰਦ ਦੇ ਰੂਪ ਵਿਚ ਗ਼ਾਲਬ ਬਣਦਾ ਹੈ।

ਇਹ ਖ਼ਦਸ਼ਾ ਆਪਣੀ ਥਾਂ ਜਾਇਜ਼ ਹੋ ਸਕਦਾ ਹੈ ਕਿ ਇਹ ਸਭ ਕੁਝ ਵਕਤੀ ਉਬਾਲ ਹੈ ਪਰ ਦੂਜੇ ਪਾਸੇ ਇਸ ਦਲੀਲ ਨਾਲ ਸਭ ਕੁਝ ਨੂੰ ਦਰਕਿਨਾਰ ਕਰ ਦੇਣਾ ਵੀ ਤਾਂ ਸਨਕੀਪੁਣੇ ਦੇ ਘੇਰੇ ਵਿਚੋਂ ਬਾਹਰ ਨਹੀਂ ਜਾ ਸਕਦਾ। ਇਸ ਦੇ ਨਾਲ ਦੂਜੀ ਜੁੜਵੀਂ ਦਲੀਲ ਇਹ ਰਹੀ ਕਿ ਸ਼ਰਮਸ਼ਾਰੀ ਦਾ ਅਹਿਸਾਸ ਪ੍ਰਦਰਸ਼ਨਕਾਰੀਆਂ ਵਿਚ ਭਾਰ ਰਿਹਾ। ਇਸੇ ਦਲੀਲ ਦਾ ਦੂਜਾ ਪੱਖ ਹੈ ਕਿ ਹੋਰਨਾਂ ਲਈ ਲੋੜੀਂਦੇ ਅਹਿਸਾਸ ਵਿਚ ਸ਼ਰਮਸ਼ਾਰੀ ਵਾਧਾ ਕਰਦੀ ਹੈ ਤੇ ਬੰਦੇ ਨੂੰ ਬਾਹਰਮੁਖੀ ਹੁੰਦਿਆਂ ਵੀ ਅੰਦਰਮੁਖੀ ਹੋਣ ਦਾ ਸਬੱਬ ਬਣਾਉਂਦੀ ਹੈ। ਸ਼ਰਮਸ਼ਾਰੀ ਮੌਜੂਦਾ ਮੁਹਿੰਮ ਦੇ ਅਹਿਸਾਸ ਵਿਚ ਸ਼ੁਮਾਰ ਹੈ। ਸ਼ਰਮਸ਼ਾਰ ਹੋਣ ਵਾਲਾ ਸੰਵੇਦਨਸ਼ੀਲ ਤਾਂ ਹੋਵੇਗਾ ਹੀ, ਤੇ ਉਸ ਦੇ ਸੁਹਜਮੰਦ ਹੋਣ ਦੀ ਵੀ ਸੰਭਾਵਨਾ ਹੈ। ਕੋਈ ਕਿਸੇ ਵੀ ਅਹਿਸਾਸ, ਮਜਬੂਰੀ ਜਾਂ ਲਾਲਸਾ ਹਿੱਤ ਮੁਹਿੰਮ ਵਿਚ ਸ਼ਾਮਿਲ ਹੋਇਆ ਹੋਵੇ, ਕੀ ਸੰਵਾਦ ਦੀ ਸੰਜੀਦਗੀ ਉਸ ਨਾਲ ਵੀ ਕਾਇਮ ਨਹੀਂ ਰੱਖਣੀ ਚਾਹੀਦੀ? ਅੱਜ ਦੀ ਸ਼ਰਮਸ਼ਾਰੀ ਸਾਨੂੰ ਭਲਕੇ ਦਰਦਮੰਦ ਹੋਣ ਦੇ ਰਾਹ ਪਾਵੇਗੀ। ਸੰਵਾਦ ਦੇ ਘੇਰੇ ਵਿਚ ਆਏ ਜਣੇ/ਜਣੀ ਨੂੰ ਇਹ ਸਮਝਣ ਵਿਚ ਦੇਰ ਨਹੀਂ ਲੱਗਣੀ ਕਿ ਬਲਾਤਕਾਰ ਨੂੰ ਹਾਲਾਤ ਤੇ ਵਿਹਾਰ ਨਾਲੋਂ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ। ਸਾਡੀ ਪਸੰਦ-ਨਾਪਸੰਦ ਦੇ ਬਾਵਜੂਦ ਮੌਜੂਦਾ ਮਾਹੌਲ ਵਿਚ ਸੰਜੀਦਾ ਸੰਵਾਦ ਦੀ ਸੰਭਾਵਨਾ ਘਟ ਰਹੀ ਹੈ। ਅਜਿਹੇ ਮੌਕੇ ਉੱਤੇ ਲੋਕ ਇੱਕ ਮਸਲੇ ਬਾਰੇ ਗੱਲ ਕਰਦੇ ਹਨ; ਸੋ, ਸੁਣਦੇ ਵੀ ਹਨ। ਚੇਤਨ ਬੰਦੇ ਦੀ ਜ਼ਿੰਮੇਵਾਰੀ ਹੈ ਕਿ ਇਸ ਮੌਕੇ ਸੰਵਾਦ ਦੀ ਸੰਜੀਦਗੀ ਵਿਚ ਵਾਧਾ ਕਰੇ ਤੇ ਮਸਲੇ ਦੀਆਂ ਰਮਜ਼ਾਂ ਫਰੋਲੇ। ਇਸ ਮੌਕੇ ਸੜਕਾਂ ਉੱਤੇ ਉਤਰੇ ਲੋਕਾਂ ਵਿਚੋਂ ਬਹੁਤ ਸਾਰੇ ਹੋਣਗੇ ਜੋ ਪਹਿਲਾਂ ਵਰਗੇ ਕਦੇ ਨਹੀਂ ਹੋ ਸਕਣਗੇ। ਜੋ ਪਹਿਲਾਂ ਵਰਗੇ ਨਹੀਂ ਹੋ ਸਕਣਗੇ, ਉਨ੍ਹਾਂ ਵਿਚੋਂ ਕੁਝ ਨਿਰਾਸ਼ ਹੋ ਕੇ ਪਰਤਣਗੇ ਤੇ ਕੁਝ ਬਿਹਤਰ ਮਨੁੱਖ ਹੋਣ ਦੇ ਨਾਲ-ਨਾਲ ਚੰਗਾ ਸਮਾਜ ਸਿਰਜਣ ਦੇ ਰਾਹ ਪੈ ਸਕਦੇ ਹਨ।

ਇੱਕ ਦਲੀਲ ਇਹ ਵੀ ਵਾਰ-ਵਾਰ ਦਿੱਤੀ ਗਈ ਕਿ ਜੋ ਹੁਣ ਬੋਲੇ ਹਨ, ਉਹ ਪਹਿਲਾਂ ਕਿੱਥੇ ਸਨ? ਉਹ ਦੂਜੀਆਂ ਥਾਵਾਂ ਜਾਂ ਸੋਨੀ ਸੋਰੀ ਤੋਂ ਮਨੋਰਮਾ ਤੱਕ ਦੀ ਵਾਰੀ ਕਿਉਂ ਚੁੱਪ ਸਨ? ਉਹ 1984, 1992, 2002 ਅਤੇ 2008 ਦੇ ਫਿਰਕੂ ਕਤਲੇਆਮ ਮੌਕੇ ਕਿਉਂ ਚੁੱਪ ਰਹੇ ਸਨ? ਇਨ੍ਹਾਂ ਦਲੀਲਾਂ ਦੀ ਅਹਿਮੀਅਤ ਬਹੁਤ ਜ਼ਿਆਦਾ ਹੈ। ਇਸ ਵਿਚੋਂ ਦੋ ਨੁਕਤੇ ਸਮਝਣੇ ਜ਼ਰੂਰੀ ਹਨ। ਪਹਿਲਾਂ ਉਨ੍ਹਾਂ ਬਾਬਤ ਹੈ ਜੋ ਆਪਣੇ-ਆਪ ਨੂੰ ਗ਼ੈਰ-ਸਿਆਸੀ ਮੰਨਦੇ ਹਨ ਤੇ ਇਸ ਮੌਕੇ ਸੜਕਾਂ ਉੱਤੇ ਉਤਰ ਆਏ ਹਨ। ਇਹ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਅਜਿਹੀ ਪੀੜ ਦਾ ਅਹਿਸਾਸ ਪਹਿਲੀ ਵਾਰ ਹੋਇਆ ਹੋਵੇ। ਕੀ ਇਸ ਅਹਿਸਾਸ ਦਾ ਕਾਰਨ ਪੀੜਤ ਦਾ ਉਨ੍ਹਾਂ ਦੇ ਆਪਣੇ ਤਬਕੇ ਵਿਚੋਂ ਹੋਣ ਕਾਰਨ ਹੋਇਆ ਹੈ? ਇਸ ਤਬਕੇ ਨਾਲ ਸੰਵਾਦ ਕਰਨ ਦਾ ਮੌਕਾ ਹੈ। ਜਦੋਂ ਅਸੀਂ ਇੱਕੋ ਜਿਹੀਆਂ ਘਟਨਾਵਾਂ ਵਿਚੋਂ ਚੋਣ ਕਰਦੇ ਹਾਂ ਕਿ ਕਿਸ ਨੂੰ ਹੁੰਗਾਰਾ ਭਰਨਾ ਹੈ ਤੇ ਕਦੋਂ ਚੁੱਪ ਵੱਟਣੀ ਹੈ ਤਾਂ ਇਹ ਸਾਡੀ ਸਚੇਤ ਨਹੀਂ ਤਾਂ ਅਚੇਤ ਸਹੀ, ਪਰ ਸਿਆਸੀ ਚੋਣ ਹੁੰਦੀ ਹੈ। ਹੁਣ ਜਦੋਂ ਸੰਵਾਦ ਦਾ ਪਿੜ ਬੱਝਿਆ ਹੈ ਤਾਂ ਇਸ ਮੌਕੇ ਬਲਾਤਕਾਰ ਨੂੰ ਹਥਿਆਰ ਵਜੋਂ ਵਰਤਦੀ ਪੁਲਿਸ ਤੇ ਫ਼ੌਜ ਜਾਂ ਸਿਆਸੀ ਸਰਪ੍ਰਸਤੀ ਹੇਠ ਪਲਦੇ ਫਿਰਕੂ-ਜਨੂੰਨੀ ਜਾਂ ਗੁੰਡੇ ਇਸ ਮਰਦਾਵੇਂ ਦਾ ਬੇਦੀਆਂ ਕੜੀਆਂ ਜੋੜ ਕੇ ਲੜੀ ਨੂੰ ਬੇਪਰਦ ਕੀਤਾ ਜਾਣਾ ਚਾਹੀਦਾ ਹੈ। ਜੋ ਕੱਲ੍ਹ ਚੁੱਪ ਸੀ ਤੇ ਅੱਜ ਬੋਲਿਆ ਹੈ, ਉਸ ਦੇ ਭਲਕੇ ਵੀ ਬੋਲਣ ਦੀ ਸੰਭਾਵਨਾ ਹੈ। ਅੱਜ ਤੇ ਭਲਕ ਦੇ ਵਿਚਕਾਰ ਉਸ ਦੀ ਸੰਵੇਦਨਾ ਦਲੀਲ ਦੀ ਸਾਣ ਉੱਤੇ ਚੜ੍ਹ ਕੇ ਸਿਦਕਦਿਲੀ ਤੱਕ ਦਾ ਸਫ਼ਰ ਤੈਅ ਕਰ ਸਕਦੀ ਹੈ।

ਇਸ ਮੌਕੇ ਤੁਰ ਗਈ ਸਮਕਾਲੀ ਬੀਬੀ ਦੀ ਬੇਨਾਮੀ ਦੀ ਅਹਿਮੀਅਤ ਸਮਝ ਆਉਂਦੀ ਹੈ ਤਾਂ ਉਹ 1947, 1984, 1992 ਜਾਂ 2002 ਵਿਚ ਧਰਮ ਦੇ ਨਾਮ ਉੱਤੇ ਬਲਾਤਕਾਰ ਦਾ ਸ਼ਿਕਾਰ ਹੋਈਆਂ ਬੀਬੀਆਂ ਵਿਚੋਂ ਇੱਕ ਜਾਪਦੀ ਹੈ। ਅਸੀਂ ਉਸ ਵਿਚੋਂ ਕਸ਼ਮੀਰ ਦੀਆਂ ਬੀਬੀਆਂ ਜਾਂ ਨਾਗਾਲੈਂਡ ਦੀ ਮਨੋਰਮਾ ਨੂੰ ਵੀ ਲੱਭ ਸਕਦੇ ਹਾਂ। ਇਹ ਸਾਡੀ ਆਪਣੀ ਕਿਰਨਜੀਤ ਦਾ ਕੋਈ ਰੂਪ ਵੀ ਹੋ ਸਕਦੀ ਹੈ। ਇਸ ਵਿਚੋਂ ਜਾਪਾਨੀ ਫ਼ੌਜ ਹੱਥੋਂ ਜ਼ੁਲਮ ਦਾ ਸ਼ਿਕਾਰ ਹੋਈਆਂ ਕੋਰੀਆਈ ਬੀਬੀਆਂ ਵੀ ਤਾਂ ਦਿਸ ਦੀਆਂ ਹਨ ਜੋ ਹੁਣ ਵੀ ਜਾਪਾਨੀ ਸਫ਼ਾਰਤਖ਼ਾਨੇ ਮੂਹਰੇ ਮੁਜ਼ਾਹਰੇ ਕਰਦੀਆਂ ਹਨ। ਅਮਰੀਕੀਆਂ ਦੀ ਹਵਸ ਦਾ ਸ਼ਿਕਾਰ ਹੋਈਆਂ ਅਫ਼ਗ਼ਾਨ ਤੇ ਇਰਾਕੀ ਬੀਬੀਆਂ ਵੀ ਤਾਂ ਉਸ ਦੀਆਂ ਹਮਨਾਮ ਹਨ। ਸਾਡੇ ਲਈ ਤਾਂ ਸਵਾਲ ਇਹੋ ਹੈ ਕਿ ਇਤਿਹਾਸ ਵਿਚੋਂ ਤੁਰੀ ਆਉਂਦੀ ਇਸ ਲੜੀ ਨੂੰ ਭਵਿੱਖ ਵਿਚ ਪਸਰਨ ਤੋਂ ਕਿਵੇਂ ਰੋਕਣਾ ਹੈ। ਬਿਹਤਰ ਮਨੁੱਖ ਕਿਵੇਂ ਬਣਨਾ ਹੈ?

ਇਸ ਮੁਹਿੰਮ ਵਿਚ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਤੇ ਫ਼ਾਂਸੀ ਦੀ ਮੰਗ ਲਗਾਤਾਰ ਉੱਠਦੀ ਰਹੀ। ਇਸ ਦਲੀਲ ਦਾ 'ਮੌਤ ਦੀ ਸਜ਼ਾ' ਖ਼ਿਲਾਫ਼ ਚੱਲ ਦੀ ਆਲਮੀ ਮੁਹਿੰਮ ਨਾਲ ਟਾਕਰਾ ਦਿੱਲੀ ਦੀਆਂ ਸੜਕਾਂ ਉੱਤੇ ਹੋਇਆ। ਬਹੁਤ ਸਾਰੀਆਂ ਔਰਤ ਜਥੇਬੰਦੀਆਂ ਬੀਬੀਆਂ ਦੇ ਹਕੂਕ ਲਈ ਜੂਝਦੀਆਂ ਹਨ ਤੇ ਨਾਲੋ-ਨਾਲ ਉਹ 'ਮੌਤ ਦੀ ਸਜ਼ਾ' ਦੇ ਵੀ ਖ਼ਿਲਾਫ਼ ਹਨ। 'ਮੌਤ ਦੀ ਸਜ਼ਾ' ਦੇ ਖ਼ਿਲਾਫ਼ ਦਲੀਲਾਂ ਵਿਚ ਇੱਕ ਦਲੀਲ ਇਹ ਹੈ ਕਿ ਰਾਜ ਪ੍ਰਬੰਧ ਨੂੰ ਕਤਲ ਕਰਨ ਦਾ ਕਾਨੂੰਨੀ ਹੱਕ ਨਹੀਂ ਹੋਣਾ ਚਾਹੀਦਾ ਤੇ ਇਹ ਅਕਸਰ ਅਵਾਮ ਖ਼ਿਲਾਫ਼ ਜ਼ਿਆਦਾ ਵਰਤਿਆ ਜਾਂਦਾ ਹੈ। ਦਿੱਲੀ ਦੀਆਂ ਸੜਕਾਂ ਉੱਤੇ ਫਾਂਸੀ ਦੀ ਸਜ਼ਾ ਮੰਗਣ ਲਈ ਆਏ ਕਈ ਬੰਦਿਆਂ ਨੇ ਇਨ੍ਹਾਂ ਬੀਬੀਆਂ ਦੀ ਦਲੀਲ ਦਾ ਅਸਰ ਕਬੂਲ ਕਰ ਕੇ ਆਪਣੀ ਸਮਝ ਨੂੰ ਦਰੁਸਤ ਕਰਨ ਦਾ ਮੌਕਾ ਨਹੀਂ ਖੁੰਝਾਇਆ। ਸਖ਼ਤ ਸਜ਼ਾਵਾਂ ਤੇ ਫ਼ਾਂਸੀ ਦੀ ਸਜ਼ਾ ਦੀ ਮੰਗ ਰਵਾਇਤੀ ਮਰਦਾਵੀਂ ਹੈਂਕੜ ਜਾਂ ਪਸ਼ੂਬਲ ਦੇ ਇਸਤੇਮਾਲ ਦੀ ਧਾਰਨਾ ਨਾਲ ਜੁੜੀ ਹੋਈ ਹੈ। ਸਿਆਸੀ ਪਾਰਟੀਆਂ ਸਾਰੇ ਮੁੱਦੇ ਦਾ ਹੱਲ





ਸਖ਼ਤ ਸਜ਼ਾਵਾਂ ਤੇ ਕਾਨੂੰਨਾਂ ਤੱਕ ਮਹਿਦੂਦ ਕਰਦੀਆਂ ਹਨ। ਭਾਜਪਾ ਬਲਾਤਕਾਰੀਆਂ ਲਈ ਫਾਂਸੀ ਦੀ ਸਜ਼ਾ ਦੀ ਮੰਗ ਕਰ ਰਹੀ ਹੈ। ਕਾਂਗਰਸ ਦੱਬੀ ਸੁਰ ਵਿਚ ਬਲਾਤਕਾਰੀਆਂ ਨੂੰ ਰਸਾਇਣਕ ਢੰਗ ਨਾਲ ਖੱਸੀ ਕਰਨ ਦੀ ਵਕਾਲਤ ਕਰ ਰਹੀ ਹੈ। ਇਸੇ ਢੰਗ ਦੀ ਮੰਗ ਜੈ ਲਲਿਤਾ ਨੇ ਕਰ ਦਿੱਤੀ ਹੈ। ਸਵਾਲ ਇਹ ਹੈ ਕਿ ਮੌਜੂਦਾ ਕਾਨੂੰਨ ਤੇ ਨਿਆਂ ਪ੍ਰਬੰਧ ਵਿਚ ਅਦਾਲਤ ਤੱਕ ਪੁੱਜੇ ਇੱਕ ਚੌਥਾਈ ਦੋਸ਼ੀਆਂ ਨੂੰ ਵੀ ਸਜ਼ਾ ਨਹੀਂ ਮਿਲਦੀ। ਚਾਰ ਦਹਾਕੇ ਪਹਿਲਾਂ ਹਰ ਦੂਜੇ ਦੋਸ਼ੀ ਨੂੰ ਸਜ਼ਾ ਮਿਲ ਰਹੀ ਸੀ। ਪੁਖ਼ਤਾ ਢੰਗ ਨਾਲ ਜਾਂਚ ਕਰਕੇ ਸਮਾਂਬੱਧ ਅਦਾਲਤੀ ਕਾਰਵਾਈ ਬਿਹਤਰ ਇਨਸਾਫ਼ ਯਕੀਨੀ ਬਣ ਸਕਦਾ ਹੈ ਪਰ ਕੋਈ ਸਿਆਸੀ ਪਾਰਟੀ ਇਸ ਪੱਖ ਵਿਚ ਦਿਲਚਸਪੀ ਨਹੀਂ ਰੱਖਦੀ। ਸਾਰੀਆਂ ਪਾਰਟੀਆਂ ਅਜਿਹੇ ਉਮੀਦਵਾਰਾਂ ਨੂੰ ਚੋਣ ਮੈਦਾਨ ਵਿਚ ਉਤਾਰਦੀਆਂ ਹਨ ਜੋ ਇਸੇ ਪੱਖੋਂ ਦਾਗ਼ੀ ਹਨ। ਜੇ ਸਿਆਸੀ ਪਾਰਟੀਆਂ ਸੰਜੀਦਾ ਹੋਣ ਤਾਂ ਉਨ੍ਹਾਂ ਦੀ ਸਿਆਸਤ ਵਿਚ ਔਰਤਾਂ ਦੇ ਮਸਲਿਆਂ ਨੂੰ ਤਰਜੀਹ ਮਿਲਣੀ ਚਾਹੀਦੀ ਹੈ। ਇਸ ਵੇਲੇ ਉਹ ਉਲਾਰ ਬਿਆਨਬਾਜ਼ੀ ਦਾ ਮੁਕਾਬਲਾ ਕਰ ਰਹੀਆਂ ਹਨ। ਇਹ ਹੋ ਸਕਦਾ ਹੈ ਕਿ ਆਉਂਦੇ ਦਿਨਾਂ ਵਿਚ ਜਸਟਿਸ ਕਮੇਟੀ ਦੀਆਂ ਸਿਫ਼ਾਰਿਸ਼ਾਂ ਤੇ ਸਿਆਸੀ ਪਾਰਟੀਆਂ ਦੀ ਸਹਿਮਤੀ ਨਾਲ ਸਖ਼ਤ ਸਜ਼ਾ ਦਾ ਕਾਨੂੰਨੀ ਬੰਦੋਬਸਤ ਕਰ ਦਿੱਤਾ ਜਾਏ। ਸਵਾਲ ਇਹੋ ਰਹੇਗਾ ਕਿ ਕਾਨੂੰਨੀ ਬੰਦੋਬਸਤ ਤੇ ਅਮਲ ਵਿਚਲਾ ਖੱਪਾ ਕਿਵੇਂ ਪੂਰਿਆ ਜਾ ਸਕਦਾ ਹੈ?

ਕੁਝ ਤਬਕਿਆਂ ਨੇ ਦਲੀਲ ਦਿੱਤੀ ਹੈ ਕਿ ਔਰਤਾਂ ਉੱਤੇ ਮਰਦਾਵੇਂ ਦਾਬੇ ਨੂੰ ਮੌਜੂਦਾ ਪ੍ਰਬੰਧ ਵਿਚ ਨਹੀਂ ਤੋੜਿਆ ਜਾ ਸਕਦਾ। ਇਸ ਦਲੀਲ ਵਿਚ ਬਹੁਤ ਵਜ਼ਨ ਹੈ ਕਿਉਂਕਿ ਸਿਆਸੀ ਸਰਪ੍ਰਸਤੀ ਤੇ ਘੇਸਲ ਨਾਲ ਇਹ ਰੁਝਾਨ ਬਾਦਸਤੂਰ ਜਾਰੀ ਹੈ। ਸਿਆਸਤਦਾਨ ਸਭ ਕੁਝ ਕਰ ਰਹੇ ਹਨ ਤਾਂ ਇਸ ਦਾ ਮਤਲਬ ਇਹ ਤਾਂ ਨਹੀਂ ਕਿ ਸਮਾਜ ਵਿਚ ਇਹ 'ਖੁੱਲ੍ਹਾਂ' ਜਾਇਜ਼ ਕਰਾਰ ਦੇ ਦਿੱਤੀਆਂ ਜਾਣ। ਸਰਕਾਰਾਂ ਖ਼ਿਲਾਫ਼ ਅਤੇ ਗੁੰਡਿਆਂ ਖ਼ਿਲਾਫ਼ ਤਾਂ ਹਰ ਹੀਲੇ, ਹਰ ਤਰ੍ਹਾਂ ਤੇ ਹਰ ਵੇਲੇ ਲੜਨਾ ਹੀ ਚਾਹੀਦਾ ਹੈ ਪਰ ਨਾਲੋ-ਨਾਲ ਆਪਣੇ ਆਪ ਨੂੰ 'ਸਰਕਾਰੀ' ਬੰਦੇ ਤੋਂ ਬਿਹਤਰ ਵੀ ਬਣਾਉਣਾ ਚਾਹੀਦਾ ਹੈ। ਇਹ ਸਵਾਲ ਸਾਨੂੰ ਇਕਾਈਆਂ ਵਜੋਂ ਵੀ ਪੁੱਛਣਾ ਚਾਹੀਦਾ ਹੈ ਤੇ ਅਦਾਰਿਆਂ ਵਜੋਂ ਵੀ। ਹਰ ਹਾਲਾਤ ਵਿਚ ਤਮਾਮ ਪਾਬੰਦੀਆਂ ਦੇ ਬਾਵਜੂਦ ਕੁਝ ਵਿੱਥ ਹੁੰਦੀ ਹੈ ਜਿਸ ਵਿਚੋਂ ਬੰਦਿਆਈ ਸਾਹ ਲੈਂਦੀ ਹੈ। ਜਾਗਰੂਕ ਬੰਦੇ ਦਾ ਫ਼ਰਜ਼ ਬਣਦਾ ਹੈ ਕਿ ਇਸ ਥਾਂ ਦਾ ਪਸਾਰਾ ਕਰਨ ਲਈ ਤਰੱਦਦ ਕਰੇ। ਜਾਗਰੂਕ ਤੇ ਚੇਤਨ ਬੰਦੇ ਦੀ ਕਿਸੇ ਸੱਤਾ ਨੇ ਬਾਂਹ ਨਹੀਂ ਫੜੀ ਹੋਈ ਕਿ ਉਹ ਬਿਹਤਰ ਮਨੁੱਖ ਹੋਣ ਤੋਂ ਮੁਨਕਰ ਹੋ ਜਾਵੇ। ਬਹੁਤ ਕੁਝ ਸਰਕਾਰਾਂ ਹੱਥ ਹੁੰਦਾ ਹੈ ਪਰ ਬੰਦਾ ਆਪਣੀ ਚੰਗਿਆਈ ਤੋਂ ਖਹਿੜਾ ਛੁਡਾਉਣ ਦੀ ਸਾਰੀ ਜ਼ਿੰਮੇਵਾਰੀ ਸਰਕਾਰ ਸਿਰ ਨਹੀਂ ਪਾ ਸਕਦਾ। ਸਮਾਜ ਦੀਆਂ ਬਾਕੀ ਇਕਾਈਆਂ ਅਤੇ ਅਦਾਰੇ ਕਿੱਥੇ ਹਨ? ਉਨ੍ਹਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਬਣਦੀ? ਜਿਨ੍ਹਾਂ ਨੇ ਚੰਗਾ ਸਮਾਜ ਸਿਰਜਣਾ ਹੈ ਜਾਂ ਬਿਹਤਰ ਸੱਤਾ ਸਿਰਜਣੀ ਹੈ, ਉਨ੍ਹਾਂ ਨੂੰ ਮੌਜੂਦਾ ਪ੍ਰਬੰਧ ਨੂੰ ਚੰਗਿਆਈ ਵਿਚ ਵੀ ਮਾਤ ਦੇਣੀ ਹੋਵੇਗੀ।

ਇਸ ਮਾਮਲੇ 'ਤੇ ਮੀਡੀਆ ਦੀ ਕਾਰਗੁਜ਼ਾਰੀ ਉੱਤੇ ਕਈ ਸਵਾਲ ਹੋਏ ਹਨ। ਜਦੋਂ ਸਰਕਾਰਾਂ ਸੰਜੀਦਾ ਖੋਜਾਂ ਅਤੇ ਸਮਾਜਕ ਰੁਝਾਨ (ਵਿਗਾੜ ਤੇ ਨਿਘਾਰ) ਦਾ ਦੱਸ ਪਾਉਂਦੇ ਲੇਖਾਂ ਨੂੰ ਨਜ਼ਰਅੰਦਾਜ਼ ਕਰਦੀਆਂ ਹਨ ਤਾਂ ਘਟਨਾਵਾਂ ਦੇ ਹਵਾਲੇ ਨਾਲ ਹੀ ਸਹੀ, ਘੱਟੋ-ਘੱਟ ਗੱਲ ਤਾਂ ਹੁੰਦੀ ਹੈ। ਉਸ ਦੀ ਐਂਬੂਲੈਂਸ ਪਿੱਛੇ ਭੱਜਦੇ ਕੈਮਰਿਆਂ ਵਾਲਿਆਂ ਨੂੰ ਦੇਖ ਕੇ ਪੱਤਰਕਾਰ ਬਰਾਦਰੀ ਵੀ ਸ਼ਰਮਸਾਰ ਹੋਈ। ਉਧਰ, ਸਰਕਾਰ ਔਖੀ ਹੋਈ ਪਰ ਮੀਡੀਆ ਨੇ ਪ੍ਰਦਰਸ਼ਨਕਾਰੀਆਂ ਨੂੰ ਨਾ ਸਿਰਫ਼ ਦਿਖਾਇਆ ਬਲਕਿ ਲਗਾਤਾਰ ਚਰਚਾ ਵੀ ਕੀਤੀ। ਹੁਣ ਸਰਕਾਰ ਦੀ ਇਸੇ ਔਖ ਦੀ ਹਾਮੀ ਭਰਦੇ 'ਵਿਦਵਾਨ' ਆਪਣਾ ਪੱਖ ਵਿਚਾਰਨ ਕਿ ਉਹ ਕਿਸ ਦੇ ਨਾਲ ਹਨ? ਮੀਡੀਆ ਕੋਲ ਕੋਈ ਮੰਤਰ ਨਹੀਂ ਕਿ ਅਜਿਹੇ ਮੌਕੇ ਕਿਵੇਂ ਕੰਮ ਕਰੇ, ਪਰ ਸਰਕਾਰ ਦੀ ਔਖ ਕਾਰਨ ਤਾਂ ਚੁੱਪ ਨਹੀਂ ਕੀਤਾ ਜਾ ਸਕਦਾ! ਦਿੱਲੀ ਮੌਕੇ ਕੇਂਦਰ ਸਰਕਾਰ ਔਖੀ ਹੁੰਦੀ ਹੈ ਤੇ ਅੰਮ੍ਰਿਤਸਰ ਮੌਕੇ ਪੰਜਾਬ ਸਰਕਾਰ ਪੱਖਪਾਤੀ ਕਰਾਰ ਦਿੰਦੀ ਹੈ। ਸਰਕਾਰ ਦਾ ਲੋਕ ਸੰਪਰਕ ਮਹਿਕਮਾ ਆਪਣੇ ਪ੍ਰਬੰਧਕੀ ਹੁਨਰ ਨਾਲ ਮੀਡੀਆ ਵਿਚ ਦਖ਼ਲਅੰਦਾਜ਼ੀ ਕਰ ਰਿਹਾ ਹੈ ਤੇ ਚੋਖਾ ਕਾਮਯਾਬ ਵੀ ਹੈ। ਇਸ ਮਾਹੌਲ ਵਿਚ ਵੀ ਇਹ ਮਹਿਕਮਾ ਹੁੰਝਾ ਨਹੀਂ ਫੇਰ ਸਕਿਆ; ਇਹ ਤਸੱਲੀ ਵਾਲੀ ਗੱਲ ਹੈ।

ਕੁਝ ਦਿਨਾਂ ਬਾਅਦ ਇਹ ਮਸਲਾ ਪੁਰਾਣਾ ਪੈ ਜਾਵੇਗਾ। ਉਸ ਵੇਲੇ ਮੁੜ ਕੇ ਆਵਾਜ਼ਾਂ ਆਉਣਗੀਆਂ ਕਿ ਕੁਝ ਨਹੀਂ ਹੋ ਸਕਦਾ! ਪਟਿਆਲੇ ਵਾਲੇ ਮਾਮਲੇ ਵਿਚ ਪੁਲਿਸ ਨੂੰ ਦੋ ਮੁਲਾਜ਼ਮ ਬਰਖ਼ਾਸਤ ਕਰ ਕੇ ਮੁਲਜ਼ਮ ਵਜੋਂ ਗ੍ਰਿਫ਼ਤਾਰ ਕਰਨੇ ਪਏ ਹਨ। ਗੁਰਦਾਸਪੁਰ ਵਿਚ ਪੁਲਿਸ ਮਹੀਨੇ ਬਾਅਦ ਕਾਰਵਾਈ ਕਰਨ ਲਈ ਮਜਬੂਰ ਹੋਈ ਹੈ। ਇਸੇ ਤਰ੍ਹਾਂ ਹੋਰ ਕਈ ਥਾਵਾਂ ਉੱਤੇ ਪੁਲਿਸ ਦਾ ਘੇਸਲ ਵਾਲਾ ਰਵੱਈਆ ਬਦਲਿਆ ਹੈ। ਇਹ ਬਦਲਾਅ ਵਕਤੀ ਹੈ ਪਰ ਇਸ ਨੂੰ ਚਿਰਕਾਲੀ ਬਣਾਉਣ ਦੀ ਕੁੰਜੀ ਆਵਾਮ ਦੇ ਹੱਥ ਲੱਗ ਗਈ ਹੈ। ਜਿਨ੍ਹਾਂ ਦੇ ਅੰਦਰੋਂ ਉਸ ਬੇਨਾਮ ਦੇ ਨਾਲ ਕੁਝ ਖੁਰ ਗਿਆ ਹੈ, ਉਨ੍ਹਾਂ ਨੂੰ ਇਸ ਅਹਿਸਾਸ ਦੀ ਕਦਰ ਕਰਨੀ ਹੋਵੇਗੀ। ਇਸ ਨਾਲ ਵਕਤੀ ਉਬਾਲ ਚਿਰਕਾਲੀ ਸੁਹਜ ਦਾ ਰੂਪ ਧਾਰ ਸਕਦਾ ਹੈ ਤੇ ਅਸੀਂ ਬਿਹਤਰ ਮਨੁੱਖ ਹੋ ਸਕਦੇ ਹਾਂ ਇਹ ਕਿਹਾ ਜਾ ਸਕਦਾ ਹੈ ਕਿ ਚਿਰਕਾਲੀ ਪ੍ਰਾਪਤੀ ਸ਼ਾਇਦ ਕੁਝ ਨਾ ਹੋਵੇ। ਜਿਨ੍ਹਾਂ ਨੂੰ ਬਿਹਤਰ ਸਮਾਜ ਚਾਹੀਦਾ ਹੈ, ਉਨ੍ਹਾਂ ਨੂੰ ਅਸੰਭਵ ਬਾਰੇ ਸੋਚਣ ਤੋਂ ਅਤੇ ਚਾਰਾਜੋਈ ਤੋਂ ਕੌਣ ਰੋਕ ਸਕਦਾ ਹੈ?

# ਇਕ ਵੇਦਨਾਮਈ ਪੁਕਾਰ



ਡਾ. ਦਲੀਪ ਕੌਰ ਟਿਵਾਣਾ

**ਪੰਜਾਬੀ ਜ਼ੁਬਾਨ ਦੀ ਸਭ ਤੋਂ ਸੰਵੇਦਨਸ਼ੀਲ ਲੇਖਿਕਾ ਦਲੀਪ ਕੌਰ ਟਿਵਾਣਾ ਜੋ ਕਿ ਔਰਤ ਦੇ ਦੁੱਖਾਂ-ਦਰਦਾਂ ਤੇ ਉਸ ਦੀ ਮਹਾਨਤਾ ਨੂੰ ਬਹੁਤ ਡੂੰਘਾਈ ਤੋਂ ਜਾ ਦੇਖਦੀ ਹੈ।**



ਪੁਰਾਣੇ ਵੇਲਿਆਂ ਵਿੱਚ ਆਖਦੇ ਸਨ ਜੇ ਧੀ ਘਰੋਂ ਹਉਕਾ ਲੈ ਕੇ ਜਾਵੇ ਤਾਂ ਘਰ ਦੀਆਂ ਚਾਰੇ ਕੰਧਾਂ ਹਿਲਦੀਆਂ ਨੇ, ਪਰ ਜਿਸ ਦੇਸ਼ ਵਿੱਚ ਧੀਆਂ ਮਨੁੱਖਾਂ ਦੀ ਦਾਨਵੀ ਖੇਡ ਨਾਲ ਪੀੜਤ ਕੁਰਲਾਉਂਦੀਆਂ ਨੇ ਤਾਂ ਕੀ ਉਹ ਦੇਸ਼ ਗਰਕ ਨਹੀਂ ਜਾਵੇਗਾ? ਅਸੀਂ ਕੁਦਰਤੀ ਆਫਤਾਂ ਤੋਂ ਤ੍ਰਹਿੰਦੇ ਹਾਂ ਤੇ ਰੱਬ ਨੂੰ ਕੋਸਦੇ ਹਾਂ ਕਿ ਉਹ ਕੀ ਕਰਨ ਲੱਗ ਪਿਆ ਹੈ। ਕਿਤੇ ਭੁਚਾਲ ਆਉਂਦੇ ਹਨ, ਕਿਤੇ ਤੂਫਾਨ ਆਉਂਦੇ ਹਨ ਤੇ ਅਨੇਕਾਂ ਹਾਦਸਿਆਂ ਦੀ ਸਾਨੂੰ ਕੋਈ ਸਮਝ ਨਹੀਂ ਲਗਦੀ। ਅਸੀਂ ਇਹ ਨਹੀਂ ਸਮਝਦੇ ਕਿ ਕੋਈ ਸਰਵ ਸ਼ਕਤੀਮਾਨ ਸਭ ਕੁਝ ਦੇਖ ਰਿਹਾ ਹੈ। ਜਦੋਂ ਹਰ ਇਨਸਾਨ ਪੂਰੀ ਸ੍ਰਿਸ਼ਟੀ ਹੈ ਤਾਂ ਔਰਤ ਭਾਵੇਂ ਉਹ ਕਿਸੇ ਵੀ ਉਮਰ ਦੀ ਹੈ ਉਸ ਅੰਦਰ ਵੀ ਸ੍ਰਿਸ਼ਟੀ ਦਾ ਕਰਤਾ ਰੱਬ ਵਸਦਾ ਹੈ। ਕੀ ਉਸ ਨਾਲ ਕੀਤਾ ਦੁਰਵਿਹਾਰ ਸ੍ਰਿਸ਼ਟੀ ਦੇ ਸਿਰਜਣਹਾਰ ਨਾਲ ਕੀਤਾ ਦੁਰਵਿਹਾਰ ਨਹੀਂ?

ਕੁਝ ਲੋਕਾਂ ਲਈ ਇਹ ਨਿਰੀ ਜਿਸਮਾਨੀ ਖੇਡ ਹੈ ਪਰ ਜਿਸ ਬਾਲੜੀ ਨੂੰ, ਲੜਕੀ ਨੂੰ ਜਾਂ ਔਰਤ ਨੂੰ ਇਸ ਖੇਡ ਲਈ ਵਰਤਿਆ ਜਾਂਦਾ ਹੈ ਉਸ ਦਾ ਜਿਸਮ ਤਾਂ ਕੀ ਰੂਹ ਤਕ ਵੀ ਝਰੀਟੀ ਜਾਂਦੀ ਹੈ। ਝੂਠੇ ਇਲਜ਼ਾਮ ਨੂੰ ਬਰਦਾਸ਼ਤ ਨਾ ਕਰਦਿਆਂ ਸੀਤਾ ਧਰਤੀ ਵਿੱਚ ਸਮਾ ਗਈ ਸੀ। ਉਹ ਵਿਚਾਰੀ ਕੀ ਕਰੇ ਜਿਸ ਨੂੰ ਉਮਰ ਭਰ ਅਜਿਹੇ ਸੱਚੇ ਇਲਜ਼ਾਮ ਨੂੰ ਲੈ ਕੇ ਜਿਊਣਾ ਪੈਂਦਾ ਹੈ ਜਾਂ ਮਰਨਾ ਪੈਂਦਾ ਹੈ ਜਾਂ ਖ਼ੁਦਕੁਸ਼ੀ ਕਰਨੀ ਪੈਂਦੀ ਹੈ। 'ਕੁੜੀ ਮਾਰਾਂ ਦੇ ਦੇਸ਼ ਵਿੱਚ' ਵਾਲੇ ਲੇਖ ਵਿੱਚ ਮੈਂ ਲਿਖਿਆ ਸੀ ਕਿ ਅੱਜ ਦੇ ਸਮੇਂ ਵਿੱਚ ਕਿਸੇ ਵੀ ਉਮਰ ਵਿੱਚ ਕਿਸੇ ਵੀ ਸਥਿਤੀ ਵਿੱਚ, ਕਿਸੇ ਵੀ ਰਿਸ਼ਤੇ ਵਿੱਚ ਔਰਤ ਸੁਰੱਖਿਅਤ ਨਹੀਂ। ਰਾਕਸ਼ਸ਼ ਬਣ ਗਏ ਲੋਕਾਂ ਦੇ ਦੁਰਵਿਹਾਰ ਦਾ ਸ਼ਿਕਾਰ ਬਣੀਆਂ ਧੀਆਂ-ਭੈਣਾਂ ਦੀਆਂ ਖ਼ਬਰਾਂ ਅਸੀਂ ਨਿੱਤ ਪੜ੍ਹਦੇ ਹਾਂ। ਅਜਿਹੇ ਹਾਦਸਿਆਂ ਤੋਂ ਤਪ ਕੇ ਡੇਢ ਕੁ ਸਾਲ ਪਹਿਲਾਂ ਮੈਂ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਬੜੀ ਔਖੀ ਹੋ ਕੇ ਚਿੱਠੀ ਲਿਖੀ ਸੀ ਕਿ ਧੀਆਂ-ਭੈਣਾਂ ਦੀ ਇੱਜ਼ਤ ਨੂੰ ਸੁਰੱਖਿਅਤ ਬਣਾਉਣ ਲਈ ਕਰੜੇ ਕਾਨੂੰਨ ਬਣਾਏ ਜਾਣ।

ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਵਿੱਚ ਚੋਰੀਆਂ ਕਿਉਂ ਬੰਦ ਹੋ ਗਈਆਂ ਸਨ ਕਿਉਂਕਿ ਚੋਰੀ ਕਰਨ ਵਾਲੇ ਦੇ ਹੱਥ ਕੱਟ ਦਿੱਤੇ ਜਾਂਦੇ ਸਨ। ਕੁਝ ਅਜਿਹੀਆਂ ਸਖ਼ਤ ਸਜ਼ਾਵਾਂ ਹੀ ਅੱਜ ਦੇ ਵਧ ਰਹੇ ਜੁਰਮਾਂ ਨੂੰ ਠੱਲ੍ਹ ਪਾ ਸਕਣਗੀਆਂ ਨਹੀਂ ਤਾਂ ਕੁੱਖ ਵਿੱਚ ਕੁੜੀਆਂ ਮਾਰਨ ਦਾ ਰੁਝਾਨ ਹੋਰ ਵੀ ਵਧ ਜਾਵੇਗਾ।

ਸਕੂਲਾਂ, ਕਾਲਜਾਂ ਵਿੱਚ ਨੈਤਿਕ ਸਿੱਖਿਆ ਦਾ ਵਿਸ਼ਾ ਜ਼ਰੂਰੀ ਤੌਰ 'ਤੇ ਪੜ੍ਹਾਉਣਾ ਚਾਹੀਦਾ ਹੈ। ਇਸ ਤੋਂ ਬਿਨਾਂ ਸਕੂਲਾਂ, ਕਾਲਜਾਂ, ਮੰਦਰਾਂ, ਮਸੀਤਾਂ ਅਤੇ ਗੁਰਦੁਆਰਿਆਂ ਦੇ ਨਾਲ ਲੜਕੀਆਂ ਲਈ ਆਤਮ ਸੁਰੱਖਿਆ ਲਈ ਟਰੇਨਿੰਗ ਸੈਂਟਰ ਜੂਡੋ ਕਰਾਟੇ ਆਦਿ ਦੇ ਸੈਂਟਰ ਖੋਲ੍ਹਣੇ ਜ਼ਰੂਰੀ ਹਨ ਤਾਂ ਜੋ ਮਨ ਅਤੇ ਤਨ ਤੋਂ ਤਕੜੀਆਂ ਕੁੜੀਆਂ ਆਪਣੀ ਇੱਜ਼ਤ 'ਤੇ ਪਹਿਰਾ ਦੇ ਸਕਣਾ।

ਪੁਰਾਣੇ ਵੇਲਿਆਂ ਵਿੱਚ ਪਿੰਡ ਵਿੱਚ ਜੇ ਕੋਈ ਮਾੜੀ ਹਰਕਤ ਕਰਦਾ ਸੀ ਤਾਂ ਉਸ ਦਾ ਸਿਰ ਮੁੰਨ ਕੇ, ਮੂੰਹ ਕਾਲਾ ਕਰ ਕੇ, ਗਲ ਛਿੱਤਰਾਂ ਦੇ ਹਾਰ ਪਾ ਕੇ, ਗਧੇ ਉੱਪਰ ਚੜ੍ਹਾ ਕੇ ਸਾਰੇ ਪਿੰਡ ਵਿੱਚ ਫੇਰਿਆ ਜਾਂਦਾ ਸੀ ਇਹ ਬਾਕੀਆਂ ਲਈ ਸਬਕ ਹੁੰਦਾ ਸੀ। ਪਰ ਅੱਜ ਪੈਸੇ ਦੇ ਜ਼ੋਰ ਨਾਲ ਸਿਆਸਤਦਾਨਾਂ ਦੀ ਮਦਦ ਨਾਲ ਪੁਲੀਸ ਅਤੇ ਕਾਨੂੰਨ ਵੀ ਖਰੀਦ ਲਏ ਜਾਂਦੇ ਨੇ, ਗੁੰਡਿਆਂ ਤੋਂ ਡਰਦਾ ਕੋਈ ਗਵਾਹੀ ਦੇਣ ਲਈ ਵੀ ਤਿਆਰ ਨਹੀਂ ਹੁੰਦਾ। ਕਈ ਵਾਰੀ ਜ਼ੁਲਮ ਦਾ ਸ਼ਿਕਾਰ ਲੜਕੀ ਨੂੰ ਜ਼ਲੀਲ ਕਰਨ ਵਾਲੇ ਸਵਾਲ ਪੁੱਛੇ ਜਾਂਦੇ ਹਨ, ਜਿੰਨੀ ਗਿਣਤੀ ਵਿੱਚ ਇਹ ਭਿਆਨਕ ਖ਼ਬਰਾਂ ਨਸ਼ਰ ਹੁੰਦੀਆਂ ਹਨ ਉਸ ਤੋਂ ਵੱਧ ਕਈ ਗਿਣਤੀ ਵਿੱਚ ਨਮੋਸ਼ੀ ਦੇ ਡਰੋਂ ਛੁਪਾ ਵੀ ਲਈਆਂ ਜਾਂਦੀਆਂ ਨੇ। ਮੇਰੇ ਨਾਵਲ 'ਤੁਮਰੀ ਕਥਾ ਕਹੀ ਨਾ ਜਾਇ' ਵਿੱਚ ਇੱਕ ਥਾਂ ਗੁਰੂ ਗੋਬਿੰਦ ਸਿੰਘ ਜੀ ਦੀ ਪਤਨੀ ਰਾਜਸੀ ਤਸ਼ੱਦਦ ਤੋਂ ਘਬਰਾ ਕੇ ਗੁਰੂ ਜੀ ਨੂੰ ਆਖਦੀ ਹੈ, ''ਆਪਾਂ ਇਨ੍ਹਾਂ ਲੜਾਈਆਂ ਝਗੜਿਆਂ ਤੋਂ ਕੀ ਲੈਣਾ ਐ। ਦੂਰ ਜੰਗਲਾਂ ਵਿੱਚ ਕਿਤੇ ਰਹਿਣ ਚੱਲਦੇ ਆਂ। ਉੱਥੇ ਤੁਸੀਂ ਭਜਨ ਪਾਠ ਕਰਿਆ ਕਰਨਾ ਤੇ ਬੱਚੇ ਵੀ ਸੁਰੱਖਿਅਤ ਰਹਿਣਗੇ'' ਇਸ ਉਪਰੰਤ ਗੁਰੂ ਜੀ ਨੇ ਪੁੱਛਿਆ ਸੀ ਕਿ ਕੀ ਜੰਗਲ ਵਿੱਚ ਬੱਚੇ ਵੱਡੇ ਨਹੀਂ ਹੋਣਗੇ ਤੇ ਫੇਰ ਬੁੱਢੇ ਨਹੀਂ ਹੋਣਗੇ, ਫੇਰ ਮਰਨਗੇ ਵੀ ਨਹੀਂ। ਜਦੋਂ ਮੌਤ ਨੇ ਸਾਨੂੰ ਉੱਥੇ ਵੀ ਆ ਲੱਭਣਾ ਹੈ ਤਾਂ ਮੌਤ ਤੋਂ ਡਰ ਕੇ ਮਨੁੱਖੀ ਧਰਮ ਕਿਉਂ ਤਿਆਗ ਦਿੱਤਾ ਜਾਵੇ। ਧਰਮ ਵਿਹੂਣਾ ਕਰਮ ਵਿਹੂਣਾ ਫਿਰ ਇਹ ਨਿਰਥਕ ਜੀਵਨ ਕਿਸ ਅਰਥ। ਅਸੀਂ ਇਹ ਸਾਰੀਆਂ ਗੱਲਾਂ ਭੁੱਲ ਗਏ ਹਾਂ ਨਾ ਰੱਬ ਦਾ ਡਰ ਨਾ ਮੌਤ ਦਾ ਭੈਅ।

ਇਸ ਸਭ ਕੁਝ ਨੂੰ ਰੋਕਣ ਲਈ ਸਿਰਫ ਪੁਲੀਸ ਜਾਂ ਕਾਨੂੰਨ ਹੀ ਕਾਫੀ ਨਹੀਂ ਜਿਵੇਂ ਕਿਸੇ ਰਾਜੇ ਨੇ ਆਖਿਆ ਸੀ ਕਿ ਤਲਾਬ ਦੁੱਧ ਦਾ ਭਰਨਾ ਹੈ, ਭਾਵ ਰਾਤ ਨੂੰ ਹਰ ਬੰਦਾ ਆਪਣੇ ਹਿੱਸੇ ਦੀ ਦੁੱਧ ਦੀ ਗੜਵੀ ਤਲਾਬ ਵਿੱਚ ਪਾ ਕੇ ਜਾਵੇ। ਹਰੇਕ ਬੰਦੇ ਨੇ ਸੋਚਿਆ ਕਿ ਬਾਕੀ ਸਭ ਦੁੱਧ ਪਾ ਕੇ ਆਉਣਗੇ ਮੈਂ ਪਾਣੀ ਪਾ ਆਵਾਂਗਾ, ਕਿਸੇ ਨੂੰ ਪਤਾ ਹੀ ਨਹੀਂ ਲੱਗਣਾ। ਸਵੇਰ ਤਕ ਸਾਰਾ ਤਲਾਬ ਪਾਣੀ ਦਾ ਭਰਿਆ ਪਿਆ ਸੀ। ਆਖਣ ਤੋਂ ਭਾਵ ਇਹ ਹੈ ਕਿ ਦੂਸਰੇ ਕੀ ਕਰਦੇ ਹਨ ਇਹ ਸੋਚਣ ਜਾਂ ਦੇਖਣ ਦੀ ਥਾਂ ਸਾਨੂੰ ਆਪਣੇ ਹਿੱਸੇ ਦੀ ਦੁੱਧ ਦੀ ਗੜਵੀ ਦਾ ਧਿਆਨ ਰੱਖਣਾ ਚਾਹੀਦਾ ਹੈ। ਜੇ ਸਾਰੇ ਲੋਕ ਆਪਣੇ ਧਰਮ, ਸੱਭਿਆਚਾਰ ਤੇ ਸੰਸਕ੍ਰਿਤੀ ਤੇ ਜੀਵਨ ਸ਼ੈਲੀ ਤੇ ਜੀਵਨ ਮੁੱਲਾਂ ਦਾ ਧਿਆਨ ਰੱਖਣਗੇ ਤਾਂ ਸਮਾਜ ਸਹੀ ਰਾਹ 'ਤੇ ਚਲ ਪਵੇਗਾ। ਅਸੀਂ ਦੂਸਰਿਆਂ ਬਾਰੇ ਗੱਲਾਂ ਕਰਦੇ ਰਹਿੰਦੇ ਹਾਂ ਪਰ ਆਪਣੀਆਂ ਗੱਲਾਂ ਆਪਣੇ ਨਾਲ ਕਦੇ ਨਹੀਂ ਕਰਦੇ। ਇਹ ਕਦੇ ਨਹੀਂ ਸੋਚਦੇ ਕਿ ਮੈਂ ਇਸ ਧਰਤੀ ਉੱਤੇ ਕੀ ਕਰਨ ਆਇਆ ਹਾਂ।


ਜਦੋਂ ਕੰਜਕਾਂ ਖੁਆਈਆਂ ਜਾਂਦੀਆਂ ਹਨ ਤਾਂ ਛੋਟੀਆਂ-ਛੋਟੀਆਂ ਬੱਚੀਆਂ ਨੂੰ ਬੁਲਾ ਕੇ ਖਾਣਾ ਖੁਆਇਆ ਜਾਂਦਾ ਹੈ, ਚੁੰਨੀਆਂ ਦਿੱਤੀਆਂ ਜਾਂਦੀਆਂ ਹਨ। ਛੋਟੇ-ਛੋਟੇ ਲੜਕੇ ਉਨ੍ਹਾਂ ਦੇ ਪੈਰ ਧੋਂਦੇ ਹਨ। ਇਨ੍ਹਾਂ ਨਿੱਕੀਆਂ-ਨਿੱਕੀਆਂ ਗੱਲਾਂ ਦੇ ਅਰਥ ਬਹੁਤ ਵੱਡੇ ਹਨ। ਇਸੇ ਤਰ੍ਹਾਂ ਸ਼ਰਾਧਾਂ ਵੇਲੇ ਪਿਤਰਾਂ ਦੇ ਨਾਂ ਦੀ ਪੰਡਤਾਂ ਤੇ ਭਾਈ ਜੀਆਂ ਨੂੰ ਰੋਟੀ ਖੁਆ ਕੇ ਪਿਤਰਾਂ ਨੂੰ ਯਾਦ ਕਰਨ ਦਾ ਮਤਲਬ ਹੈ ਜਿਵੇਂ ਸਾਡੇ ਵੱਡ ਵਡੇਰੇ ਹੋ-ਹੋ ਲੰਘ ਗਏ ਹਨ, ਉਸੇ ਤਰ੍ਹਾਂ ਅਸੀਂ ਵੀ ਲੰਘ ਜਾਣਾ ਹੈ। ਇਸੇ ਤਰ੍ਹਾਂ ਦੀਆਂ ਹੋਰ ਅਨੇਕਾਂ ਗੱਲਾਂ ਬੰਦੇ ਨੂੰ ਬੰਦਾ ਬਣਾਈ ਰੱਖਣ ਲਈ ਸਹਾਈ ਹੁੰਦੀਆਂ ਹਨ।

ਪੱਛਮ ਦੀ ਪਦਾਰਥਵਾਦੀ ਸੋਚ ਨੇ ਸਾਡੀ ਸੋਚ ਨੂੰ ਸਿਰਫ ਦੇਹ ਤਕ ਹੀ ਸੀਮਤ ਕਰ ਦਿੱਤਾ ਕਿਉਂਕਿ ਪੱਛਮ ਦੀ ਹਰ ਪ੍ਰਾਪਤੀ ਸਿਰਫ ਦੇਹ ਦੇ ਸੁੱਖ ਲਈ ਹੀ ਹੈ। ਪਰ ਸਾਡਾ ਅਧਿਆਤਮਕ ਕਲਚਰ ਦੇਹ ਨੂੰ ਤਾਂ ਇੱਕ ਸਾਧਨ ਮੰਨਦਾ ਸੀ, ਸਹੀ ਧਰਮਾਂ ਕਰਮਾਂ ਨਾਲ ਮੋਕਸ਼ ਦੀ ਪ੍ਰਾਪਤੀ ਲਈ। ਪਰ ਪੱਛਮ ਨੇ ਅਰਥ ਤੇ ਕਾਮ ਤੋਂ ਬਿਨਾਂ ਸਭ ਕਾਸੇ ਨੂੰ ਨਕਾਰ ਦਿੱਤਾ ਹੈ। ਫਿਲਮਾਂ, ਟੈਲੀਵਿਜ਼ਨ, ਇੰਟਰਨੈੱਟ ਪੱਛਮ ਦੀ ਇਸੇ ਸੋਚ ਨੂੰ ਲਗਾਤਾਰ ਸਾਡੇ ਉੱਪਰ ਹਾਵੀ ਕਰੀ ਜਾਂਦੇ ਹਨ। ਜਦੋਂ ਜ਼ਿੰਦਗੀ ਲਈ ਸਭ ਅਸੂਲ ਆਦਰਸ਼ ਤੇ ਸਿਧਾਂਤ ਬੇਮਾਅਨੇ ਹੋ ਗਏ ਮਨੁੱਖ ਦੇ ਅੱਗੇ ਕੋਈ ਆਦਰਸ਼ ਨਾ ਰਿਹਾ ਤਾਂ ਉਹ ਆਪਣੇ ਆਪ ਨੂੰ ਭੁੱਲ ਕੇ ਜਿਊਣ ਲੱਗਿਆ। ਇਸ ਵਿੱਚ ਆਮ ਮਿਲਦੇ ਹਰ ਤਰ੍ਹਾਂ ਦੇ ਨਸ਼ਿਆਂ ਨੇ ਸਭ ਤੋਂ ਵੱਧ ਹਿੱਸਾ ਪਾਇਆ ਤੇ ਸਮਾਜ ਵਿੱਚ ਦਾਨਵੀ ਬਿਰਤੀਆਂ ਹਾਵੀ ਹੋਣ ਲੱਗ ਪਈਆਂ।

ਇਨ੍ਹਾਂ ਬਿਰਤੀਆਂ ਦੀ ਸ਼ਿਕਾਰ ਜਿਸ ਬਾਲੜੀ ਨੇ ਇਹ ਜ਼ਰਿਆ ਹੁੰਦਾ ਹੈ ਉਸ ਵਿਚਾਰੀ ਦਾ ਹਾਲ ਹੀ ਪੁੱਛਿਆ ਜਾਣੀਏ। ਨਸ਼ਿਆਂ ਦੇ ਕਾਰੋਬਾਰ ਵਿੱਚ ਸਿਆਸਤਦਾਨ, ਅਫਸਰ ਅਤੇ ਹੋਰ ਪਹੁੰਚ ਵਾਲੇ ਬੰਦੇ ਵੀ ਪੈਸੇ ਕਮਾਉਣ ਦੇ ਲਾਲਚ ਕਰਨ ਲੱਗੇ ਹੋਏ ਹਨ। ਨਸ਼ਿਆਂ ਵਿੱਚ ਖੋਏ ਲੋਕ ਠੀਕ-ਬੇਠੀਕ ਦੀ ਤਮੀਜ਼ ਵੀ ਭੁੱਲ ਜਾਂਦੇ ਹਨ। ਲੋਕ ਤਾਂ ਇਹ ਵੀ ਆਖਦੇ ਹਨ ਕਿ ਇਸ ਸੂਬੇ ਦੀ ਜਵਾਨੀ ਨੂੰ ਬਰਬਾਦ ਕਰਨ ਲਈ ਨਸ਼ਿਆਂ ਨੂੰ ਖੁੱਲ੍ਹੇ ਤੌਰ 'ਤੇ ਵੇਚਣ ਖਰੀਦਣ ਦਾ ਕੰਮ ਕਿਸੇ ਸਾਜ਼ਿਸ਼ ਅਧੀਨ ਕੀਤਾ ਜਾ ਰਿਹਾ ਹੈ। ਨਸ਼ਿਆਂ ਦੇ ਸ਼ਿਕਾਰ ਹੋਏ ਲੋਕ ਅਧਿਆਤਮ ਤੌਰ 'ਤੇ ਕੋਰੇ ਹੋਣ ਕਰਕੇ ਕਦੇ ਇਹ ਨਹੀਂ ਸੋਚਦੇ ਕਿ ਅਸੀਂ ਕੌਣ ਹਾਂ? ਕਿੱਥੋਂ ਆਏ ਹਾਂ ਤੇ ਕਿੱਥੇ ਜਾਣਾ ਹੈ? ਇਹ ਜ਼ਿੰਦਗੀ ਕੀ ਹੈ? ਸੰਸਾਰ ਕੀ ਹੈ? ਸਾਡਾ ਸੰਸਾਰ ਨਾਲ ਕੀ ਰਿਸ਼ਤਾ ਹੈ? ਇਸੇ ਲਈ ਉਹ ਪਸ਼ੂ ਬਿਰਤੀਆਂ ਦਾ ਧਾਰਨੀ ਹੋ ਕੇ ਪਸ਼ੂਆਂ ਵਾਂਗ ਜਿਊਣ ਲੱਗ ਪਏ ਹਨ। ਉਨ੍ਹਾਂ ਨੂੰ ਕੰਟੈਂਪਲੇਸ਼ਨ (ਗਿਆਨ-ਧਿਆਨ) ਦੀ ਨਾ ਸਮਝ ਹੈ ਤੇ ਨਾ ਹੀ ਉਹ ਲੋੜ ਸਮਝਦੇ ਹਨ। ਇਸ ਲਈ ਆਤਮ ਨਿਰੀਖਣ ਤੋਂ ਖੁੰਝ ਜਾਂਦੇ ਹਨ।

ਇਹ ਕਿਸੇ ਇੱਕ ਬੰਦੇ ਦੀ ਕਹਾਣੀ ਨਹੀਂ। ਸਾਨੂੰ ਸਭ ਨੂੰ ਇਸ ਬਾਰੇ ਸੋਚਣ ਦੀ ਲੋੜ ਹੈ। ਮਰਦਾਂ ਨੂੰ ਚਾਹੀਦਾ ਹੈ ਕਿ ਉਹ ਮਾਂ ਦੀ ਕੁੱਖ ਨੂੰ ਲਾਜ ਨਾ ਲਾਉਣ। ਧੀਆਂ ਨੂੰ ਲੋੜ ਹੈ ਕਿ ਉਹ ਆਪਣੇ ਆਪ ਨੂੰ ਸੰਭਾਲ ਕੇ ਰੱਖਣ ਤੇ ਤਕੜੀਆਂ ਹੋ ਕੇ ਜਿਊਣ।

# ਵਿਦਿਆਰਥੀ ਇਤਿਹਾਸ ਦੇ ਪੰਨਿਆਂ 'ਚੋਂ ਮੋਗਾ ਕਾਂਡ ਦੀ ਦਾਸਤਾਨ



ਬਿੱਕਰ ਸਿੰਘ ਐਸ਼ੀ

ਪੰਜਾਬ ਦੀ ਵਿਦਿਆਰਥੀ ਲਹਿਰ ਦਾ ਰਾਜਨੀਤਕ ਚੇਤਨਤਾ ਵਿਚ ਆਪਣਾ ਯੋਗਦਾਨ ਰਿਹਾ ਹੈ। ਉਸ ਸਮੇਂ ਦੀ ਵਿਦਿਆਰਥੀ ਲਹਿਰ ਦੀਆਂ ਸਮੁੱਚੀਆਂ ਪਰਤਾਂ ਨੂੰ ਫਰੋਲਣ ਲਈ ਅਤੇ ਇਕ ਜਾਨਦਾਰ ਤੇ ਸ਼ਾਨਦਾਰ ਕਿਤਾਬੀ ਰੂਪ ਪ੍ਰਦਾਨ ਕਰਨ ਹਿੱਤ ਵਿਸ਼ੇਸ਼ ਸਰੋਕਾਰਾਂ ਦੀ ਆਵਾਜ਼ ਵਲੋਂ ਸੱਦਾ ਦੇ ਰਹੇ ਹਾਂ ਕਿ ਆਪਣੀਆਂ ਇਤਿਹਾਸਕ ਯਾਦਾਂ, ਪ੍ਰਾਪਤੀਆਂ, ਚੁਣੌਤੀਆਂ ਨੂੰ ਲਿਖਤੀ ਰੂਪ ਵਿਚ ਪ੍ਰਦਾਨ ਕਰਨ ਤਾਂ ਕਿ ਇਸ ਇਤਿਹਾਸ ਨੂੰ ਸਾਂਭ ਸਕੀਏ।

– ਸੰਪਾਦਕ




ਸੰਨ 1947 ਤੋਂ ਬਾਅਦ ਮੋਗਾ ਘੋਲ ਇੱਕ ਅਜਿਹਾ ਜੁਝਾਰੂ ਵਿਦਿਆਰਥੀ ਸੰਘਰਸ਼ ਹੈ ਜੋ ਪੰਜਾਬ ਦੇ ਘੁੱਗ ਵਸਦੇ ਮੋਗਾ ਸ਼ਹਿਰ ਦੇ ਪੰਜ ਅਤੇ ਸੱਤ ਅਕਤੂਬਰ1972 ਨੂੰ ਲਹੂ–ਲੁਹਾਣ ਕੀਤੇ ਜਾਣ ਤੋਂ ਬਾਅਦ ਪੂਰੇ ਸੂਬੇ ਨੂੰ ਆਪਣੇ ਕਲਾਵੇ 'ਚ ਲੈਂਦਿਆਂ ਇੱਕ ਬਹੁਤ ਵੱਡੀ ਇਤਿਹਾਸਕ ਲੋਕ ਲਹਿਰ ਬਣ ਗਿਆ ਸੀ। ਪੰਜਾਬ ਪੁਲੀਸ ਦੀ ਘਿਣਾਉਣੀ ਕਾਰਵਾਈ ਖ਼ਿਲਾਫ਼ ਉੱਠੀ ਇਹ ਰੋਸ ਲਹਿਰ ਪੰਜਾਬ ਦੀਆਂ ਸਰਹੱਦਾਂ ਨੂੰ ਵੀ ਪਾਰ ਕਰ ਗਈ ਸੀ। ਇਹ ਘੋਲ ਵੱਡੇ ਬਾਰੂਦ ਦੇ ਢੇਰ ਵਾਂਗ ਇੰਜ ਫਟਿਆ ਸੀ ਕਿ ਕੁਝ ਦਿਨਾਂ ਵਿੱਚ ਹੀ ਸਰਕਾਰੀ ਤੰਤਰ ਨੂੰ ਤਰੇਲੀਆਂ ਆਉਣ ਲੱਗ ਪਈਆਂ ਸਨ। ਭਾਵੇਂ ਸ਼ੁਰੂਆਤੀ ਦੌਰ ਵਿੱਚ ਇਸ ਘੋਲ ਦੀ ਆਪ ਮੁਹਾਰਤਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਪਰ ਜਲਦੀ ਹੀ ਪੀ.ਐਸ.ਯੂ. ਨੇ ਨੌਜਵਾਨਾਂ, ਮੁਲਾਜ਼ਮਾਂ, ਮਜ਼ਦੂਰਾਂ ਅਤੇ ਕਿਸਾਨਾਂ ਵਿੱਚ ਸਾਂਝੀ ਸੋਚ ਨਾਲ ਉਸਰੀਆਂ ਭਰਾਤਰੀ ਜਥੇਬੰਦੀਆਂ ਦੀ ਮਦਦ ਨਾਲ ਸੰਘਰਸ਼ ਦੀ ਵਾਗਡੋਰ ਆਪਣੇ ਹੱਥਾਂ ਵਿੱਚ ਲੈ ਲਈ ਸੀ ਜਦੋਂ ਕਿ ਉਸ ਸਮੇਂ ਵਿਦਿਆਰਥੀਆਂ ਵਿੱਚ ਤਕੜਾ ਆਧਾਰ ਰੱਖਣ ਵਾਲੀ ਜਥੇਬੰਦੀ ਏ.ਆਈ.ਐਸ.ਐਫ. ਸੰਘਰਸ਼ ਤੋਂ ਪਾਸੇ ਹੋ ਗਈ ਸੀ। ਮੋਗਾ ਗੋਲੀ ਕਾਂਡ ਸਮੇਂ ਵਿਦਿਆਰਥੀਆਂ ਅਤੇ ਲੋਕਾਂ ਉੱਤੇ ਅੰਨ੍ਹੇਵਾਹ ਗੋਲੀਆਂ ਚਲਾ ਰਹੀ ਪੁਲੀਸ ਦੀ ਮਾਨਸਿਕਤਾ ਵੀ ਜਨਰਲ ਡਾਇਰ ਦੇ ਜਲ੍ਹਿਆਂਵਾਲੇ ਬਾਗ਼ ਦੇ ਕਾਂਡ ਸਮੇਂ ਲੋਕਾਂ ਦੇ ਖ਼ੂਨ ਨਾਲ ਖੇਡੀ ਗਈ ਹੋਲੀ ਵਰਗੀ ਹੀ ਸੀ। ਉਸ ਦੇ ਪ੍ਰਤੀਕਰਮ ਵਜੋਂ ਮੋਗਾ ਘੋਲ ਦੇ ਰੂਪ ਵਿੱਚ ਉੱਠੀ ਲੋਕ ਲਹਿਰ ਦੀ ਮਾਨਸਿਕਤਾ ਵੀ ਸੰਨ 1947 ਤੋਂ ਬਾਅਦ ਭਾਰਤ ਦੇ ਨਾਗਰਿਕਾਂ ਵੱਲੋਂ ਆਪਣੇ ਹੀ ਦੇਸ਼ ਵਿੱਚ ਆਪਣੇ ਹੀ ਹਾਕਮਾਂ ਤੋਂ ਇਨਸਾਫ਼ ਲੈਣ ਲਈ ਆਪਸੀ ਮਤਭੇਦ ਭੁਲਾ ਕੇ ਲੜੇ ਗਏ ਸਾਂਝੇ ਸੰਘਰਸ਼ ਦੀ ਇਤਿਹਾਸਕ ਗਾਥਾ ਦੀਆਂ ਜੁਝਾਰੂ ਬਾਤਾਂ ਪਾਉਂਦੀ ਹੈ।

ਮੋਗਾ ਗੋਲੀ ਕਾਂਡ ਦਾ ਪਿਛੋਕੜ ਇੱਥੋਂ ਦੇ ਰੀਗਲ ਸਿਨੇਮੇ ਜੋ ਹੁਣ ਸ਼ਹੀਦੀ ਯਾਦਗਾਰ ਹੈ, ਵਿੱਚ ਟਿਕਟਾਂ ਦੀ ਬਲੈਕ ਕੀਤੇ ਜਾਣ ਦੇ ਮੁੱਦੇ ਤੋਂ ਸ਼ੁਰੂ ਹੋਇਆ ਸੀ। ਉਸ ਸਮੇਂ ਵੀ.ਸੀ.ਆਰ.,ਸੀ.ਡੀ. ਪਲੇਅਰ ਜਾਂ ਘਰ–ਘਰ ਟੀ.ਵੀ. ਨਹੀਂ ਸਨ। ਵਿਦਿਆਰਥੀ ਅਤੇ ਨੌਜਵਾਨ ਫ਼ਿਲਮਾਂ ਵੇਖਣ ਦੇ ਬਹੁਤ ਸ਼ੁਕੀਨ ਹੁੰਦੇ ਹਨ। ਉਨ੍ਹਾਂ ਦਿਨਾਂ ਵਿੱਚ ਮੋਗੇ ਪੂਰਨ ਸੰਧੂ ਦੀ ਪ੍ਰਧਾਨਗੀ 'ਚ ਸਟੂਡੈਂਟਸ ਵੈਲਫੇਅਰ ਕਮੇਟੀ ਹੋਂਦ ਵਿੱਚ ਆਈ ਸੀ ਜਿਸ ਵਿੱਚ ਕਿੱਕਰ ਗਿੱਲ ਹੁਰੇ ਵੀ ਸ਼ਾਮਲ ਸਨ ਪਰ ਉਸ ਵਿੱਚ ਵੀ ਭਾਰੂ ਜਗਰੂਪ ਸਿੰਘ ਹੁਰਾਂ ਵਾਲੀ ਏ.ਆਈ.ਐਸ.ਐਫ.ਹੀ ਸੀ। ਸਟੂਡੈਂਟਸ ਵੈਲਵੇਅਰ ਕਮੇਟੀ ਅਤੇ ਏ.ਆਈ.ਐਸ.ਐਫ. ਵੱਲੋਂ ਵੀ ਮੀਟਿੰਗਾਂ ਕਰ ਕੇ ਸਿਨੇਮਾ ਮਨੋਰੰਜਨ ਲਈ ਤਿੰਨ ਮੰਗਾਂ ਰੱਖੀਆਂ ਗਈਆਂ ਸਨ। ਪਹਿਲੀ ਇਹ ਕਿ ਵਿਦਿਆਰਥੀਆਂ ਨੂੰ ਫ਼ਿਲਮਾਂ ਵੇਖਣ ਵਾਸਤੇ ਟਿਕਟਾਂ ਵਿੱਚ ਰਿਆਇਤ ਹੋਵੇ। ਦੂਜਾ, ਟਿਕਟਾਂ ਲੈਣ ਵਾਸਤੇ ਵਿਦਿਆਰਥੀਆਂ ਲਈ ਵੱਖਰੀ ਟਿਕਟ–ਖਿੜਕੀ ਬਣੇ ਅਤੇ ਤੀਜਾ, ਸਿਨੇਮੇ ਦੀਆਂ ਟਿਕਟਾਂ ਦੀ ਬਲੈਕ ਰੋਕੀ ਜਾਵੇ। ਇਨ੍ਹਾਂ ਮੰਗਾਂ ਦੀ ਪੂਰਤੀ ਕਰਵਾਉਣ ਲਈ ਵਿਦਿਆਰਥੀਆਂ ਨੇ ਮੋਗੇ ਸ਼ਹਿਰ ਦੇ ਦੂਜੇ ਸਿਨੇਮੇ ਮੈਜੇਸਟਿਕ ਦੇ ਮਾਲਕ ਤਕ ਵੀ ਪਹੁੰਚ ਕੀਤੀ ਸੀ ਪਰ ਉਸ ਨੇ ਬੜੀ ਹੀ ਸਿਆਣਪ ਨਾਲ ਵਿਦਿਆਰਥੀਆਂ ਨੂੰ ਸ਼ਾਂਤ ਕਰਦਿਆਂ ਕਿਹਾ ਕਿ ਉਹ ਇਹ ਮੰਗਾਂ ਰੀਗਲ ਸਿਨੇਮੇ ਵਾਲਿਆਂ ਤੋਂ ਮੰਨਵਾ ਲੈਣ, ਉਹ ਉਸੇ ਵੇਲੇ ਹੀ ਲਾਗੂ ਕਰ ਦੇਵੇਗਾ।

ਇੱਕ ਦਿਨ ਇਹ ਵਿਦਿਆਰਥੀ ਜਦੋਂ ਇਨ੍ਹਾਂ ਮੰਗਾਂ ਦੇ ਸਬੰਧ ਵਿੱਚ ਰੀਗਲ ਸਿਨੇਮੇ ਦੇ ਪ੍ਰਬੰਧਕਾਂ ਕੋਲ ਗਏ ਤਾਂ ਗੱਲਾਂ–ਗੱਲਾਂ ਵਿੱਚ ਗੱਲ ਵਧ ਗਈ। ਮੋਗੇ ਵਿੱਚ ਕੁਝ ਬਦਮਾਸ਼ ਸਨ ਜਿਨ੍ਹਾਂ ਖ਼ਿਲਾਫ਼ ਰੀਗਲ ਸਿਨੇਮੇ ਦੇ ਪ੍ਰਬੰਧਕਾਂ ਨੇ ਕਿਸੇ ਝਗੜੇ ਕਾਰਨ ਮੁਕੱਦਮਾ ਦਾਇਰ ਕੀਤਾ ਹੋਇਆ ਸੀ। ਉਨ੍ਹਾਂ ਤੋਂ ਕੇਸ ਵਾਪਸ ਲੈਣ ਦੀ ਇਸ ਸ਼ਰਤ 'ਤੇ ਗੰਢ–ਤੁੱਪ ਕੀਤੀ ਗਈ ਕਿ ਉਹ ਉਨ੍ਹਾਂ ਨਾਲ ਉਲਝ ਰਹੇ ਵਿਦਿਆਰਥੀਆਂ ਨੂੰ ਅਜਿਹੀ ਨੱਥ ਪਾਉਣ ਕਿ ਉਹ ਮੁੜ ਕੇ ਉਨ੍ਹਾਂ ਕੋਲ ਆਉਣ ਦੀ ਹਿੰਮਤ ਨਾ ਕਰ ਸਕਣ। ਇੱਕ ਦਿਨ ਵਿਦਿਆਰਥੀ ਜਦੋਂ ਫੇਰ ਰੀਗਲ ਸਿਨੇਮੇ ਵਿੱਚ ਆਏ ਤਾਂ ਪਹਿਲਾਂ ਹੀ ਤਿਆਰੀ ਕਰੀ ਬੈਠੇ ਬਦਮਾਸ਼, ਵਿਦਿਆਰਥੀਆਂ 'ਤੇ ਇੱਲਾਂ ਵਾਂਗ ਝਪਟ ਪਏ। ਵਿਦਿਆਰਥੀਆਂ ਨੂੰ ਕਾਫ਼ੀ ਸੱਟਾਂ ਲੱਗੀਆਂ, ਕੁਝ ਇੱਕ ਦੀ ਤਾਂ ਹਾਲਤ ਵੀ ਗੰਭੀਰ ਹੋ ਗਈ। ਸਿਨੇਮੇ ਦੇ ਪ੍ਰਬੰਧਕ ਦੇ ਰਸੂਖ਼ ਜਾਂ ਰਿਸ਼ਵਤ ਕਾਰਨ ਪੁਲੀਸ ਨੇ ਪ੍ਰਬੰਧਕਾਂ ਅਤੇ ਭਾੜੇ ਵਾਲੇ ਆਦੀ ਮੁਜਰਮਾਂ ਖ਼ਿਲਾਫ਼ ਕੋਈ ਕਾਰਵਾਈ ਨਾ ਕੀਤੀ, ਉਲਟਾ ਵਿਦਿਆਰਥੀਆਂ ਨੂੰ ਹੀ ਤੰਗ ਕਰਨ ਲੱਗ ਪਏ ਜਿਸ ਕਰਕੇ ਮੁੱਦਾ ਟਿਕਟਾਂ ਦੀ ਬਲੈਕ ਜਾਂ ਟਿਕਟਾਂ ਵਿੱਚ ਰਿਆਇਤ ਅਤੇ ਵੱਖਰੀ ਵਿਦਿਆਰਥੀ ਟਿਕਟ ਖਿੜਕੀ ਦਾ ਨਹੀਂ ਸੀ ਰਿਹਾ ਅਤੇ ਇਹ ਮਸਲਾ ਇਨਸਾਫ਼ ਅਤੇ ਇਸ ਲਈ ਜੂਝਣ ਦਾ ਬਣ ਗਿਆ ਸੀ। ਪੰਜਾਬ ਸਟੂਡੈਂਟਸ ਯੂਨੀਅਨ ਖੁੱਲ੍ਹ ਕੇ ਜਥੇਬੰਦਕ ਤੌਰ 'ਤੇ ਇਨਸਾਫ਼ ਲਈ ਸੰਘਰਸ਼ ਵਿੱਚ ਕੁੱਦੀ। ਜਿਉਂ–ਜਿਉਂ ਇਨਸਾਫ਼ ਦੀ ਮੰਗ ਜ਼ੋਰ ਫੜਦੀ ਗਈ, ਸੰਘਰਸ਼ ਦਾ ਖਾਸਾ ਜੁਝਾਰੂ ਹੁੰਦਾ ਗਿਆ। ਬਾਕੀ ਵਿਦਿਆਰਥੀ ਗਰੁੱਪ ਪਿੱਛੇ ਰਹਿੰਦੇ ਗਏ ਅਤੇ ਪੀ.ਐਸ.ਯੂ. ਮੂਹਰਲੀਆਂ ਕਤਾਰਾਂ ਵਿੱਚ ਮੋਰਚੇ ਸੰਭਾਲਦੀ ਗਈ। ਪੀ.ਐਸ.ਯੂ. ਵੱਲੋਂ ਇੱਕ ਬਹੁਤ ਤਕੜੀ ਸੰਗਰਾਮੀ ਰੋਸ ਲਹਿਰ ਉਸਾਰੀ ਗਈ।


ਪੰਜ ਅਕਤੂਬਰ 1972 ਨੂੰ ਸਵੇਰ ਤੋਂ ਹੀ ਮੋਗੇ ਦੀਆਂ ਸੜਕਾਂ, ਇਸ ਦਾ ਹਰ ਕੋਨਾ ਕਿਸੇ ਅਨਹੋਣੀ ਤੋਂ ਬੇਫ਼ਿਕਰ ਸੰਘਰਸ਼ ਦੀਆਂ ਬਾਤਾਂ ਪਾ ਰਿਹਾ ਸੀ। ਜਿੱਥੇ ਵਿਦਿਆਰਥੀਆਂ, ਨੌਜਵਾਨਾਂ ਅਤੇ ਲੋਕਾਂ ਦੇ ਰੋਹਲੇ ਜਥੇ ਕਾਫ਼ਲਿਆਂ ਦੇ ਰੂਪ ਵਿੱਚ ਇਕੱਤਰ ਹੋ ਰਹੇ ਸਨ ਉੱਥੇ ਪੁਲੀਸ ਫੋਰਸ ਦੇ ਅੱਥਰੂ ਗੈਸ ਅਤੇ ਡਾਂਗ ਵਾਹਣ ਵਾਲਿਆਂ ਹਥਿਆਰਬੰਦ ਬੰਦੂਕਧਾਰੀਆਂ ਅਤੇ ਘੋੜਸਵਾਰਾਂ ਨੂੰ ਹਰ ਸਥਿਤੀ ਨਾਲ ਨਜਿੱਠਣ ਵਾਸਤੇ ਤਿਆਰ–ਬਰ–ਤਿਆਰ ਰਹਿਣ ਦੀ ਹਦਾਇਤ ਕੀਤੀ ਗਈ ਸੀ।

ਮਿੱਥੇ ਸਮੇਂ ਅਨੁਸਾਰ ਸੰਘਰਸ਼ ਦਾ ਬਿਗਲ ਵਜਦਿਆਂ ਹੀ ਮੋਗਾ ਰੋਹ ਭਰੇ, ਜੁਝਾਰੂ ਅਤੇ ਸੰਗਰਾਮੀ ਨਾਅਰਿਆਂ ਨਾਲ ਗੂੰਜ ਉੱਠਿਆ। ਮੋਗੇ ਦੀ ਆਈ.ਟੀ.ਆਈ., ਗੁਰੂ ਨਾਨਕ ਕਾਲਜ ਅਤੇ ਡੀ.ਐਮ. ਕਾਲਜ ਦੇ ਵਿਦਿਆਰਥੀ, ਆਗੂਆਂ ਕੰਵਰ ਸਿੰਘ ਥਰਾਜ, ਸੁਖਦਰਸ਼ਨ ਸਿੰਘ ਦੁਸਾਂਝ, ਕਿੱਕਰ ਸਿੰਘ ਗਿੱਲ, ਹਰਜੀਤ ਸਿੰਘ ਚੜਿੱਕ ਅਤੇ ਹੋਰ ਆਗੂਆਂ ਦੀ ਅਗਵਾਈ ਵਿੱਚ ਰੀਗਲ ਸਿਨੇਮੇ ਵੱਲ ਮੁਜ਼ਾਹਰੇ ਦੇ ਰੂਪ ਵਿੱਚ ਨਾਅਰੇ ਮਾਰਦੇ ਚੱਲ ਪਏ। ਏ.ਆਈ.ਐਸ.ਐਫ. ਦੇ ਸਥਾਨਕ ਆਗੂ ਅਤੇ ਵਰਕਰ ਵੀ ਇਸ ਰੋਸ ਮੁਜ਼ਾਹਰੇ ਵਿੱਚ ਸ਼ਾਮਲ ਸਨ। ਇਕੱਠ ਏਨਾ ਹੋ ਗਿਆ ਸੀ ਕਿ ਉਸ ਨੇ ਸਰਕਾਰੀ ਖ਼ੁਫ਼ੀਆ ਏਜੰਸੀਆਂ ਦੀਆਂ ਰਿਪੋਰਟਾਂ ਫੇਲ੍ਹ ਕਰ ਦਿੱਤੀਆਂ ਸਨ। ਫ਼ਰੀਦਕੋਟ ਜ਼ਿਲ੍ਹਾ ਹੈਡਕੁਆਟਰ ਨੂੰ ਹੋਰ ਪੁਲੀਸ ਫੋਰਸ ਭੇਜਣ ਲਈ ਵਾਇਰਲੈਸ 'ਤੇ ਵਾਇਰਲੈਸ ਖੜਕਾਈ ਜਾ ਰਹੀ ਸੀ। ਵੱਡੀ ਨਫ਼ਰੀ ਨਾਲ ਡੀ.ਸੀ.ਫਰੀਦਕੋਟ, ਸੀ.ਡੀ.ਚੀਮਾ ਅਤੇ ਐਸ.ਪੀ. ਫ਼ਰੀਦਕੋਟ ਆ ਪਹੁੰਚੇ ਸਨ।

ਅਖੀਰ ਰੀਗਲ ਸਿਨੇਮੇ ਕੋਲ ਮੁਜ਼ਾਹਰਾਕਾਰੀਆਂ ਅਤੇ ਪੁਲੀਸ ਦਾ ਆਹਮਣਾ–ਸਾਹਮਣਾ ਹੋ ਗਿਆ। ਉਨ੍ਹਾਂ ਨੂੰ ਖਦੇੜਨ ਲਈ ਪਹਿਲਾਂ ਅੱਥਰੂ ਗੈਸ ਛੱਡੀ ਗਈ ਪਰ ਉਹ ਉਨ੍ਹਾਂ ਦੇ ਰੋਹ ਅੱਗੇ ਬੇਅਸਰ ਹੋ ਗਈ। ਜੋਸ਼ੀਲੇ ਨਾਅਰੇ ਮਾਰਦਾ ਇਕੱਠ ਅੱਗੇ ਵਧਣ ਲੱਗਿਆ ਤਾਂ ਉਨ੍ਹਾਂ 'ਤੇ ਪੈਦਲ ਅਤੇ ਘੋੜ ਸਵਾਰ ਸਿਪਾਹੀਆਂ ਰਾਹੀਂ ਜ਼ਬਰਦਸਤ ਲਾਠੀਚਾਰਜ ਸ਼ੁਰੂ ਕਰ ਦਿੱਤਾ ਗਿਆ। ਮੁਜ਼ਾਹਰਾਕਾਰੀਆਂ ਕੋਲ ਵੀ ਸਿੱਧੀਆਂ ਜਾਂ ਝੰਡੇ ਟੰਗਣ ਵਾਲੀਆਂ ਡਾਂਗਾਂ ਸਨ। ਉਨ੍ਹਾਂ ਨੇ ਵੀ ਡਟ ਕੇ ਮੁਕਾਬਲਾ ਕੀਤਾ। ਕਈ ਵਾਰੀ ਮੁਜ਼ਾਹਰਾਕਾਰੀ ਪਿੱਛੇ ਧੱਕੇ ਗਏ ਪਰ ਉਨ੍ਹਾਂ ਵਿੱਚੋਂ ਕਈ ਕਾਫ਼ਲੇ ਹੋਰ ਵੀ ਤਕੜੇ ਅਤੇ ਜੁਝਾਰੂ ਹੋ ਕੇ ਫੇਰ ਅੱਗੇ ਵਧ ਆਉਂਦੇ ਸਨ। ਇਹ ਹੱਥੋਪਾਈ ਅਤੇ ਧੱਕਾ–ਮੁੱਕੀ ਦਾ ਮੁਕਾਬਲਾ ਲੰਮਾ ਸਮਾਂ ਚੱਲਿਆ।

ਅਚਾਨਕ ਇੱਕ ਘਟਨਾ ਘਟੀ। ਹਰਜੀਤ ਸਿੰਘ ਅਤੇ ਸਵਰਨ ਸਿੰਘ ਵਾਲਾ ਅੰਤਾਂ ਦਾ ਕਾਫ਼ਲਾ ਕਿਵੇਂ ਨਾ ਕਿਵੇਂ ਡੀ.ਸੀ. ਚੀਮੇ ਅਤੇ ਐਸ.ਪੀ.ਫ਼ਰੀਦਕੋਟ ਕੋਲ ਪਹੁੰਚ ਗਿਆ। ਡੀ.ਸੀ. ਚੀਮਾ ਆਪਣਾ ਮਾਨਸਿਕ ਸੰਤੁਲਨ ਖੋ ਬੈਠਾ। ਉਹ ਇਸ ਤਰ੍ਹਾਂ ਵਿਵਹਾਰ ਕਰਨ ਲੱਗਿਆ ਜਿਵੇਂ ਮੁਜ਼ਾਹਰਾਕਾਰੀਆਂ ਨੂੰ ਕੰਟਰੋਲ ਨਹੀਂ ਸਗੋਂ ਭੜਕਾਉਣ ਆਇਆ ਹੋਵੇ। ਉਸਨੇ ਹਰਜੀਤ ਅਤੇ ਹੋਰ ਸੰਗਰਾਮੀਆਂ ਪ੍ਰਤੀ ਅਜਿਹੇ ਗਲਤ ਸ਼ਬਦ ਕਹੇ ਜੋ ਅਣਖੀਲੇ ਪੰਜਾਬੀ ਬਰਦਾਸ਼ਤ ਨਹੀਂ ਕਰ ਸਕਦੇ। ਹਰਜੀਤ ਦਾ ਨੌਜਵਾਨ ਖ਼ੂਨ ਉਬਾਲਾ ਖਾ ਗਿਆ ਅਤੇ ਉਸ ਨੇ ਪੂਰੇ ਜ਼ੋਰ ਨਾਲ ਡਾਂਗ ਡੀ.ਸੀ. ਚੀਮੇ ਦੇ ਮੌਰਾਂ ਵਿੱਚ ਮਾਰੀ। ਉਸਨੇ ਲੜਖੜਾ ਕੇ ਡਿੱਗਦਿਆਂ–ਡਿੱਗਦਿਆਂ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਡੀ.ਸੀ.ਅਤੇ ਐਸ.ਪੀ. ਦੀ ਰੱਖਿਆ ਪੰਕਤੀ





**ਪੰਜਾਬ ਦੀ ਵਿਦਿਆਰਥੀ ਲਹਿਰ ਵਿਚ ਇਕ ਵਿਲੱਖਣ ਹਸਤਾਖਰ ਅਤੇ ਅਗਵਾਨੂੰ ਰੋਲ ਨਿਭਾਉਣ ਵਾਲੇ ਪ੍ਰਿਥੀਪਾਲ ਸਿੰਘ ਰੰਧਾਵਾ ਕਈ ਪੱਖਾਂ ਤੋਂ ਸਾਡੀਆਂ ਯਾਦਾਂ ਦਾ ਹਿੱਸਾ ਹਨ। ਇਸ ਵਿਲੱਖਣ ਸ਼ਖਸੀਅਤ ਦੇ ਸੋਚਣ ਢੰਗ ਅਤੇ ਵਿਚਾਰਾਂ ਦੀ ਸੋਚ ਕਾਰਨ ਸੈਂਕੜੇ ਵਿਦਿਆਰਥੀ ਲਹਿਰਾਂ ਵੱਲ ਨੂੰ ਵਿਕਸਿਤ ਹੋਏ ਹਨ। ਇਸ ਸ਼ਖਸੀਅਤ ਦੇ ਪ੍ਰਸੰਗ ਅਤੇ ਵਿਦਿਆਰਥੀ ਲਹਿਰ ਦੀ ਇਤਿਹਾਸਕ ਪ੍ਰਾਪਤੀ ਨੂੰ ਵੀ ਅਸੀਂ ਸਮੁੱਚੀਆਂ ਲਿਖਤਾਂ ਤੇ ਸਰੋਕਾਰਾਂ ਦੇ ਪ੍ਰਸੰਗ ਵਿਚ ਮੁੜ ਵਿਕਸਿਤ ਕਰਨ ਦੀ ਇੱਛਾ ਰੱਖਦੇ ਹਾਂ। – ਸੰਪਾਦਕ**

'ਚੋਂ ਇੱਕ ਨੇ ਸਿੱਧੀ ਗੋਲੀ ਹਰਜੀਤ ਦੇ ਮਾਰੀ ਤੇ ਦੂਜੇ ਨੇ ਸਵਰਨ ਦੇ। ਪਲਾਂ-ਛਿਣਾਂ ਵਿੱਚ ਹੀ ਇਹ ਸੰਗਰਾਮੀ ਸਾਥੀ ਸ਼ਹੀਦ ਹੋ ਗਏ ਅਤੇ ਗੋਲੀ ਇੰਜ ਚੱਲਣ ਲੱਗੀ ਜਿਵੇਂ ਮੀਂਹ ਵਰ੍ਹਦਾ ਹੈ। ਬਹੁਤ ਸਾਰੇ ਜੁਝਾਰੂ ਅਤੇ ਕਈ ਆਮ ਸ਼ਹਿਰੀ ਵੀ ਜ਼ਖ਼ਮੀ ਹੋ ਗਏ। ਗੰਭੀਰ ਜ਼ਖ਼ਮੀਆਂ ਨੂੰ ਪੱਲੇਦਾਰਾਂ ਦੀਆਂ ਰੇਹੜੀਆਂ 'ਤੇ ਲੱਦ-ਲੱਦ ਕੇ ਸਰਕਾਰੀ ਹਸਪਤਾਲ ਪਹੁੰਚਾਇਆ ਗਿਆ। ਹਸਪਤਾਲ ਜ਼ਖ਼ਮੀਆਂ ਨਾਲ ਭਰ ਗਿਆ।

ਅਗਲੇ ਦਿਨ 6 ਅਕਤੂਬਰ ਤਕ ਜਦੋਂ ਇਹ ਮਨਹੂਸ ਖ਼ਬਰ ਜੰਗਲ ਦੀ ਅੱਗ ਵਾਂਗ ਫੈਲੀ ਤਾਂ ਪੰਜਾਬ ਦੀ ਸ਼ਾਂਤੀ ਨੂੰ ਲਾਂਬੂ ਲੱਗ ਗਏ। ਇਹ ਰੋਸ, ਰੰਜ ਅਤੇ ਗੁੱਸੇ ਦੀ ਲਹਿਰ ਕਈ ਥਾਈਂ ਪੰਜਾਬ ਦੀਆਂ ਹੱਦਾਂ ਵੀ ਪਾਰ ਕਰ ਗਈ। ਅਜੇ ਸ਼ਹੀਦਾਂ ਦੇ ਸਿਵੇ ਵੀ ਠੰਢੇ ਨਹੀਂ ਸਨ ਹੋਏ ਅਤੇ ਨਾ ਹੀ ਪੀੜਤਾਂ ਦੇ ਜ਼ਖ਼ਮ ਭਰੇ ਸਨ ਕਿ ਸੱਤ ਅਕਤੂਬਰ ਨੂੰ ਰੀਗਲ ਸਿਨੇਮੇ ਨੂੰ ਅਗਨ ਭੇਟ ਕਰ ਰਹੇ ਮੁਜ਼ਾਹਰਾਕਾਰੀਆਂ 'ਤੇ ਫੇਰ ਗੋਲੀ ਚਲਾਈ ਗਈ ਜਿਸ ਵਿੱਚ ਇੱਕ ਅਧਿਆਪਕ ਕੇਵਲ ਕ੍ਰਿਸ਼ਨ ਅਤੇ ਦੋ ਹੋਰ ਮੁਜ਼ਾਹਰਾਕਾਰੀ ਸ਼ਹੀਦੀ ਜਾਮ ਪੀ ਗਏ ਅਤੇ ਕਈ ਜ਼ਖ਼ਮੀ ਹੋ ਗਏ। ਉਸ ਸਮੇਂ ਅਫ਼ਵਾਹ ਫੈਲੀ ਸੀ ਕਿ ਲਾਸ਼ਾਂ ਦਾ ਭਰਿਆ ਟਰੱਕ ਸਤਲੁਜ ਦਰਿਆ ਵੱਲ ਜਾ ਰਿਹਾ ਸੀ ਜਿਸ ਵਿੱਚੋਂ ਖ਼ੂਨ ਚੋਅ ਰਿਹਾ ਸੀ ਪਰ ਇਹ ਅਫ਼ਵਾਹ ਹੀ ਸੀ ਜੋ ਕਿਸੇ ਵੱਲੋਂ ਜਾਣ-ਬੁੱਝ ਕੇ ਫੈਲਾਈ ਗਈ ਸੀ ਭਾਵੇਂ ਕਿ ਮੌਤਾਂ ਦੀ ਅਸਲ ਗਿਣਤੀ ਅਜੇ ਤਕ ਇੱਕ ਭੇਦ ਹੀ ਹੈ। ਸ਼ਹੀਦ ਹਰਜੀਤ ਸਿੰਘ ਦੇ ਪਿਤਾ ਸੂਬੇਦਾਰ ਜੰਗੀਰ ਸਿੰਘ ਤੋਂ ਬਿਨਾਂ ਹੋਰ ਕੋਈ ਵੀ ਸਰਕਾਰ ਦੇ ਖ਼ਿਲਾਫ਼ ਨਿੱਤਰ ਕੇ ਸਾਹਮਣੇ ਨਹੀਂ ਸੀ ਆਇਆ। ਇੱਥੋਂ ਤਕ ਕਿ ਕਈ ਤਾਂ ਇਹ ਵੀ ਨਹੀਂ ਸਨ ਦੱਸਦੇ ਕਿ ਉਨ੍ਹਾਂ ਦਾ ਕੋਈ ਜਿਉਂਦਾ ਹੈ ਜਾਂ ਮਰ ਗਿਆ? ਜਿਸ ਤਰ੍ਹਾਂ ਦਾ ਉਸ ਸਮੇਂ ਪੁਲੀਸ ਫੋਰਸ ਦਾ ਵਿਵਹਾਰ ਸੀ ਅਤੇ ਅੰਨ੍ਹੇਵਾਹ ਗੋਲੀ ਚੱਲੀ ਸੀ, ਉਸ ਤੋਂ ਇਸ ਸਿੱਟੇ 'ਤੇ ਪੁੱਜਿਆ ਜਾ ਸਕਦਾ ਹੈ ਕਿ ਇਹ ਗਿਣਤੀ ਉਸ ਤੋਂ ਕਿਤੇ ਵੱਧ ਹੈ ਜਿੰਨਿਆਂ ਦੇ ਨਾਂ ਗਿਣਾਏ ਜਾਂਦੇ ਹਨ।

ਉਨ੍ਹਾਂ ਦਿਨਾਂ ਵਿੱਚ ਮੈਂ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਵੱਲੋਂ ਚਾਰ ਜਣਿਆਂ ਦੇ ਗਰੁੱਪ ਸਮੇਤ ਤਾਰਾ ਦੇਵੀ (ਸ਼ਿਮਲਾ) ਐਨ.ਐਸ.ਐਸ.ਕੈਂਪ ਅਟੈਂਡ ਕਰ ਰਿਹਾ ਸੀ। ਪੰਜ ਅਕਤੂਬਰ ਦੀ ਰਾਤ ਨੂੰ ਕਿਸੇ ਰਾਹੀਂ ਉੱਡਦੀ-ਉੱਡਦੀ ਖ਼ਬਰ ਮਿਲੀ ਕਿ ਪੁਲੀਸ ਨੇ ਵਿਦਿਆਰਥੀਆਂ ਉੱਤੇ ਗੋਲੀ ਚਲਾ ਕੇ ਮੋਗਾ ਸ਼ਹਿਰ ਲਹੂ-ਲੁਹਾਣ ਕਰ ਦਿੱਤਾ ਹੈ। ਸਵੇਰੇ ਉੱਠ ਕੇ ਸਭ ਤੋਂ ਪਹਿਲਾਂ ਅਖ਼ਬਾਰ ਪ੍ਰਾਪਤ ਕੀਤੇ। ਮੋਗਾ ਗੋਲੀ ਕਾਂਡ ਦਾ ਵੇਰਵਾ ਹਰ ਅਖ਼ਬਾਰ ਦੇ ਪਹਿਲੇ ਪੰਨੇ 'ਤੇ ਸੀ। ਸ਼ਿਮਲੇ ਦੇ ਵਿਦਿਆਰਥੀਆਂ ਨਾਲ ਸੰਪਰਕ ਪੈਦਾ ਕਰਨ ਅਤੇ ਹੜਤਾਲਾਂ-ਮੁਜ਼ਾਹਰੇ ਕਰਨ ਲਈ ਚੁੱਪ-ਚਪੀਤੇ ਉੱਥੇ ਜਾਣ ਦਾ ਪ੍ਰੋਗਰਾਮ ਉਲੀਕਿਆ ਗਿਆ ਪਰ ਇੱਕ ਕੈਂਪਰ ਨੇ ਸਾਡੇ ਸ਼ਿਮਲੇ ਜਾਣ ਦੇ ਪ੍ਰੋਗਰਾਮ ਦੀ ਜਾਣਕਾਰੀ ਅਧਿਕਾਰੀਆਂ ਨੂੰ ਦੇ ਦਿੱਤੀ। ਰੀਗਲ ਸਿਨੇਮੇ ਨੂੰ ਅੱਗ ਲਾਉਣ ਸਮੇਂ ਸੱਤ ਅਕਤੂਬਰ ਦੇ ਗੋਲੀ ਕਾਂਡ ਨੇ ਲੋਕਾਂ ਦਾ ਗੁੱਸਾ ਹੋਰ ਵੀ ਪ੍ਰਚੰਡ ਕਰ ਦਿੱਤਾ ਸੀ। ਜਗਰਾਵੀਂ ਇੱਕ ਹੋਰ ਸਿਨੇਮੇ ਨੂੰ ਜਲਾ ਦਿੱਤਾ ਗਿਆ। ਸਾਡੇ ਅੰਦਰ ਗੁੱਸੇ ਦੇ ਭਾਂਬੜ ਬਲ ਰਹੇ ਸਨ।

ਅਸੀਂ ਗਿਣਤੀ ਦੇ ਸਾਥੀ ਚੁੱਪ-ਚਪੀਤੇ ਸ਼ਿਮਲੇ ਚਲੇ ਗਏ। ਉਸ ਦਿਨ ਸ਼ਿਮਲੇ ਦੀਆਂ ਲਗਪਗ ਸਾਰੀਆਂ ਵਿੱਦਿਅਕ ਸੰਸਥਾਵਾਂ ਦੇ ਵਿਦਿਆਰਥੀ ਹੜਤਾਲ ਕਰ ਕੇ ਮੋਗੇ ਗੋਲੀ ਕਾਂਡ ਦੇ ਵਿਰੋਧ ਵਿੱਚ ਸੜਕਾਂ 'ਤੇ ਉਤਰ ਆਈਆਂ ਸਨ। ਮੈਂ ਅਤੇ ਮੇਰੇ ਸਾਥੀ ਪੂਰੇ ਜੋਸ਼ ਨਾਲ 'ਮੋਗੇ ਦੇ ਸ਼ਹੀਦ ਅਮਰ ਰਹਿਣਗੇ' ਦੇ ਨਾਅਰੇ ਮਾਰਦੇ ਹੋਏ ਉਨ੍ਹਾਂ ਦੀਆਂ ਮੂਹਰਲੀਆਂ ਸਫ਼ਾਂ ਵਿੱਚ ਜਾ ਰਲੇ। ਸ਼ਿਮਲੇ ਦੀਆਂ ਗਲੀਆਂ-ਬਾਜ਼ਾਰਾਂ ਵਿੱਚੋਂ ਦੀ ਹੁੰਦਾ ਹੋਇਆ ਰੋਹ 'ਚ ਆਏ ਜੋਸ਼ੀਲੇ ਮੁੰਡੇ-ਕੁੜੀਆਂ ਦਾ ਇਹ ਜਲੂਸ ਮਾਲ ਰੋਡ 'ਤੇ ਆ ਕੇ ਰੋਸ ਰੈਲੀ ਵਿੱਚ ਬਦਲ ਗਿਆ। ਉੱਥੋਂ ਦੇ ਆਗੂਆਂ ਨੇ ਬੋਲਣ ਲਈ ਸਭ ਤੋਂ ਪਹਿਲਾਂ ਸਮਾਂ ਮੈਨੂੰ ਦਿੱਤਾ। ਮੈਂ ਲਗਪਗ ਅੱਧਾ ਘੰਟਾ ਭਾਸ਼ਣ ਦਿੱਤਾ। ਪੰਜਾਬ ਵਾਂਗ ਸੰਘਰਸ਼ ਦੀ ਅੱਗ ਪਹਾੜਾਂ ਨੂੰ ਵੀ ਲੱਗ ਗਈ ਅਤੇ ਰੋਸ ਅਤੇ ਰੰਜ ਨਾਲ ਸ਼ਿਮਲਾ ਵੀ ਲਟ-ਲਟ ਬਲ ਉੱਠਿਆ। ਕੈਂਪ ਅਧਿਕਾਰੀਆਂ ਨੇ ਸਮੇਂ ਤੋਂ ਪਹਿਲਾਂ ਹੀ ਕੈਂਪ ਸਮਾਪਤ ਕਰ ਕੇ ਸਾਨੂੰ ਵਾਪਸ ਪੰਜਾਬ ਭੇਜ ਦਿੱਤਾ। ਫ਼ਰੀਦਕੋਟ ਪਹੁੰਚੇ ਤਾਂ ਹੁੱਕੀ ਵਾਲੇ ਚੌਂਕ ਵਿੱਚ ਦੋ ਸੌ ਦੇ ਕਰੀਬ ਵਿਦਿਆਰਥੀ ਆਪ ਮੁਹਾਰੇ ਖੜ੍ਹੇ ਨਾਅਰੇ ਮਾਰ ਰਹੇ ਸਨ ਕਿਉਂਕਿ ਮੈਂ ਤਾਂ ਸ਼ਿਮਲੇ ਤੋਂ ਅਜੇ ਆ ਕੇ ਹੀ ਖੜ੍ਹਾ ਸਾਂ ਅਤੇ ਬਾਕੀ ਹੋਰ ਆਗੂ ਗੁਪਤਵਾਸ ਚਲੇ ਗਏ ਸਨ।

ਉਸ ਦਿਨ ਪੀ.ਐਸ.ਯੂ. ਵੱਲੋਂ ਬੰਦ ਦੇ ਸੱਦੇ ਨੂੰ ਵਾਪਸ ਲੈਣ ਦੇ ਬਿਆਨ ਕਾਰਨ ਬਾਜ਼ਾਰ ਖੁੱਲ੍ਹ ਗਿਆ ਸੀ ਪਰ ਅਸੀਂ ਫੇਰ ਬੰਦ ਕਰਵਾ ਦਿੱਤਾ। ਇਹ ਬੰਦ ਬਹੁਤ ਜ਼ਬਰਦਸਤ ਸੀ। ਪੀ.ਐਸ.ਯੂ.ਦੇ ਸੂਬਾਈ ਆਗੂਆਂ ਦੇ ਬੰਦ ਨੂੰ ਵਾਪਸ ਲੈਣ ਵਾਲੇ ਬਿਆਨ ਨੂੰ ਸਥਾਨਕ ਆਗੂਆਂ ਨੇ ਕਿਸੇ ਸ਼ਹਿਰ ਵੀ ਨਹੀਂ ਮੰਨਿਆ ਸੀ ਅਤੇ ਪੰਜਾਬ ਬੰਦ ਇਤਿਹਾਸਕ ਬਣ ਗਿਆ ਸੀ। ਵਿਦਿਆਰਥੀਆਂ ਨੂੰ ਮੁਜ਼ਾਹਰੇ ਵਿੱਚ ਸ਼ਾਮਲ ਹੋਣ ਲਈ ਕੀਤੇ ਯਤਨਾਂ ਸਦਕਾ ਬਹੁਤ ਸਾਰੇ ਵਿਦਿਆਰਥੀ ਸਾਡੇ ਨਾਲ ਤੁਰ ਪਏ। ਫ਼ਰੀਦਕੋਟ ਦੇ ਡੀ.ਸੀ. ਦੇ ਜੀ.ਏ. ਭੁਪਿੰਦਰ ਸਿੰਘ ਇੱਕ ਪੁਲੀਸ ਟੁਕੜੀ ਦੀ ਅਗਵਾਈ ਕਰਦਿਆਂ ਜਲੂਸ ਦੇ ਨਾਲ-ਨਾਲ ਇੰਜ ਤੁਰ ਰਹੇ ਸਨ ਜਿਵੇਂ ਉਹ ਵੀ ਇਸ ਦਾ ਹਿੱਸਾ ਹੋਣ। ਕਈ ਘੰਟੇ ਫ਼ਰੀਦਕੋਟ ਦੇ ਗਲੀ-ਮੁਹੱਲਿਆਂ ਵਿੱਚ ਭੁੱਖੇ-ਤਿਹਾਏ ਫਿਰਦੇ-ਫਿਰਾਉਂਦੇ ਰਾਜੇ ਦੇ ਕਿਲ੍ਹੇ ਕੋਲ ਦੀ ਜਦੋਂ ਫੇਰ ਮੇਨ ਬਾਜ਼ਾਰ ਵਿੱਚ ਵੜਨ ਲੱਗੇ ਤਾਂ ਪੁਲੀਸ ਨੇ ਸਾਡਾ ਰਸਤਾ ਰੋਕ ਲਿਆ। ਭੁਪਿੰਦਰ ਸਿੰਘ ਕਹਿਣ ਲੱਗੇ ਕਿ ਕਾਕਾ ਬਹੁਤ ਮੁਜ਼ਾਹਰਾ ਹੋ ਗਿਆ ਹੁਣ ਤੁਸੀਂ ਵੀ ਘਰੋ-ਘਰੀਂ ਜਾਵੋ ਤੇ ਸਾਨੂੰ ਵੀ ਚਾਹ ਪਾਣੀ ਪੀਣ ਦੇਵੋ। ਅਜੇ ਉਹ ਇਹ ਕਹਿ ਕੇ ਹੀ ਹਟਿਆ ਸੀ ਕਿ ਕਿਸੇ ਨੇ ਨੇੜਲੀ ਬਿਲਡਿੰਗ ਤੋਂ ਰੋੜ੍ਹਾ ਮਾਰਿਆ ਜੋ ਉਸਦੇ ਕੰਨ ਕੋਲ ਦੀ ਲੰਘ ਗਿਆ। ਉਸ ਨੇ ਪੁਲੀਸ ਨੂੰ ਲਾਠੀਚਾਰਜ ਦਾ ਹੁਕਮ ਦੇ ਦਿੱਤਾ। ਪੁਲੀਸ ਵਾਲੇ ਜੋ ਕਈ ਘੰਟੇ ਭੁੱਖੇ-ਤਿਹਾਏ ਸਾਡੀਆਂ ਪੈੜਾਂ ਮਿੱਧਦੇ ਰਹੇ ਸਨ, ਨੇ ਡਾਂਗਾਂ ਇੰਜ ਵਾਹੀਆਂ ਜਿਵੇਂ ਵਿਦਿਆਰਥੀਆਂ ਨੂੰ ਨਹੀਂ ਸਗੋਂ ਜਾਨਵਰਾਂ ਨੂੰ ਕੁੱਟਦੇ ਹੋਣ। ਬਾਕੀ ਤਾਂ ਖਿੰਡ-ਪੁੰਡ ਗਏ। ਅਖੀਰ ਮੇਰੇ ਨਾਲ ਤਿੰਨ-ਚਾਰ ਜਣੇ ਖੜ੍ਹੇ ਰਹਿ ਗਏ। ਪੁਲੀਸ ਸਾਨੂੰ ਫੜ ਕੇ ਥਾਣੇ ਲੈ ਗਈ। ਮੈਂ ਜ਼ਿੰਦਗੀ ਵਿੱਚ ਪਹਿਲੀ ਵਾਰ ਥਾਣਾ ਵੇਖਿਆ ਸੀ। ਕੁਝ ਸਮੇਂ ਬਾਅਦ ਸ਼ਹਿਰ ਦੇ ਕੁਝ ਪਤਵੰਤੇ ਸੱਜਣ ਅਤੇ ਵਕੀਲ ਸਹਿਬਾਨ ਆਏ ਅਤੇ ਸਾਨੂੰ ਛੁਡਵਾ ਕੇ ਲੈ ਆਏ। ਉਨ੍ਹਾਂ ਨੇ ਸਾਨੂੰ ਪੁਲੀਸ ਅਫ਼ਸਰ ਦੇ ਸਾਹਮਣੇ ਸਮਝਾਇਆ ਕਿ ਪੁਰਅਮਨ ਰੋਸ ਕਰਨ ਵਿੱਚ ਕੋਈ ਗੁਨਾਹ ਨਹੀਂ ਪਰ ਤੁਸੀਂ ਕੋਈ ਵੀ ਹਿੰਸਕ ਕਾਰਵਾਈ ਨਹੀਂ ਕਰਨੀ। ਇਸ ਘਟਨਾ ਦੀ ਜਾਣਕਾਰੀ ਗੁਪਤਵਾਸ ਹੋਏ ਸਾਥੀਆਂ ਨੂੰ ਵੀ ਮਿਲ ਗਈ ਅਤੇ ਅਗਲੇ ਦਿਨ ਉਹ ਵੀ ਮੈਨੂੰ ਆ ਮਿਲੇ। ਏ.ਆਈ.ਐਸ.ਐਫ. ਨੇ ਮੋਗਾ ਘੋਲ ਨੂੰ ਵਾਪਸ ਲੈਣ ਦਾ ਐਲਾਨ ਕਰ ਦਿੱਤਾ ਜਿਸਦੇ ਸਿੱਟੇ ਵਜੋਂ ਪੂਰੇ ਪੰਜਾਬ ਵਿੱਚੋਂ ਇਸਦੇ ਬਹੁਤ ਵੱਡੇ ਹਿੱਸੇ ਨੇ ਸੰਘਰਸ਼ ਦਾ ਸਾਥ ਦਿੰਦਿਆਂ ਮੇਰੇ ਸਮੇਤ ਆਪਣਾ ਨਾਤਾ ਪੀ.ਐਸ.ਯੂ.ਨਾਲ ਜੋੜ ਲਿਆ। ਸਰਕਾਰ ਨਾਲ ਸਮਝੌਤਾ ਕਰ ਕੇ ਮੋਗਾ ਘੋਲ ਨੂੰ ਵਾਪਸ ਲੈਣ ਦਾ, ਏ.ਆਈ.ਐਸ.ਐਫ. ਦਾ ਫ਼ੈਸਲਾ, ਰਾਜਸੀ-ਖ਼ੁਦਕਸ਼ੀ ਵਰਗਾ ਹੀ ਸੀ। ਸਰਕਾਰ ਪੀ.ਐਸ.ਯੂ. ਨੂੰ ਵੀ ਇਸ ਵਲਗਣ ਵਿੱਚ ਵਲਣ ਦੀ ਸਿਰਤੋੜ ਕੋਸ਼ਿਸ਼ ਕਰ ਰਹੀ ਸੀ ਪਰ ਉਹ ਸਰਕਾਰ ਦੇ ਫਰੇਬੀ ਜਾਲ ਵਿੱਚ ਨਾ ਫਸੀ।

ਮੋਗਾ ਘੋਲ ਨੂੰ ਲੜਣ ਲਈ ਮੋਗਾ ਐਕਸ਼ਨ ਕਮੇਟੀ ਵੀ ਹੋਂਦ ਵਿੱਚ ਆਈ ਪਰ ਉਸ ਸਮੇਂ ਸੰਘਰਸ਼ ਕਰ ਰਹੇ ਸਮੂਹ ਸੰਗਰਾਮੀਆਂ ਨੇ ਪੀ.ਐਸ.ਯੂ. ਨੂੰ ਹੀ ਕੇਂਦਰ ਮੰਨ ਕੇ ਸੰਘਰਸ਼ ਜਾਰੀ ਰੱਖਿਆ। ਪੰਜਾਬ ਦੇ ਵੱਡੇ ਸ਼ਹਿਰਾਂ ਵਿੱਚ ਕਈ ਥਾਈਂ ਫ਼ੌਜ ਦੇ ਫਲੈਗ ਮਾਰਚ ਹੋਏ, ਕਰਫਿਊ ਲੱਗੇ, ਦਫਾ 144 ਤਾਂ ਹਰ ਕਸਬੇ ਅਤੇ ਸ਼ਹਿਰ ਵਿੱਚ ਲੱਗ ਚੁੱਕੀ ਸੀ। ਪ੍ਰਸ਼ਾਸਨ ਵੱਲੋਂ ਇਸ ਘੋਲ ਨੂੰ ਦਬਾਉਣ ਲਈ ਪੂਰੀ ਸਰਕਾਰੀ ਮਸ਼ੀਨਰੀ ਲਗਾ ਦਿੱਤੀ ਗਈ ਸੀ ਅਤੇ ਵਿਦਿਆਰਥੀਆਂ ਅਤੇ ਹਮਾਇਤੀਆਂ ਨੂੰ ਘਰਾਂ ਵਿੱਚ ਹੀ ਡੱਕ ਕੇ ਰੱਖਣ ਲਈ ਹਰ ਹੀਲਾ-ਵਸੀਲਾ ਵਰਤਿਆ ਜਾ ਰਿਹਾ ਸੀ। ਵਿਦਿਆਰਥੀ ਅਤੇ ਹੋਰ ਹਮਾਇਤੀਆਂ ਨੇ ਗੁਰੀਲਾ ਐਕਸ਼ਨਾਂ ਰਾਹੀਂ ਬੱਸਾਂ ਅਤੇ ਗੱਡੀਆਂ ਦੀ ਸਾੜ-ਫੂਕ ਸ਼ੁਰੂ ਕਰ ਦਿੱਤੀ। ਰੇਲਵੇ ਸਟੇਸ਼ਨਾਂ ਦਾ ਵੀ ਨੁਕਸਾਨ ਕਰਨ ਦੀਆਂ ਕੋਸ਼ਿਸ਼ ਕੀਤੀਆਂ ਗਈਆਂ। ਇਹ ਪੰਜ ਅਤੇ ਸੱਤ ਅਕਤੂਬਰ ਦੀ ਗੋਲੀਬਾਰੀ ਅਤੇ ਉਸ ਤੋਂ ਵੀ ਬਾਅਦ ਪ੍ਰਸ਼ਾਸਨ ਦੇ ਘੋਲ ਨੂੰ ਸਖ਼ਤੀ ਨਾਲ ਦਬਾਉਣ ਦੀ ਕੋਸ਼ਿਸ਼ ਦੇ ਪ੍ਰਤੀਕਰਮ ਵਜੋਂ ਫੁੱਟੇ ਗੁੱਸੇ ਦਾ ਗੁਬਾਰ ਸੀ, ਨਾ ਕਿ ਮਾਅਰਕੇਬਾਜ਼ੀ ਅਤੇ ਜਦੋਂ ਸਰਕਾਰ ਅਤੇ ਇਸ ਦੇ ਪ੍ਰਸ਼ਾਸਨ ਨੇ ਹਿਟਲਰੀ ਵਿਵਹਾਰ ਦੀ ਥਾਂ ਜਮਹੂਰੀ ਅਮਲ ਨੂੰ ਖੁੱਲ੍ਹ ਦੇਣ ਦੀ ਨੀਤੀ ਨੂੰ ਥੋੜ੍ਹਾ ਜਿਹਾ ਸਮਾਂ ਦਿੱਤਾ ਤਾਂ ਸਾੜ-ਫੂਕ ਬੰਦ ਹੋ ਕੇ ਮੋਗਾ ਘੋਲ ਫੇਰ ਰੈਲੀਆਂ ਅਤੇ ਮੁਜ਼ਾਹਰਿਆਂ ਦੇ ਰੂਪ ਵਿੱਚ ਸੜਕਾਂ 'ਤੇ ਆ ਗਿਆ। ਰੈਲੀਆਂ ਅਤੇ ਮੁਜ਼ਾਹਰਿਆਂ ਦੌਰਾਨ ਕਈ ਥਾਈਂ ਪੁਲੀਸ ਨਾਲ ਟੱਕਰਾਂ ਹੋਈਆਂ ਪਰ ਮੁੜ ਕੇ ਕੋਈ ਅਫ਼ਸਰ ਗੋਲੀ ਦਾ ਹੁਕਮ ਦੇਣ ਦੀ ਹਿੰਮਤ ਨਾ ਕਰ ਸਕਿਆ।

ਕਿਸੇ ਨਾ ਕਿਸੇ ਰੂਪ ਵਿੱਚ ਸੰਘਰਸ਼ ਲੰਮਾ ਸਮਾਂ ਮਘਦਾ ਰਿਹਾ ਅਤੇ ਦੂਜੇ ਪਾਸੇ ਸਰਕਾਰ ਦੇ ਵਿਚੋਲੀਏ ਅਤੇ ਸ਼ਾਂਤੀ ਦੂਤ ਇਸ ਸੰਘਰਸ਼ ਨੂੰ ਕਿਸੇ ਨਾ ਕਿਸੇ ਤਰ੍ਹਾਂ ਖ਼ਤਮ ਕਰਵਾਉਣ ਲਈ ਹੱਥ ਪੈਰ ਮਾਰਦੇ ਰਹੇ ਪਰ ?ਹ ਸਫ਼ਲ ਨਾ ਹੋ ਸਕੇ। ਇਸ ਸਮੇਂ ਦੌਰਾਨ ਕਈ ਵਾਰ ਪੁਲੀਸ ਨਾਲ ਟਕਰਾਅ ਵੀ ਹੋਇਆ। ਅਰਥੀ ਫੂਕ ਮੁਜ਼ਾਹਰੇ ਵੀ ਹੋਏ। ਆਗੂਆਂ ਨੂੰ ਫੜਿਆ ਜਾਂਦਾ ਅਤੇ ਛੱਡਿਆ ਜਾਂਦਾ ਰਿਹਾ। ਜਥੇਬੰਦੀ ਵੱਲੋਂ ਭਾਵੇਂ ਸੰਘਰਸ਼ਸ਼ੀਲਾਂ ਨੂੰ ਵੱਖ-ਵੱਖ ਢੰਗਾਂ ਨਾਲ ਪੁਰਅਮਨ ਰੋਸ ਪ੍ਰਗਟਾਉਣ ਦੀ ਹਦਾਇਤ ਸੀ ਪਰ ਕਈ ਵਾਰ ਪ੍ਰਸ਼ਾਸਨ ਅਤੇ ਪੁਲੀਸ ਦੀ ਗਲਤੀ ਨਾਲ ਅਤੇ ਮੁਜ਼ਾਹਰਾਕਾਰੀਆਂ ਵਿੱਚ ਜਬਤ ਦੀ ਘਾਟ ਕਾਰਨ ਲਾਠੀਚਾਰਜ ਅਤੇ ਸਾੜ-ਫੂਕ ਅਤੇ ਝੜਪਾਂ ਆਦਿ ਘਟਨਾਵਾਂ ਹੁੰਦੀਆਂ ਰਹੀਆਂ। ਇਸ ਸਮੇਂ ਦੌਰਾਨ ਸੰਘਰਸ਼ ਕਰ ਰਹੀਆਂ ਧਿਰਾਂ ਨੇ ਫ਼ੈਸਲਾ ਕੀਤਾ ਕਿ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੂੰ ਜਦੋਂ ਵੀ ਉਹ ਕਿਸੇ ਪਿੰਡ ਜਾ ਸ਼ਹਿਰ ਆਉਣ, ਬੋਲਣ ਨਾ ਦਿੱਤਾ ਜਾਵੇ। ਜਗਰਾਵੀਂ ਵਿਰੋਧ ਕਰ ਕੇ ਵਰਕਰਾਂ ਵੱਲੋਂ ਗਿਆਨੀ ਜ਼ੈਲ ਸਿੰਘ ਨੂੰ ਪੰਡਾਲ 'ਚੋਂ ਵਾਪਸ ਜਾਣ ਲਈ ਮਜਬੂਰ ਕਰ ਦਿੱਤਾ ਗਿਆ ਸੀ। ਇਸੇ ਤਰ੍ਹਾਂ ਗਿਆਨੀ ਜ਼ੈਲ ਸਿੰਘ ਦਾ ਪ੍ਰੋਗਰਾਮ ਮੋਗੇ ਦਾ ਸੀ ਤਾਂ ਵਰਕਰਾਂ ਨੇ ਚੁੱਪ-ਚਪੀਤੇ ਹੀ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਉੱਥੇ ਭੇਜਿਆ ਤੇ ਆਪ ਵੀ ਕਿਸੇ ਤਰ੍ਹਾਂ ਪਹੁੰਚ ਗਏ। ਉੱਥੇ ਗਿਆਨੀ ਜੀ ਦੇ ਹੱਕ ਵਿੱਚ ਬੋਲਣ ਵਾਲਿਆਂ ਦੀ ਗਿਣਤੀ ਘੱਟ ਅਤੇ ਵਿਰੋਧੀਆਂ ਦੀ ਗਿਣਤੀ ਵਧ ਗਈ। ਗਿਆਨੀ ਜੀ ਬੋਲਣ ਲਈ ਉੱਠੇ ਤਾਂ ਸਟੇਜ ਤੋਂ ਨਾਅਰਾ ਲੱਗਿਆ, 'ਗਿਆਨੀ ਜ਼ੈਲ ਸਿੰਘ' ਤਾਂ ਪੰਡਾਲ ਵਿੱਚ ਵੱਡੀ ਪੱਧਰ 'ਤੇ ਗੂੰਜਿਆ 'ਮੁਰਦਾਬਾਦ'। ਗਿਆਨੀ ਜੀ ਹੈਰਾਨ ਰਹਿ ਗਏ ਕਿ ਇਹ ਕੀ ਹੋ ਗਿਆ ਅਤੇ ਅਫ਼ਸਰਾਂ ਨਾਲ ਨਾਰਾਜ਼ ਹੁੰਦੇ ਚਲੇ ਗਏ। ਇਸੇ ਤਰ੍ਹਾਂ ਹੀ ਗਿਆਨੀ ਜੀ ਦੇ ਫ਼ਰੀਦਕੋਟ ਜੈਨ ਸਕੂਲ ਵਾਲੇ ਜਲਸੇ ਵਿੱਚ ਹੋਇਆ ਸੀ। ਮੈਨੂੰ ਪੰਡਾਲ ਵਿੱਚ ਵੜਣ ਨਹੀਂ ਦਿੱਤਾ ਗਿਆ ਸੀ ਪਰ ਪੀ.ਐਸ.ਯੂ.ਦੇ ਕੁਝ ਵਰਕਰ ਕਿਵੇਂ ਨਾ ਕਿਵੇਂ ਅੰਦਰ ਪਹੁੰਚ ਗਏ ਸਨ। ਕੁਝ ਹੀ ਸਾਥੀਆਂ ਨੇ ਅੱਡੋ-ਅੱਡੀਂ ਬੈਠ ਕੇ ਨਾਅਰਿਆਂ ਲਈ ਅਜਿਹਾ ਢੰਗ ਵਰਤਿਆ ਕਿ 'ਮੁਰਦਾਬਾਦ' ਕਹਿਣ ਨਾਲ ਪੰਡਾਲ ਵਿੱਚ ਭਗਦੜ ਮਚ ਗਈ। ਗਿਆਨੀ ਜੀ ਨੂੰ ਬਿਨ ਬੋਲਿਆਂ ਹੀ ਉੱਥੋਂ ਵੀ ਬੇਰੰਗ ਜਾਣਾ ਪਿਆ।

ਮੋਗਾ ਘੋਲ ਦੌਰਾਨ ਇੱਕ ਹੋਰ ਅਹਿਮ ਘਟਨਾ ਵਾਪਰੀ ਸੀ। ਮੋਗਾ ਗੋਲੀ ਕਾਂਡ ਦਾ ਸਖ਼ਤ ਵਿਰੋਧ ਕਰ ਰਹੀ ਪੀ.ਐਸ.ਯੂ.ਨੇ ਸੱਦਾ ਦਿੱਤਾ ਕਿ ਇਸ ਸਾਲ ਦੁਸਹਿਰਾ ਨਹੀਂ ਮਨਾਇਆ ਜਾਵੇਗਾ। ਫ਼ਰੀਦਕੋਟ ਸ਼ਹਿਰ ਅਤੇ ਇਸ ਦੇ ਇਲਾਕੇ ਦੇ ਬਹਾਦਰ ਅਤੇ ਅਣਖੀਲੇ ਲੋਕਾਂ ਨੇ ਦੁਸਹਿਰਾ ਨਾ ਮਨਾਉਣ ਦਾ ਫ਼ੈਸਲਾ ਕੀਤਾ। ਇੱਕ ਪਾਸੇ ਤਾਂ ਸਰਕਾਰ ਦਫਾ 144 ਲਾ ਕੇ ਕਹਿ ਰਹੀ ਸੀ ਕਿ ਚਾਰ ਤੋਂ ਵੱਧ ਵਿਅਕਤੀ ਇਕੱਠੇ ਨਾ ਹੋਣ ਪਰ ਦੂਜੇ ਪਾਸੇ ਸਰਕਾਰ ਦਾ ਪੁਲੀਸ ਵਿਭਾਗ ਦੁਸਹਿਰੇ ਲਈ ਲੋਕਾਂ ਨੂੰ ਇਕੱਤਰ ਕਰਨ ਲਈ ਪਿੰਡ-ਪਿੰਡ ਜੀਪਾਂ ਰਾਹੀਂ ਪ੍ਰਚਾਰ ਕਰ ਕੇ ਅੱਡੀ ਚੋਟੀ ਦਾ ਜ਼ੋਰ ਲਾ ਰਿਹਾ ਸੀ। ਅਸੀਂ ਵੀ ਜੀਪ ਰਾਹੀਂ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਸਰਕਾਰੀ ਦੁਸਹਿਰੇ 'ਚ ਨਾ ਪਹੁੰਚਣ ਲਈ ਸਮਝਾ ਰਹੇ ਸਾਂ। ਪੁਲੀਸ ਦੀਆਂ ਪੈੜਾਂ ਭਾਲ-ਭਾਲ ਮਗਰ ਫਿਰਦਿਆਂ ਨੂੰ ਸਾਨੂੰ ਫੁਰਨਾ ਫੁਰਿਆ ਕਿ ਕਿਉਂ ਨਾ ਬਦੀ ਅਤੇ ਨੇਕੀ ਦੀ ਜਿੱਤ ਕੁਝ ਘੰਟੇ ਪਹਿਲਾਂ ਹੀ ਕਰ ਲਈ ਜਾਵੇ। ਫ਼ੈਸਲਾ ਹੋਇਆ ਕਿ ਜੇ ਪੁਲੀਸ ਵਾਲੇ ਦੁਸਹਿਰਾ ਗਰਾਉਂਡ ਵਿੱਚ ਰਾਵਣ, ਕੁੰਭਕਰਣ ਅਤੇ ਮੇਘਨਾਥ ਦੇ ਬੁੱਤ ਖੜ੍ਹੇ ਕਰਨ ਤਾਂ ਗੁਰੀਲਾ-ਐਕਸ਼ਨ ਰਾਹੀਂ ਦੁਪਹਿਰੇ ਹੀ ਉਨ੍ਹਾਂ ਨੂੰ ਅੱਗ ਲਾ ਦਿੱਤੀ ਜਾਵੇ ਅਤੇ ਹੋਇਆ ਵੀ ਇੰਜ ਹੀ। ਜਦੋਂ ਤਕ ਪੁਲੀਸ ਉੱਥੇ ਪਹੁੰਚੀ ਤਾਂ ਉਸ ਸਮੇਂ ਤਕ ਬੁੱਤ ਅੱਧੋਂ ਵੱਧ ਸੜ ਚੁੱਕੇ ਸਨ। ਨੇਕੀ ਨੇ ਬਦੀ ਨੂੰ ਦਿਨ ਛਿਪਣ ਤੋਂ ਪਹਿਲਾਂ ਹੀ ਸਿਖ਼ਰ ਦੁਪਹਿਰੇ ਜਿੱਤ ਲਿਆ ਸੀ।

ਦੁਸਹਿਰੇ ਵਾਲੀ ਘਟਨਾ ਤੋਂ ਦੋ ਕੁ ਦਿਨ ਬਾਅਦ ਸੁਨੇਹਾ ਮਿਲਿਆ ਕਿ ਸ਼ਹੀਦਾਂ ਦੀ ਯਾਦ ਵਿੱਚ ਰਖਵਾਈ ਕਾਨਫਰੰਸ ਲਈ ਦਾਣਾ ਮੰਡੀ ਜੈਤੋ ਪਹੁੰਚੋ। ਉੱਥੇ ਪਹੁੰਚੇ ਤਾਂ ਚਾਰ-ਚੁਫ਼ੇਰੇ ਪੁਲੀਸ ਹੀ ਪੁਲੀਸ ਸੀ। ਇੰਜ ਲੱਗਦਾ ਸੀ ਕਿ ਜਿਵੇਂ ਉਹ ਸਾਨੂੰ ਹੀ ਉਡੀਕ ਰਹੇ ਹੋਣ। ਜੈਤੋ ਕਿਲ੍ਹੇ ਵਿੱਚ ਥਾਣਾ ਲਿਆ ਕੇ ਸਾਨੂੰ ਹਵਾਲਾਤ ਵਿੱਚ ਬੰਦ ਕਰ ਦਿੱਤਾ ਗਿਆ। ਅਗਲੇ ਦਿਨ ਸਾਨੂੰ ਅਦਾਲਤ ਰਾਹੀਂ ਜੁਡੀਸ਼ੀਅਲ ਰਿਮਾਂਡ ਲੈ ਕੇ ਬੋਸਟਲ ਜੇਲ੍ਹ ਫ਼ਰੀਦਕੋਟ ਭੇਜ ਦਿੱਤਾ ਗਿਆ। ਅਸੀਂ ਵੀਹ ਕੁ ਦਿਨ ਜੇਲ੍ਹ ਦੀ ਹਵਾ ਖਾਣ ਤੋਂ ਬਾਅਦ ਬਾਹਰ ਆ ਗਏ। ਪੰਜਾਬ ਸਰਕਾਰ ਨੇ ਸਕੂਲ ਅਤੇ ਕਾਲਜ ਖੋਲ੍ਹ ਦਿੱਤੇ ਅਤੇ ਸੰਗੀਨ ਜ਼ੁਰਮ ਵਾਲਿਆਂ ਨੂੰ ਛੱਡ ਕੇ ਬਾਕੀ ਸਾਰੇ ਵਿਦਿਆਰਥੀ ਅਤੇ ਮੋਗਾ ਘੋਲ ਨਾਲ ਸਬੰਧਤ ਫੜ੍ਹ ਗਏ ਹੋਰ ਵਰਕਰਾਂ ਨੂੰ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ। ਸਾਡੀ ਰਿਹਾਈ ਸਮੇਂ ਪਤਾ ਲੱਗਣ ਕਾਰਨ ਸਾਡੇ ਘਰ ਦੇ, ਰਿਸ਼ਤੇਦਾਰ ਅਤੇ ਵਿਦਿਆਰਥੀ ਕਾਫ਼ੀ ਗਿਣਤੀ ਵਿੱਚ ਜੇਲ੍ਹ ਦੇ ਬਾਹਰ ਸਾਡੇ ਸਵਾਗਤ ਲਈ ਆਏ ਹੋਏ ਸਨ। ਜੇਲ੍ਹ ਦੇ ਬਾਹਰ ਵਿਦਿਆਰਥੀ ਨਾਅਰੇ ਲਾ ਰਹੇ ਸਨ। ਪੁਲੀਸ ਵੀ ਭਾਰੀ ਗਿਣਤੀ ਵਿੱਚ ਖੜ੍ਹੀ ਸੀ। ਅਸੀਂ ਸਭ ਨੂੰ ਮਿਲ-ਮਿਲਾ ਕੇ ਅਤੇ ਦੂਜੇ ਦਿਨ ਕਾਲਜ ਵਿੱਚ ਮਿਲਣ ਦਾ ਵਾਅਦਾ ਕਰ ਕੇ ਆਪੋ-ਆਪਣੇ ਘਰਾਂ ਨੂੰ ਚਲੇ ਗਏ।

ਇਸ ਸੰਘਰਸ਼ ਸਮੇਂ ਬਹੁਤ ਸਾਰੇ ਜੁਝਾਰੂ ਦੋਸਤ ਤਾਂ ਡਟ ਕੇ ਪੀ.ਐਸ.ਯੂ. ਦੀ ਸੋਚ ਨਾਲ ਖੜ੍ਹੇ ਸਨ ਪਰ ਕਈ ਅਜਿਹੇ ਵੀ ਸਨ ਜੋ ਸੰਘਰਸ਼ ਦੇ ਤਾਂ ਸਾਥੀ ਸਨ ਪਰ ਉਨ੍ਹਾਂ ਦਾ ਮੇਰੇ ਵਿਚਾਰਾਂ ਜਾਂ ਪੀ.ਐਸ.ਯੂ. ਨਾਲ ਕੋਈ ਸਬੰਧ ਨਹੀਂ ਸੀ। ਜਦੋਂ ਮੈਂ ਅਗਲੇ ਦਿਨ ਬ੍ਰਿਜਿੰਦਰਾ ਕਾਲਜ ਪਹੁੰਚਿਆ ਤਾਂ ਪੁਲੀਸ ਟਿੱਡੀ-ਦਲ ਵਾਂਗ ਏਧਰ-ਉੱਧਰ ਘੁੰਮ ਰਹੀ ਸੀ। ਮੈਂ ਕਾਲਜ ਦੇ ਬਾਹਰ ਗੇਟ ਕੋਲ ਖੜ੍ਹ ਗਿਆ ਅਤੇ ਵੇਖਦਿਆਂ ਹੀ ਵੇਖਦਿਆਂ ਕਾਫ਼ੀ ਗਿਣਤੀ ਵਿੱਚ ਵਿਦਿਆਰਥੀ ਝੁਰਮਟ ਦੇ ਰੂਪ ਵਿੱਚ ਮੇਰੇ ਆਸ-ਪਾਸ ਹਾਲ ਚਾਲ ਪੁੱਛਣ ਲਈ ਆ ਖੜ੍ਹੇ। ਮੇਜਰ, ਕੁਲਵੰਤ, ਬਲਜੀਤ ਅਤੇ ਹੋਰ ਵਰਕਰ ਵੀ ਕਾਫੀ ਗਿਣਤੀ ਵਿੱਚ ਆ ਪਹੁੰਚੇ। ਰੈਲੀ ਵਾਲਾ ਮਾਹੌਲ ਬਣ ਗਿਆ। ਮੈਂ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਲਈ ਛਾਲ ਮਾਰ ਕੇ ਸਟੇਡੀਅਮ ਦੀ ਕੰਧ ਤੇ ਚੜ੍ਹ ਗਿਆ ਅਤੇ ਅਜੇ ਕਾਲਜ ਵੱਲ ਮੂੰਹ ਕਰ ਕੇ ਬੋਲਣ ਹੀ ਲੱਗਿਆ ਸਾਂ ਕਿ ਐਸ.ਡੀ.ਐਮ.ਗਰੇਵਾਲ ਆ ਕੇ ਕਹਿਣ ਲੱਗੇ ਕਿ ਦਫਾ ਇੱਕ ਸੌ ਚੁਤਾਲੀ ਕਾਰਨ ਇਕੱਠ ਨਹੀਂ ਹੋ ਸਕਦਾ। ਕੁਝ ਬਹਿਸ ਬਾਅਦ ਫ਼ੈਸਲਾ ਹੋਇਆ ਕਿ ਇਹ ਰੈਲੀ ਅਸੀਂ ਕਾਲਜ ਦੇ ਅੰਦਰ ਜਾ ਕੇ ਕਰ ਲਈਏ। ਮੈਂ ਵਿਦਿਆਰਥੀਆਂ ਨੂੰ ਅੰਦਰ ਜਾਣ ਨੂੰ ਕਹਿ ਕੇ ਆਪ ਉੱਥੇ ਖੜ੍ਹਾ ਰਿਹਾ। ਜਦੋਂ ਵਿਦਿਆਰਥੀ ਅੰਦਰ ਚਲੇ ਗਏ ਤਾਂ ਛੇ, ਸੱਤ ਸਿਪਾਹੀਆਂ ਨੇ ਮੈਨੂੰ ਬਾਹਾਂ ਤੋਂ ਫੜ੍ਹ ਲਿਆ ਅਤੇ ਉਨ੍ਹਾਂਇ 'ਚੋਂ ਇੱਕ ਮੇਰੇ

ਡਾਂਗ ਮਾਰਨ ਲੱਗਾ ਪਰ ਜਦੋਂ ਮੈਂ ਧੌਣ ਭੁਆ ਕੇ ਵੇਖਿਆ ਤਾਂ ਉਸ ਦੀ ਡਾਂਗ ਉਤਾਂਹ ਦੀ ਉਤਾਂਹ ਹੀ ਰਹਿ ਗਈ ਅਤੇ ਉਹ ਕਹਿਣ ਲੱਗਾ, "ਬਾਈ ਹੁਕਮ ਦੇ ਬੱਧੇ ਆਂ।" ਏਨੇ ਨੂੰ ਪੁਲੀਸ ਦੀ, ਫ਼ੌਜੀਆਂ ਦੀ ਗੱਡੀ ਵਰਗੀ ਗੱਡੀ ਸਾਡੇ ਕੋਲ ਆ ਲੱਗੀ। ਸਿਪਾਹੀਆਂ ਨੇ ਮੈਨੂੰ ਧੂਹ ਕੇ ਗੱਡੀ ਵਿੱਚ ਚੜ੍ਹਾ ਲਿਆ। ਵਿਦਿਆਰਥੀਆਂ ਦੇ ਗੁੱਸੇ ਦੀ ਕੋਈ ਹੱਦ ਨਾ ਰਹੀ, ਕਚੀਚੀਆਂ ਵੱਟਦੇ ਹੋਏ ਉਹ ਪੁਲੀਸ ਉੱਪਰ ਟੁੱਟ ਪਏ। ਇੱਟਾਂ ਰੋੜੇ ਵੱਜਣ 'ਤੇ ਪੁਲੀਸ ਬੇਵਸ ਹੋ ਗਈ। ਅਤੇ ਗੱਡੀ ਚੋਂ ਛਾਲ ਮਾਰ ਕੇ ਫੁਰਤੀ ਨਾਲ ਕਾਲਜ ਦੀ ਕੰਧ ਟੱਪ ਕੇ ਸਾਥੀਆਂ ਨਾ ਜਾ ਰਲਿਆ। ਮੈਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇਣ ਵਾਲੇ ਉਸ ਸਮੇਂ ਦੇ ਫ਼ਰੀਦਕੋਟ ਦੇ ਉਸ ਅਧਿਕਾਰੀ ਦਾ ਇਹ ਕਿੰਨਾ ਤੁਗ਼ਲਕੀ ਫ਼ੈਸਲਾ ਸੀ ਜਿਸਦੇ ਨਤੀਜੇ ਵਜੋਂ ਬਹੁਤ ਕੁਝ ਭਿਅੰਕਰ ਵਾਪਰ ਸਕਦਾ ਸੀ। ਕਿਤੇ ਦੁਬਾਰਾ ਗ੍ਰਿਫ਼ਤਾਰ ਨਾ ਕਰ ਲੈਣ, ਇਸ ਲਈ ਪੰਦਰਾਂ-ਵੀਹ ਵਿਦਿਆਰਥੀ ਜਬਰਦਸਤੀ ਮੈਨੂੰ ਧੂਹ ਕੇ ਹਰਿੰਦਰਾ ਨਗਰ ਨੂੰ ਲੈ ਗਏ। ਲਗਪਗ ਡੇਢ ਕੁ ਘੰਟੇ ਦੀ ਲੜਾਈ ਤੋਂ ਬਾਅਦ ਬ੍ਰਜਿੰਦਰਾ ਕਾਲਜ ਦੇ ਵਿਦਿਆਰਥੀ-ਵਿਦਿਆਰਥਣਾਂ ਨੇ ਪੁਲੀਸ ਨੂੰ ਕਾਲਜ ਕੈਂਪਸ 'ਚੋਂ ਬਾਹਰ ਜਾਣ ਲਈ ਮਜਬੂਰ ਕਰ ਦਿੱਤਾ। ਚਾਰ ਦਿਨ ਲਈ ਕਾਲਜ ਬੰਦ ਕਰ ਦਿੱਤਾ ਗਿਆ।

ਡੀ.ਸੀ. ਚੀਮੇ ਦੀ ਥਾਂ ਹੁਣ ਅਮਰੀਕ ਸਿੰਘ ਪੂੰਨੀ, ਡੀ.ਸੀ. ਫ਼ਰੀਦਕੋਟ ਦੀ ਕੁਰਸੀ 'ਤੇ ਆ ਬੈਠੇ ਸਨ। ਪੂੰਨੀ ਨੇ ਸ਼ਾਂਤੀ ਸਥਾਪਤ ਕਰਨ ਲਈ ਸ਼ਹਿਰ ਦੇ ਵਕੀਲਾਂ ਅਤੇ ਹੋਰ ਪਤਵੰਤੇ ਸ਼ਹਿਰੀਆਂ ਨਾਲ ਮੀਟਿੰਗ ਕਰ ਕੇ ਕਿਹਾ ਕਿ ਉਹ ਸਮਝੌਤੇ ਲਈ ਮੈਨੂੰ ਅਤੇ ਮੇਰੇ ਸਾਥੀਆਂ ਨੂੰ ਲੱਭ ਕੇ ਲਿਆਉਣ। ਫ਼ਰੀਦਕੋਟ ਦੇ ਨਾਮਵਰ ਸ਼ਹਿਰੀ ਅਤੇ ਪਤਵੰਤੇ ਸੱਜਣ ਕਈ ਵਲ ਵਿੰਗ ਪਾ ਕੇ ਸਾਨੂੰ ਮਿਲੇ ਅਤੇ ਆਪਣੀ ਜ਼ਿੰਮੇਵਾਰੀ ਤੇ ਮੇਰੀ ਅਤੇ ਮੇਰੇ ਸਾਥੀਆਂ ਦੀ ਮੀਟਿੰਗ ਡੀ.ਸੀ. ਨਾਲ ਕਰਵਾਈ। ਪੂੰਨੀ ਸਾਹਿਬ ਇਹ ਕਹਿ ਕੇ ਕਿ ਬਾਕੀ ਗੱਲਾਂ-ਬਾਤਾਂ ਫੇਰ ਕਰਾਂਗੇ, ਪਹਿਲਾਂ ਵਿਦਿਆਰਥੀਆਂ ਦੀਆਂ ਮੰਗਾਂ ਨਿਪਟਾ ਲਈਏ, ਨੋਟ ਬੁੱਕ ਚੁੱਕ ਕੇ ਪੈੱਨ ਖੋਲ੍ਹ ਕੇ ਮੈਨੂੰ ਸੰਬੋਧਤ ਹੋ ਕੇ ਕਹਿਣ ਲੱਗੇ, "ਬਿੱਕਰ ਸਿੰਘ, ਮੇਰੇ ਅਧਿਕਾਰ ਖੇਤਰ ਵਿੱਚ ਆਉਂਦੀਆਂ, ਫ਼ਰੀਦਕੋਟ ਨਾਲ ਸਬੰਧਤ ਜੋ ਵੀ ਮੰਗਾਂ ਹਨ, ਮੈਂ ਹੁਣੇ ਹੀ ਮੰਨਦਾ ਹਾਂ ਅਤੇ ਦੂਜੀਆਂ ਸਬੰਧੀ ਵੀ ਵਾਅਦਾ ਕਰਦਾ ਹਾਂ ਕਿ ਉੱਪਰ ਮੰਨਣ ਲਈ ਪੰਜਾਬ ਸਰਕਾਰ ਨੂੰ ਲਿਖ ਕੇ ਭੇਜਾਂਗਾ। ਅਸੀਂ ਮੰਗਾਂ ਦੀ ਲਿਸਟ ਡੀ.ਸੀ. ਅੱਗੇ ਰੱਖੀ। ਪਹਿਲੀ ਮੰਗ ਸੀ ਕਿ ਮੋਗਾ ਗੋਲੀ ਕਾਂਡ ਦੀ ਨਿਰਪੱਖ ਜਾਂਚ ਕਿਸੇ ਰਿਟਾਇਰਡ ਜੱਜ ਤੋਂ ਕਰਵਾਈ ਜਾਵੇ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਜੋ ਡੀ.ਸੀ. ਨੇ ਉੱਪਰ ਭੇਜਣ ਲਈ ਨੋਟ ਕਰ ਲਈ। ਦੂਜੀ ਮੰਗ ਰੀਗਲ ਸਿਨੇਮੇ ਨੂੰ ਸ਼ਹੀਦੀ ਯਾਦਗਾਰ ਬਣਾਉਣ ਦੀ ਸੀ। ਡੀ.ਸੀ. ਨੇ ਕਿਹਾ ਕਿ ਸਿਨੇਮਾ ਪੱਕੇ ਤੌਰ ਦੇ ਬੰਦ ਕਰ ਦਿੱਤਾ ਜਾਵੇਗਾ ਅਤੇ ਯਾਦਗਾਰ ਲਈ ਉੱਪਰ ਲਿਖਿਆ ਜਾਵੇਗਾ। ਬਾਅਦ ਵਿੱਚ ਇਹ ਯਾਦਗਾਰ ਬਣਾ ਦਿੱਤਾ ਗਿਆ। ਤੀਜੀ ਮੰਗ ਸੀ ਕਿ ਪੰਜਾਬ ਭਰ ਦੇ ਵਿਦਿਆਰਥੀਆਂ ਅਤੇ ਮੋਗਾ ਘੋਲ ਨਾਲ ਸਬੰਧਤ ਹੋਰ ਵਿਅਕਤੀਆਂ ਤੇ ਬਣੇ ਮੁਕੱਦਮੇ ਵਾਪਸ ਲਏ ਜਾਣ। ਇਸ ਸਬੰਧੀ ਡੀ.ਸੀ. ਨੇ ਕਿਹਾ ਕਿ ਫ਼ਰੀਦਕੋਟ ਨਾਲ ਸਬੰਧਤ ਸਾਰੇ ਵਿਦਿਆਰਥੀਆਂ ਅਤੇ ਹੋਰ ਵਿਅਕਤੀਆਂ ਦੇ ਮੋਗਾ ਘੋਲ ਕਾਰਨ ਬਣੇ ਮੁਕੱਦਮੇ ਉਹ ਅੱਜ ਹੀ ਵਾਪਸ ਲੈਂਦੈ ਹਨ ਅਤੇ ਬਾਕੀਆਂ ਨੂੰ ਰਫਾ-ਦਫਾ ਕਰਨ ਲਈ ਉਹ ਉੱਪਰ ਲਿਖ ਰਹੇ ਹਨ। ਚੌਥੀ ਮੰਗ ਸੀ ਕਿ ਪ੍ਰਿੰਸੀਪਲ ਨਾਂ ਕੱਟੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਨਹੀਂ ਸੱਦੇਗਾ ਅਤੇ ਵਿਦਿਆਰਥੀ ਬਿਨਾਂ ਕਿਸੇ ਵਿਤਕਰੇ ਦੇ ਅਰਜ਼ੀਆਂ ਲੈ ਕੇ ਮੁੜ ਦਾਖਲ ਕੀਤੇ ਜਾਣਗੇ। ਇਹ ਸਾਡੀ ਸਥਾਨਕ ਮੰਗ ਸੀ। ਡੀ.ਸੀ. ਨੇ ਕਿਹਾ ਕਿ ਅਜਿਹਾ ਹੀ ਹੋਵੇਗਾ।

ਅਖੀਰ ਡੀ.ਸੀ. ਨੇ ਕਿਹਾ, "ਹੁਣ ਜਦੋਂ ਕਿ ਪੰਜਾਬ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਵਿੱਚ ਪੜ੍ਹਾਈ ਸ਼ੁਰੂ ਹੋ ਚੁੱਕੀ ਹੈ ਤਾਂ ਤੁਸੀਂ ਵੀ ਹੜਤਾਲ ਖ਼ਤਮ ਕਰ ਕੇ ਕੱਲ੍ਹ ਤੋਂ ਪੜ੍ਹਾਈ ਸ਼ੁਰੂ ਕਰੋ।" ਮੈਂ ਕਿਹਾ ਕਿ ਡੀ.ਸੀ. ਸਾਹਬ ਅਸੀਂ ਕੱਲ੍ਹ ਨੂੰ ਰੈਲੀ ਕਰ ਕੇ ਫ਼ੈਸਲਾ ਕਰਾਂਗੇ ਪਰ ਤੁਸੀਂ ਪੁਲੀਸ ਨੂੰ ਕਹੋ ਕਿ ਕਾਲਜ ਤੋਂ ਦੂਰ ਰਹੇ ਤਾਂ ਕਿ ਕੋਈ ਭੜਕਾਹਟ ਪੈਦਾ ਨਾ ਹੋਵੇ। ਅਸੀਂ ਇਹ ਵੀ ਸਪਸ਼ਟ ਕਰ ਦਿੱਤਾ ਕਿ ਜੇਕਰ ਪੰਜਾਬ ਪੱਧਰ 'ਤੇ ਪੀ.ਐਸ.ਯੂ. ਵੱਲੋਂ ਕਿਸੇ ਰੋਸ-ਰੈਲੀ, ਹੜਤਾਲ ਜਾਂ ਮੁਜ਼ਾਹਰੇ ਦਾ ਸੱਦਾ ਆਵੇਗਾ ਤਾਂ ਅਸੀਂ ਉਸ ਨੂੰ ਹਰ ਹਾਲਤ ਵਿੱਚ ਲਾਗੂ ਕਰਾਂਗੇ। ਇਸ ਸਦਭਾਵਨਾ ਵਾਲੇ ਮਾਹੌਲ ਨੇ ਤਲਖ਼ ਵਾਤਾਵਰਨ ਨੂੰ ਸ਼ਾਂਤ ਕਰ ਦਿੱਤਾ ਅਤੇ ਭਖਦੀ ਮੋਗਾ ਕਾਂਡ ਐਜੀਟੇਸ਼ਨ ਸ਼ਾਂਤਮਈ ਅਤੇ ਜਮਹੂਰੀ ਲਹਿਰ ਵਿੱਚ ਬਦਲ ਗਈ।

# ਉਲਟ ਰੁਖ਼ ਚਲ ਰਿਹਾ ਪੰਜਾਬ ਦਾ ਵਿਕਾਸ

**ਗੁਰਮੀਤ ਪਲਾਹੀ**

ਜਦੋਂ ਵੀ ਕਿਸੇ ਸਰਕਾਰ ਦੇ ਕੰਮਾਂ ਦਾ ਲੇਖਾ-ਜੋਖਾ ਕਰਨਾ ਹੋਵੇ ਤਾਂ ਪਹਿਲੀ ਗੱਲ ਜੋ ਵੇਖੀ ਜਾਂਦੀ ਹੈ ਉਹ ਇਹ ਕਿ ਉਸ ਰਾਜ ਦੇ ਉਸ ਖਿੱਤੇ ਦੇ ਆਮ ਲੋਕ ਸਰਕਾਰ ਬਾਰੇ ਕੀ ਰਾਏ ਰੱਖਦੇ ਹਨ? ਦੂਜੀ ਗੱਲ ਰਾਜ ਕਰ ਰਹੀ ਪਾਰਟੀ ਜਾਂ ਪਾਰਟੀਆਂ ਦੇ ਵਰਕਰ (ਨੇਤਾ ਨਹੀਂ) ਸਰਕਾਰ ਦੇ ਕੰਮ ਕਾਰ ਬਾਰੇ ਕੀ ਮਹਿਸੂਸ ਕਰਦੇ ਹਨ ਅਤੇ ਤੀਜੀ ਗੱਲ ਕਿ ਵਿਰੋਧੀ ਪਾਰਟੀਆਂ ਦਾ ਸਰਕਾਰ ਦੇ ਕੀਤੇ ਜਾ ਰਹੇ ਕੰਮਾਂ ਬਾਰੇ ਕੀ ਦ੍ਰਿਸ਼ਟੀਕੋਨ ਹੈ? ਉਪਰੋਕਤ ਤਿੰਨਾਂ ਗੱਲਾਂ ਤੋਂ ਇਲਾਵਾ ਸਾਸ਼ਨ ਕਰਨ ਵਾਲੇ ਮੁੱਖ ਮੰਤਰੀ ਬਾਰੇ ਲੋਕ, ਪਾਰਟੀ ਵਰਕਰ ਤੇ ਵਿਰੋਧੀ ਨੇਤਾਵਾਂ ਦੀ ਰਾਏ ਕੀ ਹੈ?

ਬਿਨ੍ਹਾਂ ਸ਼ੱਕ ਪੰਜਾਬੀਆਂ ਦਾ ਬਾਬਾ ਬੋਹੜ ਹੈ ਪ੍ਰਕਾਸ਼ ਸਿੰਘ ਬਾਦਲ। ਇਕ ਇਹੋ ਜਿਹਾ ਸ਼ਰੀਫ਼ ਇਨਸਾਨ, ਇਕ ਇਹੋ ਜਿਹਾ ਦੂਰਅੰਦੇਸ਼ ਨੇਤਾ, ਇਕ ਇਹੋ ਜਿਹਾ ਗੁੜ੍ਹਿਆ ਹੋਇਆ ਪਾਰਲੀਮੈਂਟੇਰੀਅਨ, ਜਿਸਦਾ ਤੋੜ ਕੋਈ ਨਹੀਂ ਪੰਜਾਬ ਵਿਚ, ਪੰਜਾਬ ਦੀ ਸਿਆਸਤ ਵਿਚ, ਲੋਕਾਂ ਨਾਲ ਆਪਣੇ ਰਿਸ਼ਤੇ ਗੂੜ੍ਹੇ ਕਰਨ ਵਿਚ ਅਤੇ ਜਿਸਦਾ ਬਦਲ ਤਲਾਸ਼ਣਾ

'ਖਾਲਾ ਜੀ ਦਾ ਵਾੜਾ' ਨਹੀਂ ਹੈ। ਪ੍ਰਕਾਸ਼ ਸਿੰਘ ਬਾਦਲ ਇਕ ਕਰਮਯੋਗੀ ਹੈ, ਆਪਣੀ ਧੁਨ ਦਾ ਪੱਕਾ, ਖਰੀ ਖੋਟੀ ਮੂੰਹ 'ਤੇ ਸੁਨਾਉਣ ਵਾਲਾ, ਜਿੱਧਰ ਵੀ ਜਾਂਦਾ ਹੈ ਆਪਣੀ ਧਾਂਕ ਜਮਾਉਂਦਾ ਜਾਂਦਾ ਹੈ। ਚੋਣਾਂ ਹੋਣ ਜਾਂ ਆਮ ਦਿਨ ਉਹ ਲੋਕਾਂ ਦੇ ਵਿਆਹ, ਖੁਸ਼ੀ, ਗ਼ਮੀ ਦੇ ਫੰਕਸ਼ਨਾਂ ਵਿਚ ਜਾਂਦਾ ਹੈ ਬਾਵਜੂਦ ਇਸ ਗੱਲ ਦੇ ਕਿ 86 ਸਾਲਾਂ ਦੀ ਉਮਰ ਵਿਆਹ ਚੁੱਕਿਆ ਹੈ। ਪਰ ਸਵਾਲ ਉੱਠਦਾ ਹੈ ਕਿ ਚਿੜੀ ਦੇ ਪੌਂਚੇ ਜਿੰਨਾ ਪੰਜਾਬ, ਉਸ ਤੋਂ ਸਾਂਭਿਆ ਕਿਉਂ ਨਹੀਂ ਜਾ ਰਿਹਾ? ਇਹ ਸਵਾਲ ਆਮ ਲੋਕ ਵੀ ਪੁੱਛਦੇ ਹਨ, ਰਾਜ ਕਰਨ ਵਾਲੀਆਂ ਪਾਰਟੀਆਂ ਦੇ ਵਰਕਰ ਵੀ ਅਤੇ ਵਿਰੋਧੀ ਪਾਰਟੀ ਦੇ ਨੇਤਾ ਵੀ।

ਪੰਜਾਬ ਦੀ ਆਰਥਿਕ ਸਥਿਤੀ ਡਾਵਾਂਡੋਲ ਹੈ, ਪੰਜਾਬ ਪੋਟਾ ਪੋਟਾ ਕਰਜ਼ੇ ਨਾਲ ਵਿੰਨਿਆ ਪਿਆ ਹੈ। ਪੰਜਾਬ ਦੀ ਅਮਨ ਕਾਨੂੰਨ ਦੀ ਸਥਿਤੀ ਚਿੰਤਾਜਨਕ ਹੈ। ਪੰਜਾਬ ਦਾ ਨੌਜਵਾਨ ਨਸ਼ਿਆਂ ਦਾ ਆਦੀ ਹੋ ਰਿਹਾ ਹੈ ਅਤੇ ਬੇਰੁਜ਼ਗਾਰੀ ਨਾਲ ਝੰਬਿਆ ਪਿਆ ਹੈ। ਰਾਜ ਕਰ ਰਹੀ ਪਾਰਟੀ ਦੇ ਵਰਕਰ ਆਪ ਮੁਹਾਰੇ ਕਾਨੂੰਨ ਭੰਗ ਕਰਕੇ, ਆਪੇ ਪੁਲਿਸ, ਆਪੇ ਪ੍ਰਸਾਸ਼ਨ ਬਣਨ ਦਾ ਕੋਝਾ ਯਤਨ ਕਰ ਰਹੇ ਹਨ। ਵਿਕਾਸ ਦਾ ਫੱਟਾ ਹੱਥ 'ਚ ਫੜੀ ਸਰਕਾਰ ਖੋਖਲੇ ਦਾਅਵੇ ਕਰ ਰਹੀ ਹੈ।

ਮਹਿੰਗਾਈ ਨੇ ਆਮ ਲੋਕਾਂ ਦਾ ਜੀਵਨ ਦੁਭਰ ਕੀਤਾ ਹੋਇਆ ਹੈ। ਕੁਰੱਪਸ਼ਨ ਦਾ ਹੱਦ ਬੰਨਾ ਹੀ ਕੋਈ ਨਹੀਂ ਰਿਹਾ। ਪੁਲਿਸ, ਪ੍ਰਸਾਸ਼ਨ ਦਾ ਸਿਆਸੀਕਰਨ ਹੋ ਚੁੱਕਾ ਹੈ। ਇਵੇਂ ਜਾਪਦਾ ਹੈ ਜਿਵੇਂ ਰਾਜ ਉਤੇ ਕੋਈ ਲੋਕਰਾਜੀ ਸਰਕਾਰ ਕੰਮ ਨਹੀਂ ਕਰ ਰਹੀ ਸਗੋਂ ਨੌਕਰਸ਼ਾਹਾਂ, ਸਿਆਸਤਦਾਨਾਂ ਅਤੇ ਪੈਸੇ ਵਾਲਿਆਂ ਦੀ ਤਿਕੜੀ ਰਾਜ ਕਰ ਰਹੀ ਹੈ। ਇਹੋ ਜਿਹੀ ਹਾਲਤ

ਬਨਾਉਣ ਦਾ ਜ਼ੁੰਮੇਵਾਰ ਹੈ ਕੌਣ? ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਜਾਂ ਕੋਈ ਹੋਰ? ਕੀ ਇਹ ਕੋਈ ਸਾਜ਼ਿਸ਼ ਤਾਂ ਨਹੀਂ ਪੰਜਾਬੀਆਂ ਨੂੰ ਖਤਮ ਕਰਨ ਦੀ, ਪੰਜਾਬ ਦੇ ਅਰਥਚਾਰੇ ਨੂੰ ਢਾਅ ਲਾਉਣ ਦੀ ਅਤੇ ਪੰਜਾਬ ਦੀ ਸਰਜ਼ਮੀਨ ਨੂੰ ਗ਼ੁਲਾਮ ਬਨਾਉਣ ਦੀ? ਆਉ ਕੁਝ ਅੰਕੜੇ ਦੇਖੀਏ। ਜੋ ਬਹੁਤ ਹੀ ਹੈਰਾਨਕੁੰਨ ਹਨ।

ਪੰਜਾਬ ਦੀ ਕੁੱਲ ਆਬਾਦੀ 3,15,82,828 ਹੈ ਅਤੇ ਖੇਤਰਫਲ 50,362 ਵਰਗ ਮੀਟਰ। ਪੰਜਾਬ ਦੇ 22 ਜ਼ਿਲ੍ਹੇ ਹਨ, ਜਿਥੇ ਰੇਲਵੇ ਲਾਈਨਾਂ ਦੀ ਲੰਬਾਈ ਮਸਾਂ 2133 ਕਿਲੋਮੀਟਰ ਅਤੇ ਨੈਸ਼ਨਲ ਹਾਈਵੇ ਕੁਲ 1749 ਕਿਲੋਮੀਟਰ ਹੈ ਜਦਕਿ 51059 ਕਿਲੋਮੀਟਰ ਲਿੰਕ ਸੜਕਾਂ ਅਤੇ 7000 ਕਿਲੋਮੀਟਰ ਜ਼ਿਲ੍ਹਾ ਸੜਕਾਂ। ਕੋਈ ਖਾਸ ਵੱਡੀ ਇੰਡਸਟਰੀ ਨਹੀਂ ਹੈ ਅਤੇ ਪੰਜਾਬੀਆਂ ਦੀ ਸਿਹਤ ਉਤੇ ਸਲਾਨਾ ਮਸਾਂ 1400 ਰੁਪਏ ਪ੍ਰਤੀ ਵਿਅਕਤੀ ਖਰਚ ਹੁੰਦੇ ਹਨ ਜਦਕਿ ਪੰਜਾਬੀਆਂ ਦੀ ਪ੍ਰਤੀ ਦਰ ਆਮਦਨ 61,035 ਰੁਪਏ ਸਲਾਨਾ ਹੈ। ਖੇਤੀ ਅਧਾਰਤ ਹੋਣ ਕਾਰਨ ਪੰਜਾਬ ਦੀ ਦੋ ਤਿਹਾਈ ਆਬਾਦੀ ਇਸ ਤੇ ਨਿਰਭਰ ਹੈ ਅਤੇ ਇਸ ਵੱਲੋਂ ਔਸਤਮ 10837 ਹਜ਼ਾਰ ਟਨ ਝੋਨਾ ਅਤੇ 15828 ਹਜ਼ਾਰ ਟਨ ਕਣਕ ਦੀ ਪੈਦਾਵਾਰ ਹੁੰਦੀ ਹੈ। ਦੇਸ਼ ਭਰ 'ਚ ਝੋਨੇ ਦੇ ਉਤਪਾਦਨ 'ਚ ਤੀਜੇ ਦਰਜੇ ਉਤੇ ਅਤੇ ਕਣਕ ਦੇ ਉਤਪਾਦਨ 'ਚ ਦੂਜੇ ਦਰਜੇ ਤੇ ਹੈ। ਗੰਨਾ ਵੀ 4170 ਹਜ਼ਾਰ ਟਨ ਉਗਾਇਆ ਜਾਂਦਾ ਹੈ। ਪਰ ਖੇਤੀ ਅਧਾਰਤ ਇਥੇ ਕੋਈ ਵੱਡੀ ਇੰਡਸਟਰੀ ਨਹੀਂ ਹੈ।

ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਲਈ ਇਸ ਸਰਹੱਦੀ ਸੂਬੇ ਦਾ ਸਦਾ ਹੀ ਵੱਡਾ ਯੋਗਦਾਨ ਰਿਹਾ ਹੈ ਪਰ ਇਥੋਂ ਦੇ ਨੌਜਵਾਨਾਂ ਦੀ ਸਿਹਤ 'ਚ ਹੁਣ ਜਿਵੇਂ ਨਿਘਾਰ ਆ ਰਿਹਾ ਹੈ, ਉਹ ਕੀ ਸੰਕੇਤ ਦੇ ਰਿਹਾ ਹੈ? ਅੱਵਲ ਤਾਂ ਇਥੋਂ ਦੇ ਨੌਜਵਾਨ ਪੰਜਾਬ 'ਚ ਨਾ ਰਹਿ ਕੇ ਵਿਦੇਸ਼ 'ਚ ਜਾਣ ਤੇ ਰੁਜ਼ਗਾਰ ਕਰਨ ਨੂੰ ਪਹਿਲ ਦੇ ਰਹੇ ਹਨ, ਜੇਕਰ ਮਜ਼ਬੂਰੀਵੱਸ ਇਥੇ ਠਹਿਰ ਰੱਖ

ਵੀ ਰਹੇ ਹਨ ਤਾਂ ਉਨ੍ਹਾਂ ਲਈ ਬੇਰੁਜ਼ਗਾਰੀ ਦਾ ਦੈਂਤ ਮੂੰਹ ਅੱਡੀ ਬੈਠਾ ਹੈ, ਸਿੱਟਾ ਸਿਹਤ 'ਚ ਵਿਗਾੜ 'ਚ ਨਿਕਲ ਰਿਹਾ ਹੈ।

ਪੰਜਾਬ 'ਚ ਫੈਲੇ ਕੈਂਸਰ ਰੋਗ ਅਤੇ ਨਸ਼ੇ ਦੇ ਰੋਗ ਨੇ ਜਿਵੇਂ ਪੰਜਾਬ ਨੂੰ ਨਿਗਲ ਲੈਣ ਦਾ ਫੈਸਲਾ ਕਰ ਲਿਆ ਹੈ। ਇਹੋ ਜਿਹੀ ਸਥਿਤੀ 'ਚ ਮੌਕੇ ਦੇ ਹਾਕਮਾਂ ਦੀ ਕੀ ਜ਼ੁੰਮੇਵਾਰੀ ਬਣਦੀ ਹੈ, ਕੀ ਇਸਦਾ ਵਿਆਖਿਆਨ ਕਰਨ ਦੀ ਲੋੜ ਹੈ? ਖਾਸ ਕਰਕੇ ਇਕ ਇਹੋ ਜਿਹੇ ਤਜ਼ਰਬੇਕਾਰ ਸਿਆਸਤਦਾਨ ਨੂੰ, ਜੋ ਪੰਜਾਬ ਦਾ ਅਲੰਬਰਦਾਰ ਬਨਣ ਦਾ ਦਾਅਵਾ ਕਰਦਾ ਹੈ?

ਪੰਜਾਬ ਦੀ ਸਰਕਾਰ ਕਹੇਗੀ ਕਿ ਪੰਜਾਬ ਨਾਲ ਕੇਂਦਰ ਸਰਕਾਰ ਧੱਕਾ ਕਰ ਰਹੀ ਹੈ, ਗ੍ਰਾਂਟਾਂ ਦੀ ਵੰਡ ਵੇਲੇ? ਕੇਂਦਰ ਸਰਕਾਰ ਪੰਜਾਬ ਲਈ ਵਿਸ਼ੇਸ਼ ਪੈਕੇਜ ਨਹੀਂ ਦੇ ਰਹੀ। ਪਰ ਕੀ ਪੰਜਾਬ ਦੇ ਮੌਜੂਦਾ 'ਰਾਜੇ' ਇਸ ਧੱਕ ਦੇ ਖਿਲਾਫ਼ ਆਵਾਜ਼ ਉਠਾ ਰਹੇ ਹਨ? ਕੀ ਪੰਜਾਬ ਦੇ ਨੌਕਰਸ਼ਾਹ ਕੇਂਦਰ ਤੋਂ ਵਿਸ਼ੇਸ਼ ਗ੍ਰਾਂਟਾਂ ਲੈਣ ਲਈ ਕੋਈ ਵਿਸ਼ੇਸ਼ ਯਤਨ ਕਰ ਰਹੇ ਹਨ।

ਕੇਂਦਰ ਸਰਕਾਰ ਦੀਆਂ ਬਹੁਤ ਸਾਰੀਆਂ ਸਕੀਮਾਂ ਇਹੋ ਜਿਹੀਆਂ ਹਨ ਜਿਨ੍ਹਾਂ ਅਧੀਨ ਰਾਜ ਸਰਕਾਰ ਗ੍ਰਾਂਟਾਂ ਦੀ ਵਰਤੋਂ ਨਹੀਂ ਕਰ ਰਹੀ, ਜਿਨ੍ਹਾਂ 'ਚ ਬਹੁਚਰਚਿਤ 'ਮਨਰੇਗਾ' ਸਕੀਮ ਅਤੇ ਗ੍ਰੈਜ਼ੂਏਟ ਪੱਧਰ ਤੱਕ ਘੱਟ ਗਿਣਤੀ ਵਿਦਿਆਰਥੀਆਂ ਲਈ ਮੁਫ਼ਤ ਸਿੱਖਿਆ ਅਤੇ ਵਜ਼ੀਫਾ ਦੇਣ ਦੀ ਸੁਵਿਧਾ ਹੈ। ਕੀ ਸੂਝਵਾਨ ਮੁੱਖ ਮੰਤਰੀ 'ਚ ਜਾਂ ਉਨ੍ਹਾਂ ਦੇ ਕਰਿੰਦੇ ਇਸ ਬਾਰੇ ਕੁਝ ਕਹਿ ਸਕਣ ਦੇ ਯੋਗ ਹਨ?

ਗੱਲ ਪੰਜਾਬ ਦੇ ਕਿਸੇ ਪਿੰਡ ਦੇ ਵਿਕਾਸ ਦੀ ਕਰ ਲਈਏ ਜਾਂ ਸ਼ਹਿਰ ਦੇ ਵਿਕਾਸ ਦੀ! ਦੋਹੀਂ ਥਾਈਂ ਇਕੋ ਜਿਹੇ ਦ੍ਰਿਸ਼ ਦੇਖਣ ਨੂੰ ਮਿਲਣਗੇ। ਕੂੜੇ ਦੇ ਢੇਰ, ਗਲੀਆਂ 'ਚ ਫੈਲਿਆ ਗੰਦਾ ਪਾਣੀ, ਟੁੱਟੇ ਭੱਜੇ ਸਰਕਾਰੀ ਦਫ਼ਤਰ ਅਤੇ ਇਥੇ ਬਣੇ ਪਬਲਿਕ ਟਾਇਲਟਾਂ 'ਚ ਉਡਦੀ ਬਦਬੂ ਸ਼ਹਿਰਾਂ/ਪਿੰਡਾਂ 'ਚ ਬਣਾਏ ਸਰਕਾਰੀ ਹਸਪਤਾਲਾਂ, ਡਿਸਪੈਂਸਰੀਆਂ ਭਾਵੇਂ ਉਹ ਮਨੁੱਖਾਂ ਲਈ ਹਨ ਜਾਂ ਪਸ਼ੂਆਂ ਲਈ, ਨਾ ਪੂਰਾ ਸਟਾਫ਼ ਅਤੇ ਨਾ ਪਸ਼ੂਆਂ, ਨਾ ਮਨੁੱਖਾਂ ਲਈ ਲੋੜੀਂਦੀ ਦਵਾਈ। ਬਾਕੀ ਸਿਹਤ ਸਹੂਲਤਾਂ ਦੀ ਤਾਂ



- Punjab's outstanding debt is a staggering Rs 52,764 crore
- 76% of revenue receipts goes towards salaries, pensions, interest
- Annual subsidy bill: Rs 4,000 crore
- The Planning Commission says Punjab will be the slowest growing state in 2007-12. Projected growth: 5.9% against national average of 9%.
- Education sector in a shambles.

ਗੱਲ ਹੀ ਛੱਡੋ ਜੇ ਕਿਸੇ ਤ੍ਰੀਮਤ ਨੇ ਬੱਚਾ ਜੰਮਣਾ ਹੈ ਤਾਂ ਉਸਨੂੰ ਰਾਤ ਬਰਾਤੇ ਸਰਕਾਰੀ ਹਸਪਤਾਲਾਂ 'ਚ ਢੋਈ ਨਹੀਂ ਮਿਲਦੀ, ਕਿਉਂਕਿ ਉਥੇ

ਕੰਮ ਕਰਦੇ ਡਾਕਟਰਾਂ ਨੇ ਜਾਂ ਪ੍ਰਾਈਵੇਟ ਕਲੀਨਕ ਖੋਲ੍ਹੇ ਹੋਏ ਹਨ ਤੇ ਉਥੇ 24 ਘੰਟੇ ਵਧੀਆ ਸਿਹਤ ਸਹੂਲਤਾਂ ਦਾ ਪ੍ਰਬੰਧ ਹੈ ਬੱਸ ਜੇਬ੍ਹ 'ਚ ਪੈਸੇ ਚਾਹੀਦੇ ਹਨ। ਪਰ ਗਰੀਬ ਆਦਮੀ ਕੋਲ ਇਸ ਮਹਿੰਗਾਈ ਦੇ ਯੁੱਗ 'ਚ ਪੈਸੇ ਕਿਥੋਂ ਆਉਣ?

ਬਹੁਤ ਤਿੱਖੇ ਅਤੇ ਮਿੱਠੇ ਨਾਹਰੇ ਸਰਕਾਰ ਲਗਾਉਂਦੀ ਹੈ ਸਿਹਤ ਸਹੂਲਤਾਂ ਦੇਣ ਲਈ, ਮੁਫ਼ਤ ਸਿੱਖਿਆ ਮੁਹੱਈਆ ਕਰਵਾਉਣ ਲਈ, ਵਾਤਾਵਰਨ ਦੇ ਸੁਧਾਰ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇਣ ਲਈ, ਗੁੰਡਿਆਂ ਗ਼ਲਤ ਅਨਸਰਾਂ ਨੂੰ ਸਬਕ ਸਿਖਲਾਉਣ ਲਈ ਜਾਂ ਫਿਰ ਸਾਫ=ਸੁਥਰਾ ਪ੍ਰਬੰਧ ਅਤੇ ਰਾਜਸੀ ਸੇਵਾਵਾਂ ਮੁਹੱਈਆ ਕਰਵਾਉਣ ਲਈ। ਪਰ

ਕਹਿਣੀ ਤੇ ਕਥਨੀ 'ਚ ਇੰਨਾ ਫਰਕ ਹੈ ਜਿਵੇਂ ਝੂਠ ਤੇ ਸੱਚ ਵਿਚ, ਕਾਲੇ ਤੇ ਚਿੱਟੇ 'ਚ।

ਪੰਜਾਬ ਦਾ ਖਜ਼ਾਨਾ ਖਾਲੀ, ਮੁਲਾਜ਼ਮਾਂ ਲਈ ਤਨਖਾਹ ਦੇਣ ਲਈ ਪੈਸੇ ਨਹੀਂ, ਬਜ਼ੁਰਗ 250 ਰੁਪਏ ਮਹੀਨਾ ਪੈਨਸ਼ਨ ਉਡੀਕਦੇ ਰਹਿੰਦੇ ਹਨ ਮਹੀਨਿਆਂ ਬੱਧੀ, ਪੰਜਾਬ ਦੀ ਟਰਾਂਸਪੋਰਟ ਘਾਟੇ 'ਚ, ਰੂਟ ਪਰਮਿਟ ਤਾਂ ਪ੍ਰਾਈਵੇਟ ਲੋਕਾਂ ਕੋਲ ਹਨ, ਪਬਲਿਕ ਟਰਾਂਸਪੋਰਟ ਵਾਧੇ 'ਚ ਕਿਵੇਂ ਹੋਵੇ? ਪੰਜਾਬ ਦੇ ਸਕੂਲ/ਕਾਲਜ/ਤਕਨੀਕੀ ਸੰਸਥਾਨ ਮੁਖੀਆਂ ਤੋਂ ਬਿਨ੍ਹਾਂ ਤੇ ਜ਼ਰੂਰੀ ਸੁਵਿਧਾਵਾਂ ਤੋਂ ਬਿਨ੍ਹਾਂ ਹਨ, ਪ੍ਰਾਈਵੇਟ ਯੂਨੀਵਰਸਿਟੀਆਂ ਦੇ ਖਜ਼ਾਨੇ ਭਰਪੂਰ ਹੋ ਰਹੇ ਹਨ, ਉਦੋਂ ਤੋਂ ਜਦੋਂ ਤੋਂ ਪੰਜਾਬ

'ਚ ਸਿੱਖਿਆ ਵਪਾਰ ਬਣ ਗਈ ਹੈ। ਪੰਜਾਬ ਦਾ ਪਾਣੀ ਗੰਦਾ, ਹਵਾ ਪ੍ਰਦੂਸ਼ਿਤ, ਲਿੰਕ ਸੜਕਾਂ ਟੁੱਟੀਆਂ-ਫੁੱਟੀਆਂ ਮੁਰੰਮਤ ਦੀ ਉਡੀਕ ਵਿਚ ਹਨ। ਖੇਤੀ ਅਤੇ ਉਸ ਨਾਲ ਸੰਬੰਧਤ ਕਿੱਤੇ ਡੇਅਰੀ ਆਦਿ ਜਾ ਰਹੇ ਹਨ ਘਾਟੇ 'ਚ! ਬਿਜਲੀ ਦੀ ਉਡੀਕ ਸਿਆਲਾਂ 'ਚ ਵੀ ਰਹਿੰਦੀ ਹੈ। ਤਾਂ ਫਿਰ ਕਿਹੋ ਜਿਹੀ ਤਰੱਕੀ ਕਰ ਰਿਹਾ ਹੈ ਪੰਜਾਬ?

ਹਾਂ, ਤਰੱਕੀ ਕਰ ਰਿਹਾ ਹੈ ਪੰਜਾਬ, ਸਿਆਸਤਦਾਨਾਂ ਦੀ ਇਕ ਖ਼ਚਰੀ ਜਮਾਤ ਪੈਦਾ ਕਰਕੇ।

ਹਾਂ , ਤਰੱਕੀ ਕਰ ਰਿਹਾ ਹੈ ਪੰਜਾਬ ਲੋਕਾਂ ਦੀਆਂ ਤੰਗੀਆਂ ਤੁਰਸ਼ੀਆਂ 'ਚ ਵਾਧਾ ਕਰਕੇ।

ਹਾਂ, ਤਰੱਕੀ ਕਰ ਰਿਹਾ ਹੈ ਪੰਜਾਬ ਜ਼ੁਰਮਾਂ 'ਚ ਵਾਧਾ ਕਰਕੇ, ਕਿਸਾਨਾਂ ਦੀਆਂ ਖੁਦਕੁਸ਼ੀਆਂ 'ਚ ਵਾਧਾ ਕਰਕੇ, ਬਲਾਤਕਾਰਾਂ ਦੀਆਂ ਘਟਨਾਵਾਂ 'ਚ ਵਾਧਾ ਕਰਕੇ, ਕੁੱਖਾਂ 'ਚ ਧੀਆਂ ਮਾਰਨ ਤੇ ਨੂੰਹਾਂ ਨੂੰ ਸਾੜਨ ਜਿਹੀਆਂ ਕੋਝੀਆਂ ਘਟਨਾਵਾਂ 'ਚ ਵਾਧਾ ਕਰਕੇ। ਅਤੇ ਇਸ ਤੋਂ ਵੀ ਵੱਧ ਪੰਜਾਬ ਤਰੱਕੀ ਕਰ ਰਿਹਾ ਹੈ ਆਪਣੀ ਸੱਭਿਆਚਾਰਕ ਹੋਂਦ ਨੂੰ ਵਿਗਾੜ ਕੇ ਅਤੇ ਉਸ ਤੋਂ ਵੱਧ ਸ਼ਰਮ ਦੀ ਗੱਲ ਕਿ ਆਪਣੀ 'ਮਾਂ ਬੋਲੀ ਪੰਜਾਬੀ' ਨੂੰ ਭੁਲਾ ਕੇ।

# ਪੰਜਾਬ ਸਰਕਾਰ ਵਲੋਂ ਪਰਵਾਸੀ ਪੰਜਾਬੀਆਂ ਦਾ ਭਰੋਸਾ ਜਿੱਤਣ ਲਈ ਅਮਲੀ ਰੂਪ ਚ ਲਾਗੂ ਕਰਨੇ ਪੈਣਗੇ ਉਲੀਕੇ ਗਏ ਪ੍ਰੋਗਰਾਮ

- ਨਾਹਰ ਔਜਲਾ –

ਪਰਵਾਸੀ ਪੰਜਾਬੀ ਬਹੁਤ ਲੰਮੇ ਸਮੇਂ ਤੋਂ ਕੇਂਦਰ ਅਤੇ ਪੰਜਾਬ ਸਰਕਾਰਾਂ ਨੂੰ ਆਪਣੇ ਮੰਗ ਪੱਤਰ ਭੇਜ ਕੇ, ਕਦੀ ਡੈਪੂਟੇਸ਼ਨਾਂ ਦੇ ਰੂਪ ਚ ਮਿਲਕੇ ਆਖਿਰ ਹੰਭ ਹਾਰ ਕੇ ਨਿਰਾਸਤਾ ਦੇ ਰੂਪ ਵਿੱਚ ਕਦੀ ਕਦਾਈ ਆਪਣਾ ਗੁੱਸਾ ਕਿਸੇ ਟਾਕ-ਸੋ ਚ ਬੋਲਕੇ ਜਾਂ ਕਿਸੇ ਅਖਬਾਰ ਵਿੱਚ ਕੁਝ ਸਤਰਾ ਲਿਖਕੇ ਕੱਢ ਲੈਂਦੇ ਹਨ।ਲੀਡਰਾਂ ਵਲੋਂ ਕਦੀ ਵੀ ਪੁਰੀ ਤਬੱਕੋ ਦੇ ਕੇ ਪਰਵਾਸੀਆਂ ਦੇ ਮਸਲਿਆਂ ਨੂੰ ਹੱਲ ਕਰਨ ਦੀ ਕੋਸ਼ਿਸ ਨਹੀਂ ਕੀਤੀ ਗਈ। ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਲਈ ਸਰਕਾਰ ਵਲੋਂ ਇੱਕ ਐਨ ਆਰ ਆਈ ਸੰਗਠਨ ਵੀ ਬਣਾਇਆ ਗਿਆ ਸੀ, ਜਿਸਦੇ ਲੀਡਰ ਵੀ ਆਪਣੀਆਂ ਲੀਡਰੀਆਂ ਤੇ ਆਪਸੀ ਝਗੜਿਆਂ ਤੋਂ ਸਿਵਾਏ ਪਰਵਾਸੀਆਂ ਨੂੰ ਆ ਰਹੀਆਂ ਦਿੱਕਤਾਂ ’ਚ ਕੋਈ ਕਮੀ ਨਹੀਂ ਲਿਆ ਸਕੇ। ਕੇਂਦਰ ਅਤੇ ਸੂਬੇ ਦੀਆਂ ਸਰਕਾਰਾਂ ਇਸ ਗੱਲ ਨੂੰ ਭਲੀ ਭਾਂਤ ਸਮਝਦੀਆਂ ਹਨ ਕਿ ਪਰਵਾਸੀਆਂ ਵਲੋਂ ਭੇਜਿਆਂ ਜਾਂਦਾ ਸਰਮਾਇਆ ਦੇਸ਼ ਦੀ ਆਰਥਿਕਤਾ ’ਚ ਇੱਕ ਅਹਿਮ ਭੂਮਿਕਾ ਨਿਭਾ ਰਿਹਾ ਹੈ। ਇਸੇ ਗੱਲ ਨੂੰ ਮੁੱਖ ਰੱਖਦਿਆਂ ਹੀ ਪੰਜਾਬ ਸਰਕਾਰ ਵਲੋਂ ਵੀ ਹਰ ਸਾਲ ਕਿਸੇ ਨਾਂ ਕਿਸੇ ਨਾਂਅ ਹੇਠ ਪਰਵਾਸੀ ਸੰਮੇਲਨ ਕਰਵਾਏ ਜਾਂਦੇ ਹਨ ਤੇ ਹਰ ਵਾਰ ਨਵੇਂ ਨਵੇਂ ਵਾਅਦੇ ਕੀਤੇ ਜਾਂਦੇ ਹਨ। ਇਸ ਸਾਲ ਹਾਲ ਹੀ ਪੰਜਾਬ ਸਰਕਾਰ ਵਲੋਂ ਕਰਵਾਏ ਗਏ ਇਸੇ ਕਿਸਮ ਦੇ ਪ੍ਰੋਗਰਾਮ ’ਚ ਵੀ ਸਰਕਾਰ ਵਲੋਂ ਬਹੁਤ ਸਾਰੇ ਵਾਅਦੇ ਕੀਤੇ ਗਏ ਹਨ ਜਿਹੜੇ ਜਾਇਜ ਵੀ ਹਨ, ਜਿਵੇਂ ਵਿਆਹਾਂ ਦੀ ਰਜ਼ਿਸਟਰੇਸ਼ਨ, ਪਰਵਾਸੀਆਂ ਤੇ ਬਣਾਏ ਜਾਂਦੇ ਕੇਸਾਂ ਦੀ ਪਹਿਲਾਂ ਉੱਚ ਪੱਧਰੀ ਅਫਸਰ ਵਲੋਂ ਛਾਣਬੀਣ ਕਰਨਾਂ, ਜਾਇਦਾਤਾਂ ਤੇ ਨਾਜਾਇਜ਼ ਕਬਜਿਆਂ ਨੂੰ ਹਟਾਉਣਾ, ਟਰੈਵਲ ਏਂਜੇਟਾਂ ਦੇ ਕੰਮ ਕਾਜ ਨੂੰ ਨਿਯਮਬੱਧ ਕਰਨ ਵਰਗੇ ਹੋਰ ਬਹੁਤ ਸਾਰੇ ਮਸਲੇ ਹਨ। ਇਨ੍ਹਾਂ ਵਾਅਦਿਆਂ ’ਤੇ ਗੌਰ ਕਰਨ ਲਈ ਇੱਕ ਉੱਚ-ਪੱਧਰੀ ਕਮੇਟੀ ਵੀ ਬਣਾਈ ਗਈ ਹੈ। ਪਰ ਕੀ ਇਹ ਵਾਅਦੇ ਅਮਲ ਚ ਲਿਆਂਦੇ ਜਾਣਗੇ ਇਸ ਬਾਰੇ ਬਹੁ ਗਿਣਤੀ ਲੋਕਾਂ’ਚ ਪੂਰੀ ਬੇਭੋਰਸਗੀ ਹੈ।ਰੀਅਲ ਅਸਟੈਟ ਦਾ ਬਿਜ਼ਨਸ ਕਰਦੇ ਲੰਮੇ ਅਰਸੇ ਤੋਂ ਬਰੈਂਪਟਨ ’ਚ ਵਸਦੇ ਸੁਰਿੰਦਰ ਗਿੱਲ ਨੇ ਆਖਿਆ ਕਿ ਪੰਜਾਬ ਦੀਆਂ ਸਰਕਾਰਾਂ ਵਲੋਂ ਅਜਿਹੇ ਵਾਅਦੇ ਬੜੀ ਵਾਰ ਕੀਤੇ ਜਾਂਦੇ ਹਨ। ਪਰਵਾਸੀਆਂ ਦੀਆਂ ਜਾਇਦਾਦਾਂ ਤੋਂ ਨਜਾਇਜ਼ ਕਬਜਿਆਂ ਨੂੰ ਹਟਾਉਣ ਬਾਰੇ ਉਹਨਾਂ ਆਪਣੇ ਵਿਚਾਰ ਦੱਸਦਿਆਂ ਕਿਹਾ ਕਿ ਜਦੋਂ ਬਹੁਤੇ ਲੀਡਰ ਹੀ ਇਸ ਖੇਡ ਚ ਸ਼ਾਮਲ ਹੋਣ ਫਿਰ ਪਰਵਾਸੀ ਇਹੋ ਜਿਹੇ ਭਰੋਸਿਆਂ ਉੱਤੇ ਕਿਵੇਂ ਭਿੱਜ ਸਕਦੇ ਹਨ।ਉੱਘੇ ਸਮਾਜ ਸੇਵੀ ਸ੍ਰ. ਧਰਮਪਾਲ ਸਿੰਘ ਨੇ ਆਖਿਆ ਕਿ ਇਹ ਤਾਂ ਕਿਸੇ ਫੜ੍ਹ ਮਾਰ ਆਸ਼ਕ ਵਲੋਂ ਆਪਣੀ ਮਾਸੂਕਾ ਲਈ ਤਾਰੇ ਤੋੜ ਕੇ ਲਿਆਉਣ ਵਰਗੇ ਫੋਕੇ ਵਾਅਦਿਆਂ ਤੋਂ ਵੱਧ ਕੁਝ ਵੀ ਨਹੀਂ। ਇਸ ਵਾਰ ਲੋਕਾਂ ਦਾ ਭਰੋਸਾ ਜਿੱਤਣ ਲਈ ਅਗਰ ਲੀਡਰ ਸੁਹਿਰਦ ਹਨ ਤਾਂ ਉਹਨਾਂ ਨੂੰ ਅਮਲ ਵਿੱਚ ਕੁਝ ਕਰਕੇ ਦਿਖਾਉਣਾ ਪਵੇਗਾ।ਅਗਰ ਇਸ ਵਾਰ ਵੀ ਕੋਈ ਗੰਭੀਰ ਯਤਨ ਨਾਂ ਕੀਤੇ ਗਏ ਫਿਰ ਪਰਵਾਸੀਆਂ ਤੋਂ ਪੰਜਾਬ ਚ ਇੰਨਵੈਸਟਮੈਂਟ ਦੀ ਉਮੀਦ ਕਰਨੀ ਵੀ ਤੁਹਾਡੇ ਵਲੋਂ ਕੀਤੇ ਜਾਂਦੇ ਵਾਅਦਿਆਂ ਵਰਗੀ ਹੀ ਆਸ ਹੋਵੇਗੀ।






# ਵਿਲੱਖਣ ਸਰੋਕਾਰਾਂ ਦਾ ਸਭਿਆਚਾਰਕ ਸਮਾਗਮ




ਟਾਲਕਨ ਰਿੱਜ ਨਾਰਥ ਈਸਟ ਕੈਲਗਰੀ ਕਮਿਊਨਿਟੀ ਸੈਂਟਰ ਵਿਖੇ ਅਮਰਵੀਰ ਸਿੱਧੂ ਕੋਚ ਦੀ ਅਗਵਾਈ ਵਿਚ ਬਣਾਈ ਗਈ ਯੰਗ ਭੰਗੜਾ ਕਲੱਬ ਕੈਲਗਰੀ ਵਲੋਂ ਸਭਿਆਚਾਰਕ ਪ੍ਰੋਗਰਾਮ ਦਾ ਆਯੋਜਿਨ ਕੀਤਾ ਗਿਆ। ਕਮਲਪ੍ਰੀਤ ਪੰਧੇਰ ਨੇ ਵਿਚਾਰ ਪ੍ਰਦਾਨ ਕਰਦਿਆਂ ਕਿਹਾ ਕਿ ਅਮਰਵੀਰ ਸਿੱਧੂ ਨੇ ਨਿਰਸਵਾਰਥ ਭਾਵਨਾ ਨਾਲ ਲੰਬੇ ਸਮੇਂ ਤੋਂ ਬੜੀ ਲਗਨ ਅਤੇ ਮਿਹਨਤ ਨਾਲ ਭੰਗੜਾ ਟੀਮਾਂ ਨੂੰ ਤਿਆਰ ਕੀਤਾ ਹੈ ਜਿਸ ਵਿਚ ਬੱਚਿਆਂ ਦੇ ਮਾਪਿਆਂ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਇਸ ਮੌਕੇ ਨਾਮਵਰ ਗਾਇਕ ਜਰਨੈਲ ਐਲ ਓ ਨੇ ਗੀਤ, "ਪੰਜਾਬੀ ਮਾਂ ਦੇ ਬੱਚਿਓ, ਪੰਜਾਬੀ ਨਾਲ ਵਿਸਾਰਿਓ, ਪੁੱਤੋ ਪਰਦੇਸੀਓ, ਮਾਂ ਨਾ ਵਿਸਾਰਿਓ" ਪੇਸ਼ ਕੀਤਾ। ਇਸ ਮੌਕੇ ਪ੍ਰੋਗਰੈਸਿਵ ਕਲਚਰ ਐਸੋਸੀਏਸ਼ਨ ਕੈਲਗਰੀ ਦੀ ਨਾਟਕ ਟੀਮ ਵਲੋਂ ਕਮਲਪ੍ਰੀਤ ਪੰਧੇਰ ਦੀ ਨਿਰਦੇਸ਼ਨਾ ਹੇਠ ਗੁਰਦਾਸ ਮਾਨ ਦਾ ਪ੍ਰਸਿੱਧ ਗੀਤ, "ਕੁੜੀਏ ਕਿਸਮਤ ਪੜ੍ਹੀਏ, ਤੈਨੂੰ ਐਨਾ ਪਿਆਰ ਦਿਆਂ" ਉਤੇ ਆਧਾਰਤ ਇਕ ਕੋਰੋਗ੍ਰਾਫੀ ਪੇਸ਼ ਕੀਤੀ ਜਿਸ ਨੇ ਮਾਹੌਲ ਨੂੰ ਇਕਦਮ ਬਦਲ ਕੇ ਸਰੋਤਿਆਂ ਨੂੰ ਸੋਚਣ ਲਈ ਮਜਬੂਰ ਕੀਤਾ। ਇਸ ਮੌਕੇ ਕਮਲਪ੍ਰੀਤ ਨੇ ਕਿਹਾ ਕਿ ਸਾਡਾ ਮਕਸਦ ਔਰਤਾਂ ਨੂੰ ਸਮਾਜ ਵਿਚ ਬਰਾਬਰਤਾ ਦਿਵਾਉਣ ਲਈ ਲੋਕ ਲਹਿਰ ਖੜ੍ਹੀ ਕਰਨਾ ਹੈ ਤਾਂ ਕਿ ਜ਼ੁਲਮ ਦੀ ਕਹਾਣੀ ਨੂੰ ਦੁਨੀਆ ਦੇ ਨਕਸ਼ੇ ਤੋਂ ਖਤਮ ਕੀਤਾ ਜਾ ਸਕੇ। ਇਸ ਸਮਾਗਮ ਦੀ ਆਖਰੀ ਪੇਸ਼ਕਸ਼ ਬੱਚਿਆਂ ਦਾ ਭੰਗੜਾ ਸੀ ਜਿਸ ਵਿਚ ਬੜੀ ਜਬਰਦਸਤ ਸੁਰ-ਤਾਲ ਦਾ ਸੁਮੇਲ ਅਤੇ ਇਕਸਾਰਤਾ ਸੀ। ਸਮਾਗਮ ਵਿਚ ਭਾਗ ਲੈਣ ਵਾਲੇ ਸਭਨਾ ਦਾ ਸਨਮਾਨ ਮੰਤਰੀ ਮਨਮੀਤ ਭੁੱਲਰ ਦੇ ਨੁਮਾਇੰਦੇ ਜਸਜੀਤ ਸਿੰਘ ਵਲੋਂ ਕਰਵਾਇਆ ਗਿਆ।





Rush Lube Inc.

Complete Truck Repairs & Truck Wash with Drive Thru Truck Services

Jaskaranjit Singh (Jas)

32 Rutherford Road South
Brampton, ON L6W 3J1
Tel: 905-453-6344
Fax: 905-456-2065
Email: rushlube@hotmail.com



DRIVE THRU TRUCK SERVICES

CHERA IMMIGRATION CONSULTANCY SERVICES

22 Years of Service

Specializing in:
- Appeals
- H&C Cases
- PRRA Appeals
- Sponsorships
- Refugee Claims
- Admissibility Hearings
- Super Visa / Affidavits/ Declarations
- Skilled Workers
- Citizenship Matters
- Work/Study Permits

WE PROVIDE ALL IMMIGRATION AND CITIZENSHIP SERVICES.

Sardara Singh Chera
B.A., M.A.
Former Member (Commissioner) Of The Immigration And Refugee Board Of Canada
Commissioner Of Oath
Regulated Canadian Immigration Consultant
Tel: 905-461-9885
sschera@rogers.com



2355 Derry Rd. E. Unit # 35 Skyport Corporate Centre Mississauga, ON. L5S 1V6

# Candle Light Vigil to express outrage at the gang-rape victim in



Kuljit Singh : About 300 plus in attendance, the residents of Brampton and surroundings held three-hour candle light vigil in the heart of Brampton to express outrage at the gang-rape of 23 year old student Damini (Jyoti Singh Pandey) in Delhi (India) and to show solidarity with community's demand for justice and stronger laws to punish rapists. The vigil was organized by Punjabi Press Club of Canada.

# ਸ਼ਿਕਾਗੋ ਦੀਆਂ ਯੂਨੀਵਰਸਿਟੀਆਂ ਵਿੱਚ ਰੋਸ ਪ੍ਰਦਰਸ਼ਨ




ਦਿੱਲੀ ਸਮੂਹਿਕ ਜਬਰ-ਜਨਾਹ ਦਾ ਸ਼ਿਕਾਰ ਕੁੜੀ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਦਿਆਂ ਅਮਰੀਕਾ ਵਿੱਚ ਰਹਿੰਦੇ ਭਾਰਤੀਆਂ ਨੇ ਭਾਰਤ ਵਿੱਚ ਬਲਾਤਕਾਰੀਆਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦੇਣ ਲਈ ਕਾਨੂੰਨਾਂ ਵਿੱਚ ਸੋਧ ਦੀ ਮੰਗ ਕੀਤੀ। ਦੋ ਅਮਰੀਕਨ ਯੂਨੀਵਰਸਿਟੀਆਂ ਦੇ ਭਾਰਤੀ ਵਿਦਿਆਰਥੀਆਂ ਦੀ ਅਗਵਾਈ ਹੇਠ ਇਸ ਸਬੰਧੀ ਸ਼ਿਕਾਗੋ ਵਿੱਚ ਰੋਸ ਮੁਜ਼ਾਹਰਾ ਕੀਤਾ ਗਿਆ।

ਇਸ ਮੌਕੇ ਭਾਰਤੀ ਭਾਈਚਾਰੇ ਦੇ ਲੋਕਾਂ ਨੇ ਮੋਮਬੱਤੀ ਮਾਰਚ ਕੱਢ ਕੇ ਦਿੱਲੀ ਜਬਰ-ਜਨਾਹ ਦੀ ਪੀੜਤ ਨੂੰ ਸ਼ਰਧਾਂਜਲੀ ਦਿੱਤੀ। ਮਿਲੀ ਜਾਣਕਾਰੀ ਅਨੁਸਾਰ ਨਾਰਥ ਵੈਸਟਰਨ ਯੂਨੀਵਰਸਿਟੀ ਤੇ ਯੂਨੀਵਰਸਿਟੀ ਆਫ ਸ਼ਿਕਾਗੋ ਵਿੱਚ ਪੜ੍ਹਦੇ ਭਾਰਤੀ ਵਿਦਿਆਰਥੀਆਂ ਨੇ ਸ਼ੁੱਕਰਵਾਰ ਨੂੰ ਸਾਂਝੀ ਇਕੱਤਰਤਾ ਕਰਕੇ ਦਿੱਲੀ ਵਿੱਚ 23 ਸਾਲਾ ਵਿਦਿਆਰਥਣ ਨਾਲ ਹੋਏ ਘਿਨੌਣੇ ਕਾਰੇ ਦੀ ਆਲੋਚਨਾ ਕੀਤੀ। ਇਸ ਮੌਕੇ ਇਕੱਤਰ ਵਿਦਿਆਰਥੀਆਂ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਔਰਤਾਂ 'ਤੇ ਅੱਤਿਆਚਾਰ ਨੂੰ ਨੱਥ ਪਾਉਣ ਲਈ ਸਖਤ ਕਾਨੂੰਨ ਬਣਾਏ ਜਾਣ। ਉਨ੍ਹਾਂ ਇਸ ਮੌਕੇ ਨਾਅਰਾ ਲਾਇਆ ਕਿ ਕਮੇਟੀਆਂ ਦੀ ਲੋੜ ਨਹੀਂ ਸਗੋਂ ਤੇਜ਼ੀ ਨਾਲ ਨਿਆਂ ਮੁਹੱਈਆ ਕਰਵਾਇਆ ਜਾਵੇ। ਸਮਾਜਿਕ ਬਰਾਬਰੀ ਦੇ ਪੈਮਾਨੇ ਸਥਾਪਤ ਕੀਤੇ ਜਾਣ ਤਾਂ ਕਿ ਆਜ਼ਾਦ ਰੂਪ ਵਿਚ ਔਰਤਾਂ ਸਮਾਜ ਵਿਚ ਵਿਚਰ ਸਕਣ।

For advertisement and donations contact
HARBANS SINGH 416-817-7142
Email: ppapmg@gmail.com
Om Parkash Sharma 647-891-8500
Email : omjagraon@yahoo.com
Pro-People Arts Project Media Group
"Sarokaran Di Awaz" Newspaper
29 Mapleview Ave Brampton Ontario
Canada L6R 1M2
Email: ppapmg@gmail.com
Website: www.ppapmg.com

Century 21
Century 21 Green Realty Inc., Brokerage
Each office is independently owned and operated
Sohan Mann
Sales Representative
Dir. 416-564-1699
Off: 905-565-9565
Fax: 905-565-9522
Email: sohanmann@hotmail.com
151 Superior Blvd. Unit 19-21, Mississauga ON L5T 2L1
Buy Green, Build Green... Save Environment!!!



Certified General Accountant
TAX & ACCOUNTING
Attends all Audits and Prepares Appeals
Sukhdev Singh, CGA
T: 905 793 0909
F: 905 450 2165
sukhdevss@excite.com
#10-2084 Steeles Ave. E.,
Brampton, ON, L6T 5A6

Georgetown Import Inc.
AUTO REPAIR
PARVINDER BRAR
Factory Trained Technician
MARK HANDY
Factory Trained Technician
"Open Your Hood To Experience"
48 Years Import Experience
354 Guelph Street, Georgetown, ON L7G 4B5 ▪ georgetownimport@gmail.com
905-877-6900
HONDA ▪ ACURA ▪ TOYOTA ▪ LEXUS ▪ NISSAN ▪ INFINITI ▪ MAZDA ▪ VOLKSWAGEN ▪ HYUNDAI




# ਨਵੀਂ ਦਿਸ਼ਾ ਸਿਰਜਨਹਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ



ਕੁਲਬੀਰ ਸਿੰਘ ਸਿੱਧੂ

ਕੁਲਬੀਰ ਸਿੰਘ ਸਿੱਧੂ ਸਿੱਖ ਇਤਿਹਾਸ ਨੂੰ ਆਧੁਨਿਕ ਸਮਿਆਂ ਦੇ ਪ੍ਰਸੰਗ ਵਿਚ ਰੱਖ ਕੇ ਦੇਖਣ ਵਾਲੀ ਸ਼ਖਸੀਅਤ ਹੈ ਜਿਨ੍ਹਾਂ ਨੂੰ ਧੁਰ ਅੰਦਰੋਂ ਸਿੱਖੀ ਸਰੋਕਾਰ ਅਤੇ ਆਧੁਨਿਕ ਸਮਿਆਂ ਨਾਲ ਸੁਮਿਲਤ ਕਰਕੇ ਇਤਿਹਾਸਕਾਰੀ ਕਰਨੀ ਆਉਂਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਕੌਮੀ ਨਵ-ਨਿਰਮਾਣ ਸਦਕਾ ਦੁਨੀਆਂ ਨੇ ਉਨ੍ਹਾਂ ਨੂੰ ਸਮਾਜ ਦੇ ਸਿਰਮੌਰ ਉਸਰੱਈਏ ਵਜੋਂ ਤਸਲੀਮ ਕੀਤਾ ਹੈ ਅਤੇ ਉਨ੍ਹਾਂ ਨੂੰ ਸੰਸਾਰ ਭਰ ਦੇ ਦਾਰਸ਼ਨਿਕਾਂ ਤੇ ਮਾਰਗ ਦਰਸ਼ਕਾਂ ਵਿਚੋਂ ਸਰਵੋਤਮ ਤੇ ਸਰਵੋਪਰੀ ਮੰਨਿਆ ਹੈ। ਜਿਥੇ ਦੁਨੀਆਂ ਦੇ ਹੋਰ ਦਾਰਸ਼ਨਿਕ ਸਿਰਫ ਕਿਤਾਬੀ ਫ਼ਲੱਸਫ਼ੇ ਰਾਹੀਂ ਲੋਕਾਈ ਦਾ ਮਾਰਗ ਦਰਸ਼ਨ ਕਰਦੇ ਰਹੇ; ਉਥੇ ਦਸਵੇਂ ਪਾਤਿਸ਼ਾਹ ਨੇ ਗੁਰੂ ਨਾਨਕ ਤੇ ਹੋਰਨਾਂ ਗੁਰੂ ਸਾਹਿਬਾਨ ਦੇ ਆਦਰਸ਼ਿਕ ਫ਼ਲੱਸਫ਼ੇ ਨੂੰ ਖੁਦ 'ਕਲਮ ਤੋਂ ਤਲਵਾਰ ਤੱਕ' ਦਾ ਸਫ਼ਰ ਤੈਅ ਕਰਕੇ ਆਪਣੇ ਜੀਵਨ ਕਾਲ ਵਿੱਚ ਹੰਢਾਇਆ । ਉਨ੍ਹਾਂ ਨੇ ਇਕ ਨਵੀਂ-ਨਰੋਈ ਤੇ ਨਿੱਗਰ ਸਮਾਜਿਕ ਸਿਰਜਣਾ ਕੀਤੀ । ਜਿਸ ਸਦਕਾ ਮਰ-ਮੁੱਕ ਰਹੀ ਕੌਮ ਵਿਚ ਇੱਕ ਨਵੀਂ ਰੂਹ ਤੇ ਸ਼ਕਤੀ ਦਾ ਸੰਚਾਰ ਹੋਇਆ। ਦਸਵੇਂ ਪਾਤਿਸ਼ਾਹ ਇਸ ਸਬੰਧੀ ਬੜੇ ਸਪਸ਼ਟ ਸ਼ਬਦਾਂ ਵਿੱਚ ਬਿਆਨ ਕਰਦੇ ਹਨ, *"ਚੂੰ ਕਾਰ ਅਜ਼ ਹਮਾ ਹੀਲਤੇ ਦਰਗੁਜ਼ਸ਼ਤ। ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ"* ਭਾਵ ਜਦੋਂ ਇਨਸਾਫ ਪ੍ਰਾਪਤ ਕਰਨ ਦੇ ਸਾਰੇ ਹੀਲੇ-ਵਸੀਲੇ ਬੇ-ਅਸਰ ਹੋ ਜਾਣ ਤਾਂ ਤਲਵਾਰ ਦੇ ਜ਼ੋਰ ਨਾਲ ਇਨਸਾਫ ਦੀ ਮੰਗ ਜਾਇਜ਼ ਹੈ। ਬਾਬਾ ਬੁੱਲ੍ਹੇ ਸ਼ਾਹ ਜੀ ਕਹਿੰਦੇ ਹਨ, *"ਨਾ ਕਹੂੰ ਜਬ ਕੀ; ਨਾ ਕਹੂੰ ਤਬ ਕੀ; ਬਾਤ ਕਹੂੰ ਮੈਂ ਅਬ ਕੀ। ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ; ਸੁੰਨਤ ਹੋਤੀ ਸਭ ਕੀ।"* ਖਾਲਸਾ ਸਿਰਜਣਾ ਦੀ ਅਹਿਮੀਅਤ ਜਿੰਨੇ ਸਿਧੇ-ਪੱਧਰੇ ਸ਼ਬਦਾਂ ਵਿੱਚ ਖੁਦ ਮੁਸਲਮਾਨ ਹੋਣ ਦੇ ਬਾਵਜੂਦ ਵੀ ਬਾਬਾ ਬੁੱਲ੍ਹੇ ਸ਼ਾਹ ਨੇ ਕੀਤੀ ਹੈ; ਉਸ ਤੋਂ ਵੱਧ ਸਪੱਸ਼ਟ ਸ਼ਬਦਾਂ ਵਿੱਚ ਹੋਰ ਕੋਈ ਇਨਸਾਨ ਨਹੀਂ ਕਰ ਸਕਿਆ।

ਗੁਰੂ ਗੋਬਿੰਦ ਸਿੰਘ ਜੀ ਅਜੋਕੀ ਲੋਕਤੰਤਰੀ ਪ੍ਰਣਾਲੀ ਦੇ ਮੋਢੀ ਸਨ। ਬੇਸ਼ੱਕ ਅਸੀਂ ਗੁਰੂ ਸਾਹਿਬਾਨ ਦੇ ਮਹਾਨ ਧਰਮ ਤੇ ਫ਼ਲਸਫ਼ੇ ਦੇ ਪ੍ਰਚਾਰ ਤੇ ਪ੍ਰਸਾਰ ਦੇ ਪੱਖੋਂ ਬਹੁਤ ਊਣੇ-ਬੌਣੇ ਤੇ ਪਿਛੜੇ ਹੋਏ ਹਾਂ। ਸਾਡੇ ਸਮਾਜ ਦਾ ਇਹ ਬੌਣਾਪਣ ਚਿਰ ਦੇਰ ਤੋਂ ਪ੍ਰਤੱਖ ਨਜ਼ਰ ਆ ਰਿਹਾ ਹੈ। ਸਾਡੇ ਵਿਦਿਅਕ ਕੋਰਸ ਮੁੱਢ ਤੋਂ ਹੁਣ ਤੱਕ ਸਾਨੂੰ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਇਹ ਤਾਂ ਪੜ੍ਹਾ ਰਹੇ ਹਨ ਕਿ ਅਜੋਕੇ ਲੋਕਤੰਤਰ ਦੇ ਬੁਨਿਆਦੀ ਸਿਧਾਂਤ ਸੰਨ 1789 ਵਿੱਚ ਹੋਈ ਫਰਾਂਸ ਦੀ ਕ੍ਰਾਂਤੀ ਦੀ ਦੇਣ ਹਨ। ਸਾਡੇ ਵਿੱਦਿਅਕ ਕੋਰਸ ਸਾਨੂੰ ਦੱਸਣ ਤੋਂ ਅਸਮਰਥ ਰਹੇ ਹਨ ਅਤੇ ਅਸੀਂ ਵੀ ਦੁਨੀਆ ਨੂੰ ਆਪਣੇ ਵਲੋਂ ਹੁਣ ਤਕ ਇਹ ਨਹੀਂ ਦੱਸ ਸਕੇ ਕਿ ਫਰਾਂਸ ਦੀ ਕ੍ਰਾਂਤੀ ਤੋਂ ਕਿਤੇ ਪਹਿਲਾਂ ਸੰਨ 1699 ਵਿੱਚ ਭਾਵ 90 ਸਾਲ ਪਹਿਲਾਂ ਖਾਲਸੇ ਦੀ ਸਿਰਜਣਾ ਸਮੇਂ ਮਨੁੱਖੀ ਆਜ਼ਾਦੀ, ਮਨੁੱਖੀ ਬਰਾਬਰੀ, ਮਨੁੱਖੀ ਭਾਈਚਾਰੇ, ਸਾਂਝੀਵਾਲਤਾ ਤੇ ਜਾਤਪਾਤ ਤੋਂ ਰਹਿਤ ਸਮਾਜ ਜਿਹੇ ਉੱਚ ਆਦਰਸ਼ਾਂ ਨੂੰ ਲੋਕਤੰਤਰੀ ਪ੍ਰਣਾਲੀ ਦੇ ਬੁਨਿਆਦੀ ਸਿਧਾਂਤਾਂ ਵਜੋਂ ਦਸਮੇਸ਼ ਪਿਤਾ ਨੇ ਉਜਾਗਰ ਕੀਤਾ ਸੀ। ਸੰਸਾਰ ਪ੍ਰਸਿਧ ਇਤਿਹਾਸਕਾਰ ਆਰਨੌਲਡ ਟੁਆਇਨਬੀ ਦੇ ਅਨੁਸਾਰ ਗੁਰੂ ਸਾਹਿਬ ਨੇ ਮਨੁੱਖੀ ਬਰਾਬਰੀ ਤੇ ਮਨੁੱਖੀ ਭਾਈਚਾਰੇ ਦੀ ਇਕ ਨਵੀਂ ਪ੍ਰੰਪਰਾ ਕਾਇਮ ਕੀਤੀ। ਜਿਸ ਕਰਕੇ ਉਹ ਮਹਾਨ ਸਮਾਜਵਾਦੀ ਲੈਨਿਨ ਦੇ ਪਥ-ਪ੍ਰਦਰਸ਼ਕ ਬਣੇ। ਗੁਰੂ ਸਾਹਿਬ ਨੇ ਮਨੁੱਖੀ ਸਮਾਜ ਅਤੇ ਕੌਮ ਨੂੰ ਆਤਮ ਸਨਮਾਨ ਦੇ ਅਰਥ ਸਮਝਾਏ ਅਤੇ ਸਵੈਮਾਣ ਭਰਪੂਰ ਜੀਵਨ ਜਿਉਣ ਦੀ ਜਾਚ ਦੱਸੀ। ਚਮਕੌਰ ਸਾਹਿਬ ਦੀ ਧਰਤੀ ਨੇ 22 ਦਸੰਬਰ 1705 ਨੂੰ ਖ਼ਾਲਸਾ ਪੰਚਾਇਤ ਦੇ ਪਹਿਲੇ ਗੁਰਮਤੇ ਦੀ ਸ਼ਾਹਦੀ ਭਰੀ ਹੈ। ਜਦੋਂ ਕਿ ਚਮਕੌਰ ਦੀ ਗੜ੍ਹੀ ਵਿੱਚ ਬਾਕੀ ਰਹਿ ਗਏ 5-7 ਸਿੰਘਾਂ ਦੀ ਪੰਚਾਇਤ ਨੇ ਖ਼ਾਲਸਾ ਪੰਥ ਨੂੰ ਅੱਗੇ ਚਲਾਈ ਰੱਖਣ ਦੀ ਗਰਜ਼ ਨਾਲ ਗੁਰੂ ਸਾਹਿਬ ਵਰਗੇ ਸੂਰਬੀਰ ਯੋਧੇ ਨੂੰ ਆਪਣੇ ਪੁੱਤਰਾਂ ਵਰਗੇ ਸਿੰਘਾਂ, ਪੰਜ ਪਿਆਰਿਆਂ ਵਿੱਚੋਂ ਤਿੰਨ ਪਿਆਰਿਆਂ ਅਤੇ 2 ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਉਪਰੰਤ ਗੜ੍ਹੀ ਛੱਡਣ ਦਾ ਆਦੇਸ਼ ਦਿੱਤਾ। ਗੁਰੂ ਸਾਹਿਬ ਨੇ ਆਪੇ-ਗੁਰ ਚੇਲਾ ਦੇ ਲੋਕਤੰਤਰੀ ਸਿਧਾਂਤ ਨੂੰ ਨਿਭਾਉਂਦੇ ਹੋਏ; ਇਸ ਮੁਸ਼ਕਿਲ ਪਰਖ ਦੀ ਘੜੀ ਨੂੰ ਬਾਖ਼ੂਬੀ ਨਿਭਾਇਆ। ਇਸ ਤਰ੍ਹਾਂ ਪਹਿਲੀ ਖ਼ਾਲਸਾ ਪੰਚਾਇਤ ਦਾ ਪਹਿਲਾ ਗੁਰਮਤਾ ਹੋਂਦ ਵਿੱਚ ਆਇਆ।

ਦਰਵੇਸ਼ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਨੂੰ ਗਰੀਬਾਂ, ਬੇਸਹਾਰਾ ਤੇ ਜੰਗਾਂ-ਯੁੱਧਾਂ ਦੇ ਜ਼ਖਮੀਆਂ ਦੀ ਨਿਸ਼ਕਾਮ ਸੇਵਾ ਸਦਕਾ ਅਜੋਕੇ ਰੈੱਡ ਕਰਾਸ ਦੇ ਅਗਰਗਾਮੀ ਕਿਹਾ ਜਾ ਸਕਦਾ ਹੈ। ਗੁਰੂ ਸਾਹਿਬ ਦੀ ਸਮਾਜ ਸੇਵਾ ਦਾ ਇੱਕ ਅਹਿਮ ਪੱਖ ਉਨ੍ਹਾਂ ਦੇ ਅਨਿੰਨ ਸੇਵਕ ਭਾਈ ਘਨੱਈਆ ਜੀ ਦੀ ਘਾਲ-ਕਮਾਈ ਅਤੇ ਜ਼ਖਮੀਆਂ ਦੀ ਸੇਵਾ ਦੇ ਰੂਪ ਵਿਚ ਪ੍ਰਤੱਖ ਹੈ। ਅਸੀਂ ਅੱਜ ਤੱਕ ਇਹ ਮੰਨਦੇ ਆਏ ਹਾਂ ਕਿ ਰੈੱਡ ਕਰਾਸ ਦੇ ਬਾਨੀ ਹੈਨਰੀ ਡਿਊਨਾ ਤੇ ਫਲੋਰੈਂਸ ਨਾਈਟਿੰਗੇਲ ਸਨ। ਪਰ ਜੇ ਵਿਚਾਰਿਆ ਜਾਵੇ ਤਾਂ 1700 ਤੋਂ 1705 ਤੱਕ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਗੁਰੂ ਸਾਹਿਬ ਤੇ ਠੋਸੀਆਂ ਗਈਆਂ ਲੜਾਈਆਂ ਵਿਚ ਦਸਮੇਸ਼ ਪਿਤਾ ਤੇ ਉਨ੍ਹਾਂ ਦੇ ਅਨਿੰਨ ਸੇਵਕ ਭਾਈ ਘਨੱਈਆ ਜੀ ਨੇ ਅਜੋਕੇ ਰੈੱਡ ਕਰਾਸ ਦੀ ਬੁਨਿਆਦ ਰੱਖੀ ਸੀ। ਇਹ ਉਹ ਸਮਾਂ ਸੀ ਜਦੋਂ ਕਿ ਸਮਾਜ-ਸੇਵਾ ਅਤੇ *'ਮਾਨਸ ਕੀ ਜਾਤਿ*



*ਸਭੈ ਏਕੈ ਪਹਿਚਾਨਬੋ'* ਦੇ ਆਸ਼ੇ ਮਨਸ਼ੇ ਨੂੰ ਭਾਈ ਘਨੱਈਆ ਜੀ ਨੇ ਲੜਾਈ ਦੇ ਮੈਦਾਨ ਵਿੱਚ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਜ਼ਖਮੀਆਂ ਨੂੰ ਪਾਣੀ ਪਿਲਾਉਣ ਅਤੇ ਉਨ੍ਹਾਂ ਦੀ ਮੱਲ੍ਹਮ ਪੱਟੀ ਕਰਨ ਦੀ ਸੇਵਾ ਕੀਤੀ। ਇਸ ਤਰ੍ਹਾਂ ਉਨ੍ਹਾਂ ਨੇ ਦੁਨੀਆਂ ਨੂੰ ਪ੍ਰਤੱਖ ਦਰਸਾ ਦਿੱਤਾ ਕਿ ਹੈਨਰੀ ਡਿਊਨਾਂ ਤੋਂ ਪਹਿਲਾਂ ਵੀ ਇਜੇਹੀ ਸੇਵਾ ਦੀ ਮਿਸਾਲ ਕਾਇਮ ਸੀ। ਇਤਿਹਾਸਕ ਤੱਥ ਇਹ ਸਾਬਤ ਕਰਦੇ ਹਨ ਕਿ ਇਹ ਵਾਕਿਆ ਅਜੋਕੇ ਰੈੱਡ ਕਰਾਸ ਦੇ ਹੋਂਦ ਵਿੱਚ ਆਉਣ ਤੋਂ 155 ਵਰ੍ਹੇ ਪਹਿਲਾਂ ਦਾ ਹੈ। ਗੁਰੂ ਸਾਹਿਬ ਨੇ ਖੇਡ ਸੰਸਾਰ ਦੇ ਸਿਰਮੌਰ ਸਰਪ੍ਰਸਤ ਵਜੋਂ ਹੋਲੇ-ਮਹੱਲੇ ਦਾ ਪਹਿਲੀ ਵਾਰੀ ਪ੍ਰਚਲਣ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਕੀਤਾ। ਪਰ ਅਸੀ ਅੱਜ ਤੱਕ ਇਹ ਮੰਨਦੇ ਆ ਰਹੇ ਹਾਂ ਕਿ ਓਲੰਪਿਕ ਖੇਡਾਂ ਦਾ ਪੁਨਰ ਜਨਮ ਸੰਨ 1896 ਵਿੱਚ *"ਪੀਐਰ-ਦ ਕੁਬੈਰਤਿਨ"* ਨੇ ਕੀਤਾ। ਪਰ ਜੇ ਕਿਤੇ ਅਸੀਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖੇਡ ਜਗਤ ਲਈ ਪਾਏ ਯੋਗਦਾਨ ਦਾ ਸਹੀ ਮੁਲਾਂਕਣ ਕਰ ਸਕੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਸੰਨ 1896 ਤੋਂ ਠੀਕ 195 ਸਾਲ ਪਹਿਲਾਂ ਸੰਨ 1701 ਵਿਚ ਹੋਲੇ-ਮਹੱਲੇ ਦੀ ਸ਼ੁਰੂਆਤ ਸ੍ਰੀ ਅਨੰਦਪੁਰ ਸਾਹਿਬ ਵਿਖੇ ਓਲੰਪਿਕ ਖੇਡਾਂ ਦੇ ਅਗਰਗਾਮੀ ਰੂਪ ਵਿਚ ਹੋਈ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਾਨਵਤਾ ਤੇ ਸਮਾਜ ਨੂੰ ਹਰ ਦੇਣ ਲਾਸਾਨੀ ਵਰਦਾਨ ਵਜੋਂ ਹੈ। ਉਨ੍ਹਾਂ ਦੀਆਂ ਦੇਸ਼, ਕੌਮ ਤੇ ਸਮਾਜ ਨੂੰ ਦਿੱਤੀਆਂ ਬੇਮਿਸਾਲ ਦਾਤਾਂ ਵਿੱਚੋਂ ਸਭ ਤੋਂ ਬੇਸ਼ਕੀਮਤੀ ਦਾਤ ਅਤੇ ਕੌਮ ਨੂੰ ਅਨੁਪਮ ਵਰਦਾਨ ਵਜੋਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂਤਾ ਗੱਦੀ ਦੇਣਾ ਹੈ। ਇਸ ਤਰ੍ਹਾਂ ਦੁਨੀਆਂ ਭਰ ਦੇ ਇਤਿਹਾਸ ਵਿੱਚ ਸ਼ਾਇਦ ਇਹ ਪਹਿਲੀ ਵਾਰ ਹੀ ਹੋਇਆ ਕਿ ਦਸਵੇਂ ਪਾਤਿਸ਼ਾਹ ਨੇ ਦੇਹ ਧਾਰੀ ਗੁਰੂ ਦੀ ਮੁੱਢ-ਕਦੀਮੀ ਪ੍ਰਥਾ ਅਤੇ ਇਸ ਗੀਤ ਦੇ ਪਿਛੇ ਛੁਪੀ ਮਨੁੱਖੀ ਮੋਹ-ਮਾਇਆ ਦੇ ਅੰਤਰੀਵ ਲੋਭ ਦੀ ਪ੍ਰਵਿਰਤੀ ਨੂੰ ਸਦਾ ਲਈ ਤਿਲਾਂਜਲੀ ਦੇ ਦਿੱਤੀ। ਮੰਨਿਆ ਜਾ ਸਕਦਾ ਹੈ ਕਿ ਦੁਨੀਆਂ ਵਿੱਚ ਜਿੰਨੇ ਕੁ ਲੜਾਈ-ਝਗੜੇ ਧਰਮਾਂ ਦੇ ਨਾਂ 'ਤੇ ਹੋਏ ਹਨ; ਉਨ੍ਹਾਂ ਵਿੱਚੋਂ ਜ਼ਿਆਦਾ ਲੜਾਈ-ਝਗੜੇ ਧਰਮਾਂ ਦੇ ਅੰਦਰ, ਧਰਮ ਦੇ ਪੈਰੋਕਾਰਾਂ ਵਿੱਚ ਗੱਦੀ-ਨਸ਼ੀਨੀ ਦੇ ਲਬ-ਲੋਭ ਕਾਰਣ ਹੀ ਹੋਏ ਹਨ। ਦਸਮੇਸ਼ ਪਿਤਾ ਨੇ ਸਿੱਖ ਮਤ ਨੂੰ ਇੱਕ ਨਵੀਂ ਸੇਧ ਦੇ ਕੇ ਅਜਿਹੇ ਲਾਸਾਨੀ ਰਾਹ 'ਤੇ ਤੋਰਿਆ ਕਿ ਅੱਜ ਵੀ ਮਨੁੱਖਤਾ ਸ਼ਬਦ ਗੁਰੂ ਤੋਂ ਸੇਧ ਪ੍ਰਾਪਤ ਕਰਕੇ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ 'ਤੇ ਆਧਾਰਿਤ ਜੀਵਨ ਦੀ ਧਾਰਨੀ ਹੋ ਕੇ, ਆਪਣਾ ਜੀਵਨ ਸਫਲ ਕਰ ਸਕਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਸਿਰਫ ਜ਼ੁਲਮ ਅਤੇ ਜਬਰ ਦੇ ਵਿਰੁੱਧ ਸਿਦਕ ਤੇ ਸਰਬ ਦੀ ਲੜਾਈ ਲਈ ਹੀ ਤਿਆਰ ਨਹੀਂ ਕੀਤਾ ਸਗੋਂ ਸਮਾਜ ਨੂੰ ਵਿਦਿਆ ਦੇ ਚਾਨਣ ਬਾਰੇ ਜਾਗਰੂਕਤਾ ਅਤੇ ਜਾਣਕਾਰੀ ਦਿੱਤੀ। ਅਨੰਦਪੁਰ ਸਾਹਿਬ ਦੀ ਧਰਤੀ ਤੋਂ ਲੈ ਕੇ ਤਲਵੰਡੀ ਸਾਬੋ ਦੀ ਧਰਤੀ ਅਤੇ ਅੱਗੇ ਨਾਂਦੇੜ ਸਾਹਿਬ ਤੱਕ ਭਾਵ ਬਚਪਨ ਤੋਂ ਲੈ ਕੇ ਆਪਣੇ ਤਕਰੀਬਨ 42 ਸਾਲਾਂ ਦੀ ਕੁੱਲ ਆਯੂ ਤੱਕ ਉਨ੍ਹਾਂ ਨੂੰ ਸੰਘਰਸ਼ਮਈ ਜੀਵਨ ਅਤੇ ਜੰਗਾਂ-ਯੁੱਧਾਂ ਵਿੱਚ ਹਾਲਾਤਾਂ ਅਤੇ ਉਸ ਵਕਤ ਦੀਆਂ ਰਾਜਸੀ ਤਾਕਤਾਂ ਨੇ ਉਲਝਾਈ ਰੱਖਿਆ। ਪਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਸਨ ਕਿ ਉਨ੍ਹਾਂ ਨੇ ਆਪ ਖੁਦ ਬਹੁਤ ਸਾਹਿਤਕ ਰਚਨਾ ਕਰਨ ਤੋਂ ਇਲਾਵਾ ਪਾਉਂਟਾ ਸਾਹਿਬ ਵਿਖੇ 52 ਮਹਾਨ ਵਿਦਵਾਨਾਂ, ਸਾਹਿਤਕਾਰਾਂ ਅਤੇ ਕਵੀਆਂ ਦੁਆਰਾ ਬੇਅੰਤ ਇਤਿਹਾਸਕ ਤੇ ਸਾਹਿਤਿਕ ਰਚਨਾ ਕਰਵਾਈ। ਇਹ ਰਚਨਾਵਾਂ ਜ਼ਿਆਦਾਤਰ ਭਾਰਤੀ ਸੰਸਕ੍ਰਿਤੀ ਤੇ ਸਭਿਅਤਾ ਦੇ ਉਦੈ ਕਾਲ ਤੋਂ ਲੈ ਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਦੀਆਂ ਚੋਣਵੀਆਂ ਤੇ ਮਹਾਨ ਰਚਨਾਵਾਂ ਦੀ ਪੜਚੋਲ ਤੇ ਅਨੁਵਾਦ ਸਨ। ਇਨ੍ਹਾਂ ਰਚਨਾਵਾਂ ਦਾ ਮਹੱਤਵ ਇਹ ਸੀ ਕਿ ਉਸ ਵਕਤ ਦਾ ਸਮਾਜ ਤੇ ਆਉਣ ਵਾਲੀਆਂ ਪੀੜ੍ਹੀਆਂ ਇਨ੍ਹਾਂ ਮਹਾਨ ਰਚਨਾਵਾਂ ਤੋਂ ਮਾਰਗ ਦਰਸ਼ਨ ਲੈ ਸਕਣ। ਪਰ ਅਫਸੋਸ ਕਿ ਕੁਦਰਤ ਦੀ ਇੱਕ ਅਣਹੋਣੀ ਖੇਡ ਹੋਈ ਕਿ ਜਦੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਪਿਆਰੀ ਅਨੰਦਪੁਰੀ ਨੂੰ ਅਲਵਿਦਾ ਆਖੀ ਤਾਂ ਪਿੰਡ ਸਰਸਾ ਨੰਗਲ ਦੇ ਸਥਾਨ 'ਤੇ ਪਰਿਵਾਰ ਵਿਛੋੜਾ ਦੇ ਸਮੇਂ ਇਹ ਤਕਰੀਬਨ ਸਾਰੀ ਰਚਨਾ ਸਰਸਾ ਨਦੀ ਵਿੱਚ ਆਏ ਹੜ੍ਹ ਦੀ ਭੇਟ ਚੜ੍ਹ ਗਈ। ਇਸ ਰਚਨਾ ਦਾ ਵਜ਼ਨ ਤਕਰੀਬਨ 18 ਮਣ ਦੇ ਕਰੀਬ ਦੱਸਿਆ ਜਾਂਦਾ ਹੈ। ਇੱਥੇ ਇਹ ਵੀ ਜ਼ਰੂਰੀ ਹੋ ਗਿਆ ਸੀ ਕਿ ਆਦਿ ਗ੍ਰੰਥ ਦੀ ਬੀੜ ਦੁਬਾਰਾ ਤਿਆਰ ਕੀਤੀ ਜਾਵੇ। ਦਸਵੇਂ ਪਾਤਿਸ਼ਾਹ ਨੇ ਦਮਦਮਾਂ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਪੁਨਰ ਸੰਪਾਦਨਾ ਤੇ ਪੁਨਰ ਸਥਾਪਨਾ ਕੀਤੀ। ਪਾਉਂਟਾ ਸਾਹਿਬ ਤੇ ਤਲਵੰਡੀ ਸਾਬੋ ਤੋਂ ਉਨ੍ਹਾਂ ਨੇ ਆਪਣੇ ਸਿਖਾਂ ਨੂੰ ਬਨਾਰਸ ਵਿਦਿਆ ਪ੍ਰਾਪਤੀ ਲਈ ਭੇਜਿਆ। ਗੁਰੂ ਸਾਹਿਬ ਜੀ ਖੁਦ ਆਪ ਬ੍ਰਿਜ, ਸੰਸਕ੍ਰਿਤ, ਫਾਰਸੀ, ਅਰਬੀ ਅਤੇ ਪੰਜਾਬੀ ਭਾਸ਼ਾ ਦੇ ਧੁਰੰਧਰ ਵਿਦਵਾਨ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਸੰਸਾਰ ਦੇ ਇਤਿਹਾਸ ਦੇ ਇੱਕੋ-ਇੱਕ ਸਰਬੰਸਦਾਨੀ ਹੋਏ ਹਨ। ਚਮਕੌਰ ਸਾਹਿਬ ਦੀ ਜੰਗ ਹੋਈ ਜਾਂ ਸਾਕਾ ਸਰਹਿੰਦ ਹੋਇਆ ਦਸਵੇਂ ਪਾਤਿਸ਼ਾਹ ਦੇ ਸਾਹਿਬਜ਼ਾਦਿਆਂ ਨੇ ਅਤੇ ਪੁਤਰਾਂ ਵਰਗੇ ਸਿੰਘਾਂ ਨੇ ਗੁਰੂ ਪਿਤਾ ਦੇ ਖਾਲਸਾ ਪੰਥ ਦੀ ਸਿਰਜਣਾ ਦੇ ਅਲੌਕਿਕ ਹੋਮ ਯੱਗ ਵਿੱਚ ਆਪਣੀਆਂ ਜ਼ਿੰਦਗੀਆਂ ਦੀ ਆਹੂਤੀ ਪਾ ਕੇ, ਆਪਣੇ ਗੁਰੂ ਪਿਤਾ ਨੂੰ ਜਨਮ ਦਿਨ ਦਾ ਨਾਯਾਬ ਤੋਹਫਾ ਦਿੱਤਾ। ਬਲਿਹਾਰੇ ਜਾਈਏ; ਦਸਵੇਂ ਪਾਤਿਸ਼ਾਹ ਦੇ ਜਿਨ੍ਹਾਂ ਨੇ ਮਾਛੀਵਾੜੇ ਦੇ ਬੀਆਬਾਨ ਜੰਗਲ ਨੂੰ ਗੁਆਹ ਬਣਾ ਕੇ *"ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ"* ਵਰਗੇ ਇਲਾਹੀ ਗੀਤ ਰਾਹੀਂ, ਆਪਣੇ ਅਕਾਲ-ਪੁਰਖ-ਪਿਤਾ ਦਾ ਸ਼ੁਕਰਾਨਾ ਕੀਤਾ ਕਿ ਹੇ! ਅਕਾਲ ਪੁਰਖ ਵਾਹਿਗੁਰੂ, ਤੇਰਾ ਸ਼ੁਕਰ ਹੈ ਕਿ ਤੇਰੀ ਹੀ ਦਿੱਤੀ ਅਮਾਨਤ ਚਾਰ ਸਾਹਿਬਜ਼ਾਦੇ, ਸਾਰਾ ਪਰਿਵਾਰ ਅਤੇ *"ਖਾਲਸਾ ਪ੍ਰਗਟਿਓ ਪ੍ਰਮਾਤਮ ਕੀ ਮੌਜ"* ਦੇ ਅਨੁਸਾਰ ਪ੍ਰਗਟੇ ਖਾਲਸਾ ਪੰਥ ਦੇ ਹੀਰਿਆਂ ਵਰਗੇ ਸਿੰਘ; ਅਮਾਨਤ ਦੀ ਵਾਪਸੀ ਵਜੋਂ ਤੇਰੀ ਦਰਗਾਹਿ ਵਿਚ ਭੇਜ ਚੁੱਕਾਂ ਹਾਂ। ਦੇਸ਼ ਤੇ ਧਰਮ ਦੀ ਰਖਿਆ ਖਾਤਰ ਇਸ ਯੱਗ ਵਿੱਚ ਆਪਣੇ ਸਾਰੇ ਪਰਿਵਾਰ ਦੀ ਪੂਰਨ ਆਹੂਤੀ ਦੇ ਕੇ ਦਰਵੇਸ਼-ਪਾਤਿਸ਼ਾਹ ਨੇ ਆਪਣਾ ਜਨਮ ਦਿਹਾੜਾ ਮਨਾਇਆ ਤੇ ਅਕਾਲ-ਪੁਰਖ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ। ਦੁਨੀਆਂ ਦੇ ਇਤਿਹਾਸ ਵਿਚ ਇਜੇਹੇ ਜਨਮ ਦਿਹਾੜੇ ਅਤੇ ਸ਼ੁਕਰਾਨੇ ਦੀ ਮਿਸਾਲ ਨਾ ਅੱਜ ਤੱਕ ਕਿਸੇ ਨੇ ਸੁਣੀ ਹੈ ਅਤੇ ਨਾ ਹੀ ਦੇਖੀ ਹੈ।



ਅਸੀਂ ਦੇਖਦੇ ਹਾਂ ਕਿ ਇਸ ਸੰਸਾਰ ਵਿਚ ਗੁਰੂ ਸਾਹਿਬ ਤੋਂ ਪਹਿਲਾਂ ਵੀ ਗੁਰੂ ਤੇ ਦਾਰਸ਼ਨਿਕ ਹੋਏ। ਸਮੇਂ-ਸਮੇਂ ਕੁਦਰਤ ਨੇ ਵੱਖ-ਵੱਖ ਕੌਮਾਂ ਅਤੇ ਸਮਾਜਾਂ ਨੂੰ ਮਹਾਨ ਦਾਰਸ਼ਨਿਕਾਂ, ਸੰਤਾਂ ਤੇ ਮਹਾਤਮਾਂ ਨਾਲ ਨਿਵਾਜਿਆ ਹੈ ਜਿਨ੍ਹਾਂ ਨੇ ਆਪਣੇ-ਆਪਣੇ ਸਮੇਂ ਕੌਮਾਂ ਦਾ ਮਾਰਗ ਦਰਸ਼ਨ ਕੀਤਾ। ਪਰ ਇੱਥੇ ਇਕ ਪ੍ਰਤੱਖ ਫ਼ਰਕ ਨਜ਼ਰ ਆਉਂਦਾ ਹੈ ਕਿ ਗੁਰੂ ਦਸਵੇਂ ਪਾਤਿਸ਼ਾਹ ਨੇ ਸਿਰਫ ਕਿਤਾਬਾਂ ਤੇ ਗ੍ਰੰਥਾਂ ਰਾਹੀਂ ਆਪਣੀ ਕੌਮ ਤੇ ਸਮਾਜ ਦਾ ਮਾਰਗ ਦਰਸ਼ਨ ਹੀ ਨਹੀਂ ਕੀਤਾ। ਸਗੋਂ ਉਨ੍ਹਾਂ ਨੇ ਜ਼ਿੰਦਗੀ ਦੇ ਬੁਨਿਆਦੀ ਤੇ ਅਹਿਮ ਮਸਲਿਆਂ ਜਿਵੇਂ ਕਿ ਜ਼ੁਲਮ ਅਤੇ ਜਬਰ ਦੀ ਅੱਗ ਵਿੱਚ ਸੜ-ਮੋਈ ਤੇ ਰਾਖ ਹੋ ਚੁੱਕੀ ਕੌਮ ਨੂੰ ਹੱਕ ਤੇ ਸੱਚ ਦੀ ਜੰਗ ਲੜਨ ਲਈ ਪ੍ਰੇਰਿਆ। ਉਨ੍ਹਾਂ ਨੇ ਇਸ ਦਬੀ-ਕੁਚਲੀ ਕੌਮ ਨੂੰ ਫੌਨਿਕਸ ਪੰਛੀ ਵਾਂਗ ਖਾਲਸਾ ਦੇ ਪੰਥ ਦੇ ਰੂਪ ਵਿੱਚ ਉਭਾਰਿਆ। ਯੂਨਾਨੀ ਮਿਥਿਹਾਸ ਵਿੱਚ ਫੌਨਿਕਸ ਨਾਮ ਦਾ ਇੱਕ ਪੰਛੀ ਹੈ; ਜਿਸ ਦਾ ਪ੍ਰਚਲਤ ਨਾਮ ਕੁਕਨੂਸ ਹੈ। ਇਸ ਪੰਛੀ ਬਾਰੇ ਕਿਹਾ ਜਾਂਦਾ ਹੈ ਕਿ ਉਹ ਪਹਿਲਾਂ ਆਪਣੀ ਅੱਗ ਵਿਚ ਆਪ ਸੜ ਜਾਂਦਾ ਹੈ ਤੇ ਫਿਰ ਆਪਣੀ ਰਾਖ ਵਿਚੋਂ ਹੀ ਆਪਣਾ ਵਜੂਦ ਦੁਬਾਰਾ ਕਾਇਮ ਕਰਦਾ ਹੈ। ਬਿਲਕੁਲ ਇਸ ਤਰ੍ਹਾਂ ਹੀ ਖਾਲਸੇ ਦਾ ਇਸ ਦੁਨੀਆਂ ਤੇ ਅੱਜ ਤੋਂ 300 ਸਾਲ ਪਹਿਲਾਂ ਜ਼ਹੂਰ ਹੋਇਆ ਸੀ। ਇਸ ਤਰ੍ਹਾਂ ਹਰ ਨੁਕਤਾ ਨਿਗਾਹ ਤੋਂ ਦੁਨੀਆਂ ਦੇ ਇਤਿਹਾਸ ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬੇਮਿਸਾਲ ਜੀਵਨ ਤੇ ਲਾਸਾਨੀ ਕੌਮੀ ਸਿਰਜਣਾ ਦਾ ਹੋਰ ਕੋਈ ਸਾਨੀ ਨਹੀਂ ਹੈ। ਦਸਮੇਸ਼ ਪਿਤਾ ਦੀ ਸ਼ਖ਼ਸੀਅਤ ਵਿੱਚ ਸੱਤਿਅਮ-ਸ਼ਿਵਮ-ਸੁੰਦਰਮ ਜਿਹੇ ਇਲਾਹੀ ਗੁਣ ਹੋਣ ਕਰਕੇ ਸੰਸਾਰ ਉਨ੍ਹਾਂ ਨੂੰ ਪਰਮ ਮਨੁੱਖ ਹੋਣ ਦਾ ਮਾਣ ਦਿੰਦਾ ਹੈ। ਜਿਸ ਸਦਕਾ ਸਮੁੱਚੀ ਮਾਨਵਤਾ ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਯੁਗੀਨ-ਪੁਰਸ਼ ਹੋਣ ਵਜੋਂ ਸਦੈਵ ਹੀ ਸਿੱਜਦਾ ਕਰਦੀ ਰਹੀ ਹੈ ਤੇ ਯੁਗੋ-ਯੁਗ ਕਰਦੀ ਰਹੇਗੀ।

## ਬਚਪਨ/- ਰਾਕੇਸ਼ ਸੁਨੇਤ

ਨਾ ਖੋਹ ਮਾਏ ਬਚਪਨ ਮੇਰਾ
ਕਰ ਦਿਉਂ ਪੂਰਾ ਸੁਪਨਾ ਤੇਰਾ
ਕਾਂ ਚਿੜੀ ਦੀ ਕੋਈ ਬਾਤ ਸੁਣਾਦੇ
ਜੁਗਿਆਸਾ ਮੇਰੀ ਨੂੰ ਚੋਗਾ ਪਾਦੇ
ਕਿੰਜ ਤਿਤਲੀ ਉਡਾਰੀ ਲਾਵੇ
ਮੱਛਲੀ ਪਾਣੀ ਤਾਰੀ ਲਾਵੇ
ਬੱਦਲਾਂ ਸੰਗ ਖੇਡਣ ਨੂੰ ਦਿਲ ਕਰਦਾ ਮੇਰਾ
ਨਾ ਖੋਹ ਮਾਏ ਬਚਪਨ ਮੇਰਾ
ਕਰ ਦਿਉਂ ਪੂਰਾ ਸੁਪਨਾ ਤੇਰਾ।

ਰੋਜ ਜਦੋਂ ਮੈਂ ਸਕੂਲੇ ਜਾਵਾਂ
ਅਣਗਿਣਤ ਕਿਤਾਬਾਂ ਨਾਲ ਲਿਜਾਵਾਂ
ਲੰਬਾ ਪੈਂਡ ਬਸਤਾ ਭਾਰੀ
ਨਿੱਕੀ ਜਿੰਦੜੀ ਮੁਸੀਬਤਾਂ ਮਾਰੀ
ਬੰਦ ਕਮਰੇ ਸਾਂਹ ਘੁਟਦਾ ਮੇਰਾ
ਨਾ....

ਅਧਿਆਪਕ ਮੈਨੂੰ ਰੱਟੇ ਲਵਾਵੇ
ਹਰ ਕੋਈ ਅੰਕਾਂ ਦਾ ਮੁੱਲ ਪਾਵੇ
ਆਂਢ-ਗੁਆਂਢੀ ਸਾਕ ਸਬੰਧੀ
ਅੰਕ ਦੇਖ ਅਕਲਾਂ ਦਾ ਠੱਪਾ ਲਾਵੇ
ਦੇਖ ਮਹਿਮਾਨ ਦਿਲ ਕੰਬਦਾ ਮੇਰਾ
ਨਾ....

ਡੇਲੀ ਵੀਕਲੀ ਟੈਸਟਾਂ ਮੱਤ ਮਾਰੀ
ਫਾਈਨਲ ਪੇਪਰਾਂ ਤਾਪ ਚੜਾਇਆ
ਖੇਡਣ ਮਾਏ ਕਿਸ ਪਲ ਜਾਵਾਂ
ਟਿਊਸ਼ਨਾਂ ਨੀਂਦ ਦਾ ਸਮਾਂ ਮੁਕਾਇਆ
ਨਿੱਤ ਮੁਕਾਬਲਿਆਂ ਕੀਤਾ ਨੱਕ ਦਮ ਮੇਰਾ
ਨਾ ਖੋਹ ਮਾਏ ਬਚਪਨ ਮੇਰਾ
ਕਰ ਦਿਉਂ ਪੂਰਾ ਸੁਪਨਾ ਤੇਰਾ ।



# ਕਲਾ ਤੇ ਸਿਆਸਤ ਦਾ ਅਜੋੜ ਮੇਲ





ਗੁਰਬਚਨ ਸਿੰਘ ਭੁੱਲਰ

ਪੰਜਾਬ ਵਿਧਾਨ ਸਭਾ ਵਿਚ ਲੋਕ-ਪਿਆਰੇ ਗਾਇਕ ਮੁਹੰਮਦ ਸਦੀਕ ਵੱਲੋਂ ਆਧੁਨਿਕ ਪੰਜਾਬੀ ਕਵਿਤਾ ਦੇ ਉੱਚ-ਦੁਮਾਲੜੇ ਨਾਂ ਪ੍ਰੋ. ਮੋਹਨ ਸਿੰਘ ਦੀ ਇਕ ਬੇਹੱਦ ਖ਼ੂਬਸੂਰਤ ਅਤੇ ਅਰਥਭਰਪੂਰ ਰਚਨਾ ਪੇਸ਼ ਕੀਤੇ ਜਾਣ ਦੇ ਸੰਬੰਧ ਵਿਚ ਜੋ ਕੁਛ ਹੋਇਆ, ਉਹ ਪੰਜਾਬੀਆਂ ਦਾ, ਖਾਸ ਕਰਕੇ ਲੇਖਕਾਂ ਤੇ ਕਲਾਕਾਰਾਂ ਦਾ ਕਈ ਪੱਖਾਂ ਤੋਂ ਧਿਆਨ ਮੰਗਦਾ ਹੈ। ਇਹ ਘਟਨਾ ਵਾਪਰਨ ਤੋਂ ਤੁਰਤ ਮਗਰੋਂ ਚੰਡੀਗੜ੍ਹ ਤੋਂ ਇਕ ਪੱਤਰਕਾਰ ਮਿੱਤਰ ਨੇ ਫ਼ੋਨ ਕੀਤਾ ਤਾਂ ਮੈਂ ਸਮਝਿਆ, ਬਾਦਲ ਸਾਹਿਬ ਤੋਂ ਉਹਦਾ ਭਾਵ ਸੁਖਬੀਰ ਸਿੰਘ ਤੋਂ ਹੈ। ਮੈਂ ਗੱਲ ਆਈ-ਗਈ ਕਰਨ ਲੱਗਿਆ ਤਾਂ ਉਹਨੇ ਸਪੱਸ਼ਟ ਕੀਤਾ ਕਿ ਉਹ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ ਦੀ ਗੱਲ ਕਰ ਰਿਹਾ ਹੈ।

ਕਹਾਣੀ ਇਹ ਬਣੀ ਕਿ ਭਦੌੜ ਹਲਕੇ ਤੋਂ ਬਾਦਲ ਸਾਹਿਬ ਦੇ ਉਮੀਦਵਾਰ, ਉੱਚੀਆਂ ਪਦਵੀਆਂ ਉੱਤੇ ਰਹੇ ਆਈ ਏ ਐੱਸ ਅਧਿਕਾਰੀ ਦਰਬਾਰਾ ਸਿੰਘ ਗੁਰੂ ਨੂੰ ਹਰਾ ਕੇ ਕਾਂਗਰਸੀ ਵਿਧਾਇਕ ਬਣੇ ਗਾਇਕ ਮੁਹੰਮਦ ਸਦੀਕ ਨੇ ਵਿਧਾਨ ਸਭਾ ਵਿਚ ਆਪਣੇ ਹਲਕੇ ਦੀ ਕਿਸੇ ਵਿਦਿਅਕ ਸਮੱਸਿਆ ਬਾਰੇ ਸਰਕਾਰ ਤੋਂ ਸਵਾਲ ਪੁੱਛਿਆ। ਮੁੱਖ ਮੰਤਰੀ ਜੀ ਸ਼ਾਇਦ ਵਿੱਦਿਆ-ਸ਼ਿੱਦਿਆ ਬਾਰੇ ਐਵੇਂ ਵਾਧੂ ਮਹੱਤਵਹੀਣ ਗੱਲਾਂ ਉੱਤੇ ਸਦਨ ਦਾ ਕੀਮਤੀ ਸਮਾਂ ਨਹੀਂ ਸਨ ਗੁਆਉਣਾ ਚਾਹੁੰਦੇ। ਤੇ ਜਾਂ ਫੇਰ ਸ਼ਾਇਦ ਗੱਲ ਨੂੰ ਆਪਣੀ ਪਹਿਲਾਂ ਤੋਂ ਹੀ ਸੋਚੀ-ਮਿਥੀ ਸੇਧ ਵਿਚ ਲਿਜਾਣਾ ਚਾਹੁੰਦੇ ਸਨ ਕਿਉਂਕਿ ਸਦੀਕ ਨੇ ਅਖ਼ਬਾਰਾਂ ਨੂੰ ਦੱਸਿਆ ਕਿ ਸਦਨ ਸ਼ੁਰੂ ਹੋਣ ਦੇ ਸਮੇਂ ਤੋਂ ਹੀ ਬਾਦਲ ਸਾਹਿਬ ਉਹਨੂੰ ਵਾਰ ਵਾਰ ਗੀਤ ਸੁਣਾਉਣ ਲਈ ਆਖ ਰਹੇ ਸਨ। ਕੀ ਉਹ ਗੀਤ ਸੁਣਾਉਣ ਦੀ ਵਾਰ ਵਾਰ ਮੰਗ ਇਸੇ ਲਈ ਕਰ ਰਹੇ ਸਨ ਕਿ ਉਹ ਕੁਛ ਹੋਵੇ ਜੋ ਹੋਇਆ? ਖ਼ੈਰ, ਇਸ ਵਾਰ ਉਹ ਸਦਨ ਦੀ ਕਾਰਵਾਈ ਦੌਰਾਨ ਬੋਲੇ, ਸਦੀਕ ਛੱਡ ਇਹ ਗੱਲਾਂ, ਕੁਛ ਗਾ ਕੇ ਸੁਣਾ।

ਜਦੋਂ ਸਦੀਕ ਗਾਉਣ ਲਈ ਤਿਆਰ ਹੋਣ ਲੱਗਿਆ, ਉਹਨੂੰ ਕਾਂਗਰਸ ਵਿਧਾਇਕ ਦਲ ਦੇ ਨੇਤਾ ਸੁਨੀਲ ਜਾਖੜ ਅਤੇ ਕੁਛ ਹੋਰ ਵਿਧਾਇਕਾਂ ਨੇ ਰੋਕਣਾ ਚਾਹਿਆ। ਪਰ ਉਹ ਕਹਿੰਦਾ, ਬਾਦਲ ਸਾਹਿਬ ਸਦਨ ਵਿਚ ਸਭ ਤੋਂ ਵੱਡੀ ਉਮਰ ਦੇ ਸਿਆਸਤਦਾਨ ਹਨ ਤੇ ਮੈਂ ਇਹਨਾਂ ਦੀ ਬਹੁਤ ਇੱਜ਼ਤ ਕਰਦਾ ਹਾਂ, ਇਸ ਕਰਕੇ ਮੈਂ ਇਹਨਾਂ ਦਾ ਕਿਹਾ ਨਹੀਂ ਮੋੜ ਸਕਦਾ। ਇਸ ਦੌਰਾਨ ਸਪੀਕਰ ਸਾਹਿਬ ਨੇ ਵੀ ਮੁੱਖ ਮੰਤਰੀ ਜੀ ਦੀ ਫ਼ਰਮਾਇਸ਼ ਦੀ ਪੁਸ਼ਟੀ ਕਰਦਿਆਂ ਗਾਉਣ ਦੀ ਆਗਿਆ ਦੇ ਦਿੱਤੀ। ਜਦੋਂ ਹੀ ਸਦੀਕ ਨੇ ਕਾਵਿ-ਸਮਰਾਟ ਮੋਹਨ ਸਿੰਘ ਦੀ ਗ਼ਜ਼ਲ ਸਮਾਪਤ ਕੀਤੀ, ਮੁੱਖ ਮੰਤਰੀ ਜੀ ਬੋਲੇ, ਸਦੀਕ ਹੁਣ ਕਾਂਗਰਸ ਦੀ ਹਾਰ ਦੇ ਵੈਣ ਵੀ ਪਾ ਦੇ। ਸਦੀਕ ਦਾ ਅਵਾਕ ਰਹਿ ਜਾਣਾ ਕੁਦਰਤੀ ਸੀ। ਮੁੱਖ ਮੰਤਰੀ ਬਾਦਲ ਜੀ ਦੀ ਸ਼ਤਰੰਜੀ ਚਾਲ ਤੋਂ ਉਹ ਮਾਤ ਖਾ ਚੁੱਕਿਆ ਸੀ ਅਤੇ ਉਹਨਾਂ ਦੇ ਇਹਨਾਂ ਬੋਲਾਂ ਨਾਲ ਦੂਜੇ ਅਕਾਲੀਆਂ ਨੂੰ ਉਸ ਉੱਤੇ ਅਤੇ ਨਾਲ ਹੀ ਕਾਂਗਰਸ ਉੱਤੇ ਹਮਲੇ ਕਰਨ ਵਾਸਤੇ ਲੋੜੀਂਦਾ ਸੰਕੇਤ ਮਿਲ ਚੁੱਕਿਆ ਸੀ।

ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਬਾਰੇ ਇਹ ਸਭ ਸੁਣ ਕੇ ਇਸ ਘਟਨਾ ਨੇ ਮੇਰੇ ਮਨ ਵਿਚ ਬਿਲਕੁਲ ਹੀ ਵੱਖਰਾ ਰੂਪ ਧਾਰਨ ਕਰ ਲਿਆ ਅਤੇ ਕਈ ਸਵਾਲ ਉੱਭਰ ਕੇ ਸਾਹਮਣੇ ਆ ਖਲੋਤੇ। ਕਲਾ ਤੇ ਸਿਆਸਤ ਦਾ ਆਪਸ ਵਿਚ ਕੀ ਨਾਤਾ ਹੈ? ਕਲਾ ਦਾ ਸਮਾਜਕ ਜਮਾਤਾਂ ਨਾਲ ਕੀ ਰਿਸ਼ਤਾ ਹੈ? ਕੀ ਖਰੀ ਕਲਾ ਅਪਵਿੱਤਰ, ਭਾਵ ਪਲੀਤ ਵੀ ਹੋ ਸਕਦੀ ਹੈ ਜੋ ਭਲੇ ਕਹਾਉਣ ਵਾਲੇ ਲੋਕਾਂ ਉੱਤੇ ਗੰਦੇ ਛਿੱਟੇ ਪਾਉਂਦੀ ਹੋਵੇ? ਕਲਾ ਨੂੰ ਹਰ ਕੋਈ ਮਾਣ ਸਕਦਾ ਹੈ ਕਿ ਇਹਨੂੰ ਮਾਣਨ ਵਾਸਤੇ ਕਿਸੇ ਖਾਸ ਸੁਚੱਜ ਤੇ ਸਲੀਕੇ ਦੀ ਲੋੜ ਪੈਂਦੀ ਹੈ? ਜਿਵੇਂ ਸਿਆਸਤਦਾਨਾਂ ਨੂੰ ਆਪਣੀ ਵੋਟ-ਆਧਾਰਿਤ ਮੰਗਵੀਂ ਹਉਂ ਪਿਆਰੀ ਹੁੰਦੀ ਹੈ ਜਿਸ ਕਰਕੇ ਉਹਨਾਂ ਦਾ ਰਾਹ ਉਲੰਘਣ ਵਾਲੇ ਅੱਖ ਦਾ ਤਿਣਕਾ ਬਣ ਜਾਂਦੇ ਹਨ, ਕੀ ਕਲਾਕਾਰ ਦਾ ਵੀ ਕੋਈ ਕਲਾ-ਆਧਾਰਿਤ ਸੁੱਚਾ ਸਵੈਮਾਣ ਹੁੰਦਾ ਹੈ ਜਿਸਦਾ ਆਦਰ ਕੀਤਾ ਜਾਣਾ ਚਾਹੀਦਾ ਹੈ ਜਾਂ ਉਸ ਉੱਤੇ ਝੂਠੇ ਦੂਸ਼ਣ ਲਾ ਕੇ ਤੇ ਹੋ-ਹੋ-ਹੋ ਕਰ ਕੇ ਮਨ ਦੀ ਮੌਜ ਅਨੁਸਾਰ ਉਹਦਾ ਮਖੌਲ ਉਡਾਇਆ ਤੇ ਨਿਰਾਦਰ ਕੀਤਾ ਜਾ ਸਕਦਾ ਹੈ?

ਸਭ ਤੋਂ ਵੱਡਾ ਸਵਾਲ ਤਾਂ ਇਹ ਹੈ ਕਿ ਬਾਬੇ ਨਾਨਕ ਦਾ ਅਤੇ ਉਹਦੇ ਬੇਲੀ ਭਾਈ ਮਰਦਾਨੇ ਦਾ ਦੇਸ ਦੇ, ਖਾਸ ਕਰਕੇ ਪੰਜਾਬ ਦੇ ਇਤਿਹਾਸ ਵਿਚ ਕੀ ਸਥਾਨ ਹੈ। ਪੰਜਾਬ ਦਾ ਲੋਕ-ਮਨ ਸਰਬਸੰਮਤੀ ਨਾਲ ਆਖਦਾ ਹੈ: ਨਾਨਕ ਜੇਡ ਫ਼ਕੀਰ ਨਾ ਕੋਈ! ... ਧੰਨ ਬਾਬਾ ਨਾਨਕ ਜੀਹਨੇ ਜੱਗ ਤਾਰਿਆ! ... ਨਾਨਕ ਨਾਨਕ ਹੋਵੇ ਵੇਲੇ ਅੰਮ੍ਰਿਤ ਦੇ! ਵਿਆਹ ਦੇ ਨਿਰੋਲ ਸੰਸਾਰਿਕ-ਰੁਮਾਂਚਿਕ ਕਾਰਜ ਸਮੇਂ ਵੀ ਮਸਤੀ ਵਿਚ ਆਈਆਂ ਮੁਟਿਆਰ ਮੇਲਣਾਂ ਰਸਮਾਂ ਨਿਭਾਉਣ ਸਮੇਂ ਕਿਧਰੇ ਜਾਣ ਲੱਗਿਆਂ, ਮਗਰੋਂ ਜੋ ਮਰਜ਼ੀ ਗਾਉਂਦੀਆਂ ਫਿਰਨ, "ਆਉਂਦੀ ਕੁੜੀਏ... ਲੜੀ ਦੇ ਗੀਤਾਂ ਦਾ ਆਰੰਭ ਇਹ ਦੋ ਨਾਂ ਧਿਆ ਕੇ ਹੀ ਕਰਦੀਆਂ ਹਨ: ਆਉਂਦੀ ਕੁੜੀਏ, ਜਾਂਦੀ ਕੁੜੀਏ, ਚੱਕ ਲੈ ਬਾਜ਼ਾਰ ਵਿੱਚੋਂ ਕਾਨਾ, ਨੀ ਭਗਤੀ ਦੋ ਕਰ ਗਏ, ਬਾਬਾ ਨਾਨਕ ਤੇ ਮਰਦਾਨਾ, ਭਗਤੀ ਦੋ ਕਰ ਗਏ! ਰਿਸ਼ੀ-ਕਵੀ ਪ੍ਰੋ. ਪੂਰਨ ਸਿੰਘ ਕਹਿੰਦੇ ਹਨ:ਪੰਜਾਬ ਜੀਂਦਾ ਗੁਰਾਂ ਦੇ ਨਾਂ 'ਤੇ! ਭਾਈ ਮਰਦਾਨੇ ਦਾ ਤਾਂ ਕਹਿਣਾ ਹੀ ਕੀ! ਸਾਡੇ ਇਤਿਹਾਸ ਵਿਚ ਉਹਦੇ ਨਾਲੋਂ ਸੁਭਾਗਾ ਕੌਣ ਹੋਵੇਗਾ ਜਿਸਨੂੰ ਬਾਬੇ ਨਾਨਕ ਦੀ ਸਾਂਝੀ ਬੁਰਕੀ ਵਾਲੀ ਦੋਸਤੀ ਤੇ ਭਰੱਪਣ ਦਾ ਮਾਣ ਹਾਸਲ ਹੋਵੇ ਅਤੇ ਜਿਸਦੀ ਰਬਾਬ ਨਾਨਕ-ਨਾਨਕ ਤੋਂ ਬਿਨਾਂ ਹੋਰ ਕੋਈ ਆਵਾਜ਼ਾ ਕੱਢਣ ਹੀ ਨਾ ਜਾਣਦੀ ਹੋਵੇ! ਲੋਕ ਆਖਦੇ ਹਨ: ਨਾਨਕ ਨਾਨਕ ਕਰਦੀ ਰਬਾਬ ਮਰਦਾਨੇ ਦੀ!

ਬਿਕਰਮ ਸਿੰਘ ਮਜੀਠੀਆ ਬਾਦਲ ਸਾਹਿਬ ਦੇ ਮੰਤਰੀ ਮੰਡਲ ਵਿਚ ਮੰਤਰੀ ਦੀ ਪਦਵੀ ਲਈ ਲੋੜੀਂਦੀ ਪੂਰੀ ਯੋਗਤਾ ਰੱਖਣ ਵਾਲੇ ਸੱਜਣ ਹਨ। ਉਹਨਾਂ ਦੀ ਇਸ ਇੱਕੋ-ਇਕ ਯੋਗਤਾ ਨੂੰ ਉਹ ਆਪ ਵੀ ਜਾਣਦੇ ਹਨ ਤੇ ਪੰਜਾਬ ਦੇ ਲੋਕ ਵੀ ਚੰਗੀ ਤਰ੍ਹਾਂ ਜਾਣਦੇ ਹਨ। ਉਹਨਾਂ ਦਾ ਮਨੋਹਰ ਵਿਚਾਰ ਹੈ ਕਿ ਸਦੀਕ ਨੇ "ਮਰਦਾਨੇ ਵਾਂਗ ਛੇੜੀਏ ਜੇ ਸੁਰ ਰਬਾਬ ਦਾ ... ਮੁੜ ਕੇ ਪੰਜਾਬ ਸਾਜੀਏ ਨਾਨਕ ਦੇ ਖ਼ਾਬ ਦਾ ਗਾਉਣ ਨਾਲ ਸਦਨ ਦੀ ਪਵਿੱਤਰਤਾ ਘਟਾ ਕੇ ਉਹਨੂੰ ਰਿਕਾਰਡਿੰਗ ਸਟੂਡੀਓ ਬਣਾ ਦਿੱਤਾ ਹੈ! ਬੋਲੋ ਜੀ ਵਾਹਿਗੁਰੂ! ਪਹਿਲੀ ਵਾਰ ਪਤਾ ਲੱਗਿਆ ਕਿ ਰਿਕਾਰਡਿੰਗ ਸਟੂਡੀਓ ਕੋਈ ਦਾਰੂ ਦੇ ਠੇਕੇ ਵਰਗੀ ਜਾਂ ਬਾਜ਼ਾਰੀ ਕੋਠੇ ਵਰਗੀ ਥਾਂ ਹੁੰਦੀ ਹੈ ਜਿਸਤੋਂ ਮਜੀਠੀਆ ਜੀ ਵਰਗੇ ਸਾਊ ਬੰਦਿਆਂ ਨੂੰ ਦੂਰ ਦੂਰ ਹੀ ਰਹਿਣਾ ਚਾਹੀਦਾ ਹੈ। ਬਾਬਾ ਕਿਹਾ ਕਰਦਾ ਸੀ, ਰਬਾਬ ਛੇੜ ਭਾਈ ਮਰਦਾਨਿਆ, ਬਾਣੀ ਆਈ ਐ! ਜੇ ਅੱਜ ਬਾਬਾ ਦੇਹਮਾਨ ਹੁੰਦਾ, ਉਹਨੇ ਰਬਾਬ ਛੇੜਨ ਦੀ ਥਾਂ ਕਹਿਣਾ ਸੀ, ਰਬਾਬ ਚੁੱਕ ਭਾਈ ਮਰਦਾਨਿਆ, ਕਿਸੇ ਹੋਰ ਦੇਸ ਚੱਲੀਏ, ਜਿੱਥੇ ਸਾਡਾ ਨਾਂ ਲਿਆਂ ਉਸ ਥਾਂ ਦੀ ਪਵਿੱਤਰਤਾ ਭੰਗ ਨਾ ਹੁੰਦੀ ਹੋਵੇ!

ਸਦੀਕ ਦਾ ਮਖੌਲ ਉਡਾਉਣ ਵਾਲਿਆਂ ਨੂੰ ਸ਼ਾਇਦ ਇਹ ਪਤਾ ਨਹੀਂ ਕਿ ਦੁਨੀਆਂ ਦੇ ਅਨੇਕ ਦੇਸਾਂ ਦੀਆਂ ਪਾਰਲੀਮੈਂਟਾਂ ਵਿਚ, ਹੋਰ ਤਾਂ ਹੋਰ, ਸੰਸਾਰ ਦੀ ਮਹਾਂ-ਪਾਰਲੀਮੈਂਟ ਅਰਥਾਤ ਸੰਯੁਕਤ ਰਾਸ਼ਟਰ ਵਿਚ ਗਾਇਕੀ, ਸੰਗੀਤ ਤੇ ਨ੍ਰਿਤ ਆਦਿ ਦੀਆਂ ਪੇਸ਼ਕਾਰੀਆਂ ਕੋਈ ਅਲੋਕਾਰ ਗੱਲ ਨਹੀਂ। ਸਮੇਂ ਸਮੇਂ ਸਾਡੇ ਕਈ ਭਾਰਤੀ ਕਲਾਕਾਰਾਂ ਨੂੰ ਸੰਯੁਕਤ ਰਾਸ਼ਟਰ ਵੱਲੋਂ ਆਪਣੀ ਕਲਾ ਦੀ ਕਿਰਪਾ ਕਰਨ ਦੀ ਬੇਨਤੀ ਕੀਤੀ ਜਾਂਦੀ ਰਹੀ ਹੈ। ਏਨੀ ਦੂਰ ਕਿਉਂ ਜਾਣਾ, ਦੱਸਦੇ ਹਨ, ਅਕਾਲੀ ਸਾਂਸਦ ਕਿੱਕਰ ਸਿੰਘ ਨੇ ਇਕ ਵਾਰ ਆਪਣੀ ਸੰਸਦ ਵਿਚ ਕਵਿਤਾ ਪੜ੍ਹੀ ਸੀ। ਇਹ ਗੱਲ ਵੱਖਰੀ ਹੈ ਕਿ ਸ਼ਬਦਾਵਲੀ ਕਾਰਨ ਦੁਰਦੁਰ ਹੋਣ ਮਗਰੋਂ ਉਹ ਸਪੀਕਰ ਨੂੰ ਰਿਕਾਰਡ ਵਿੱਚੋਂ ਮੇਸਣੀ ਪੈ ਗਈ ਸੀ। ਉਸ ਕਵਿਤਾ ਦੀਆਂ ਦੋ ਸਤਰਾਂ ਅਜੇ ਵੀ ਮੈਨੂੰ ਚੇਤੇ ਹਨ: ਨਹਿਰੂ ਨੇ ਬਣਾਈਆਂ ਨਹਿਰਾਂ, ਪੁਟਾਏ ਕੂਪ ਜੀ/ ਇੰਦਰਾ ਨੇ ਕਟਵਾਈਆਂ ਇੰਦਰੀਆਂ, ਲਵਾਏ ਲੂਪ ਜੀ। ਕੁਛ ਸਮੇਂ ਮਗਰੋਂ ਕੁਛ ਪ੍ਰਮੁੱਖ ਅਕਾਲੀ ਆਗੂ ਮੰਗਾਂ ਦਾ ਲੰਮਾ-ਚੌੜਾ ਚਿੱਠਾ ਲੈ ਕੇ ਇੰਦਰਾ ਗਾਂਧੀ ਨੂੰ ਮਿਲਣ ਗਏ। (ਵੱਡੇ ਬਾਦਲ ਜੀ ਉਹਨਾਂ ਵਿਚ ਸ਼ਾਮਲ ਸਨ ਕਿ ਨਹੀਂ, ਮੈਨੂੰ ਇਹ ਜਾਣਕਾਰੀ ਨਹੀਂ)। ਕਹਿੰਦੇ ਹਨ, ਇੰਦਰਾ ਨੇ ਮੱਥੇ ਉੱਤੇ ਤਿਉੜੀ ਪਾ ਕੇ ਕਿਹਾ,"ਕੀਕਰ ਸਿੰਘ ਕੋ ਤੋ ਕਾ ਖਾ ਭੀ ਨਹੀਂ ਆਤਾ। ਸੁਨਾ ਹੈ, ਸੰਤ ਜੀ ਕਵਿਤਾ ਲਿਖਨੇ ਕਾ ਸ਼ੌਕ ਰਖਤੇ ਹੈਂ ਔਰ ਵੁਹ ਕਵਿਤਾ ਲਿਖਤੇ ਭੀ ਇਸੀ ਰੰਗ ਮੇਂ ਹੈਂ! ਉਹਦਾ ਭਾਵ ਸੀ, ਇਹ ਕਵਿਤਾ ਕਿੱਕਰ ਸਿੰਘ ਤੋਂ ਸੰਤ ਫ਼ਤਿਹ ਸਿੰਘ ਨੇ ਲਿਖ ਕੇ ਬੁਲਵਾਈ ਹੈ। ਮੰਗ-ਪੱਤਰ ਅਕਾਲੀ ਆਗੂਆਂ ਦੇ ਹੱਥਾਂ ਵਿਚ ਕੰਬਣ ਲੱਗ ਗਿਆ। ਗ਼ਜ਼ਬ ਸਾਂਈਂ ਦਾ, ਅਜਿਹੇ ਇਤਿਹਾਸ ਵਾਲੀ ਅਕਾਲੀ ਪਾਰਟੀ ਆਖਦੀ ਹੈ ਕਿ ਪੰਜਾਬੀ ਕਵਿਤਾ ਦੇ ਗੌਰਵ ਪ੍ਰੋ. ਮੋਹਨ ਸਿੰਘ ਦੀ ਪਾਕ-ਪਵਿੱਤਰ ਗ਼ਜ਼ਲ ਨਿਰਛਲ ਗਾਇਕ ਮੁਹੰਮਦ ਸਦੀਕ ਵੱਲੋਂ ਗਾਏ ਜਾਣ ਨਾਲ ਸਾਡੀ ਵਿਧਾਨ ਸਭਾ ਅਪਵਿੱਤਰ ਹੋ ਗਈ!

ਇਤਿਹਾਸ ਗਵਾਹ ਹੈ, ਹਰ ਕਾਲ ਵਿਚ ਤੇ ਹਰ ਦੇਸ ਵਿਚ ਹਰ ਕਿਸਮ ਦੀ ਕਲਾ ਨੂੰ ਧਾਰਮਿਕ ਰਾਹਬਰਾਂ ਨੇ ਵੀ ਸਤਿਕਾਰਿਆ ਹੈ ਅਤੇ ਦੁਨਿਆਵੀ ਰਾਜਿਆਂ ਨੇ ਵੀ। ਦਸਮੇਸ਼ ਪਿਤਾ ਨੇ ਤਾਂ ਬਵੰਜਾ ਕਵੀ ਇਕੱਤਰ ਕਰ ਕੇ ਉਹਨਾਂ ਨੂੰ ਉੱਤਮ ਰਚਨਾ ਕਰਨ ਲਈ ਸੁਖਾਵਾਂ ਮਾਹੌਲ ਦੇਣ ਵਿਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਸਦੀਕ ਦੀ ਗਾਈ ਬਾਬੇ ਨਾਨਕ, ਮਰਦਾਨੇ ਤੇ ਪੰਜਾਬ ਦੀ ਸਿਫ਼ਤ ਨਾਲ ਵਿਧਾਨ ਸਭਾ ਪਲੀਤ ਹੋ ਗਈ ਹੋਣ ਦਾ ਰੌਲਾ ਪਾਉਣ ਵਾਲਿਆਂ ਨੂੰ ਕਲਗ਼ੀਆਂ ਵਾਲੇ ਦਾ ਹੀਰ ਸੁਣਨਾ ਅਤੇ ਰਚਣਾ ਜਾਂ ਤਾਂ ਪਤਾ ਨਹੀਂ ਜਾਂ ਫੇਰ ਉਹ ਯਾਦ ਕਰਨਾ ਨਹੀਂ ਚਾਹੁੰਦੇ। ਗੁਰੂ ਜੀ ਬਠਿੰਡੇ ਦੇ ਕਿਲ਼ੇ ਦੀ ਫ਼ਸੀਲ ਉੱਤੇ, ਜਿੱਥੇ ਹੁਣ ਗੁਰਦੁਆਰਾ ਬਣਿਆ ਹੋਇਆ ਹੈ, ਰਾਤਰੀ ਵਿਸਰਾਮ ਕਰ ਰਹੇ ਸਨ। ਟਿਕੀ ਰਾਤ ਤੋਂ ਕਿਲੇ ਦੀ ਕੰਧ ਕੋਲ ਉੱਤਰੇ ਹੋਏ ਊਠਾਂ ਵਾਲੇ ਵਪਾਰੀ ਬੜੀ ਮਿੱਠੀ ਆਵਾਜ਼ ਤੇ ਮਨਮੋਹਕ ਹੇਕ ਨਾਲ ਹੀਰ ਗਾਉਣ ਲੱਗੇ। ਗੁਰੂ ਜੀ ਨੇ ਉਹਨਾਂ ਨੂੰ ਅਗਲੀ ਸਵੇਰ ਬੁਲਾਇਆ ਤੇ ਰਾਤ ਵਾਂਗ ਗਾਉਣ ਲਈ ਆਖਿਆ। ਉਹਨਾਂ ਬਿਚਾਰਿਆਂ ਨੇ ਕੱਚੇ ਜਿਹੇ ਹੋ ਕੇ ਹੱਥ ਜੋੜੇ, "ਮਹਾਰਾਜ, ਤੁਸੀਂ ਤਾਂ ਕੋਈ ਪਹੁੰਚੇ ਹੋਏ ਬਲੀ-ਪੀਰ ਲਗਦੇ ਹੋ। ਉਹ ਤਾਂ ਸੰਸਾਰਕ ਇਸ਼ਕ-ਮੁਸ਼ਕ ਦੀਆਂ ਗੱਲਾਂ ਸਨ। ਅਸੀਂ ਤੁਹਾਡੇ ਸਾਹਮਣੇ ਕਿਵੇਂ ਗਾ ਸਕਦੇ ਹਾਂ! ਗੁਰੂ ਜੀ ਨੇ ਕਲਾ ਦਾ ਮਹੱਤਵ ਸਮਝਾ ਕੇ, ਪਰੇਰ ਕੇ ਉਹਨਾਂ ਦੀ ਝਿਜਕ ਲਾਹੀ ਤੇ ਹੀਰ ਸੁਣੀ। ਕਹਿੰਦੇ ਹਨ, ਇਹੋ ਘਟਨਾ ਉਹਨਾਂ ਲਈ ਆਪ ਹੀਰ ਲਿਖਣ ਵਾਸਤੇ ਪ੍ਰੇਰਨਾ ਬਣੀ।

ਮਜੀਠੀਆ ਸਾਹਿਬ ਨੇ ਕੇਵਲ ਸਾਹਿਤ ਨੂੰ ਅਤੇ ਸੰਗੀਤ ਤੇ ਗਾਇਕੀ ਨੂੰ ਹੀ ਨਹੀਂ ਭੰਡਿਆ ਸਗੋਂ "ਉਹ ਦਿਨ ਦੂਰ ਨਹੀਂ ਜਦੋਂ ਕਾਂਗਰਸੀ ਸਦਨ ਵਿਚ ਨੱਚਣਾ ਵੀ ਸ਼ੁਰੂ ਕਰ ਦੇਣਗੇ। ਆਖ ਕੇ ਨ੍ਰਿਤ-ਕਲਾ ਨੂੰ ਵੀ ਟਿੱਚ ਜਾਣਿਆ ਹੈ। ਕਲਾਵਾਂ ਵੱਲ ਸਾਡੇ ਹਾਕਮਾਂ ਦਾ ਅਜਿਹਾ ਤ੍ਰਿਸਕਾਰੀ ਅਤੇ ਅਗਿਆਨੀ ਰਵਈਆ ਸਮਝੋਂ ਬਾਹਰ ਹੈ! ਜਾਂ ਤਾਂ ਇਹ ਉਹਨਾਂ ਦੇ ਕਲਾਵਾਂ ਨੂੰ ਸਮਝਣ-ਸਲਾਹੁਣ ਤੋਂ ਸੱਖਣੇ ਸਭਿਆਚਾਰਕ ਪੱਧਰ ਨੂੰ ਉਜਾਗਰ ਕਰਦਾ ਹੈ ਤੇ ਜਾਂ ਫੇਰ ਇਹ ਇਸ ਮਾਨਸਿਕਤਾ ਦਾ ਪਰਗਟਾਵਾ ਹੈ ਕਿ ਵਿਰੋਧੀਆਂ ਨੂੰ ਨੀਵਾਂ ਦਿਖਾਇਆ ਜਾਵੇ, ਭਾਵੇਂ ਇਸ ਜਤਨ ਵਿਚ ਕਲਾ ਨੂੰ ਵੀ ਸੱਤਾ ਦੀ ਸ਼ਮਸ਼ੀਰ ਨਾਲ ਝਟਕਾਉਣਾ ਕਿਉਂ ਨਾ ਪੈ ਜਾਵੇ! ਨ੍ਰਿਤ ਤਾਂ ਨਟਰਾਜ ਸ਼ਿਵ ਦੀ ਦੇਣ ਹੈ। ਸੰਗੀਤ ਦਾ ਉਦੈ ਵੀ ਉਸੇ ਦੇ ਹੀ ਨਾਂ ਹੈ। ਦੋਵਾਂ ਛਾਤੀਆਂ ਉੱਤੇ ਬਾਂਹ ਰੱਖ ਕੇ ਆਨੰਦ-ਅਵਸਥਾ ਵਿਚ ਪਈ ਨਿਰਵਸਤਰ ਸ਼ਕਤੀ ਨੂੰ ਦੇਖ ਕੇ ਮਹਾਂਦੇਵ ਨੇ ਨਵੇਂ ਸਾਜ਼ ਵੀਨਾ ਦੀ ਕਲਪਨਾ ਅਤੇ ਰਚਨਾ ਕੀਤੀ। ਇਸੇ ਵੀਨਾ ਦੀ ਅਰਧ-ਕਾਇਆ ਨੇ ਤੂੰਬੀ ਦਾ ਰੂਪ ਧਾਰਿਆ ਜੋ ਸਦੀਕ ਬਜਾਉਂਦਾ ਹੈ। ਸਾਹਿਤ ਨੂੰ ਤਾਂ ਜਨਮ ਹੀ ਸੰਸਾਰ ਦੀ ਪਲੇਠੀ ਪੁਸਤਕ, ਰਿਗਵੇਦ ਦੇ ਰੂਪ ਵਿਚ ਪੰਜਾਬ ਨੇ ਦਿੱਤਾ। ਨੇੜੇ ਦੀ ਗੱਲ ਲਉ। ਗੁਰੂ ਸਾਹਿਬਾਨ ਨੇ ਧੁਰ-ਕੀ-ਬਾਣੀ ਦੇ ਰੂਪ ਵਿਚ ਅਮਰ ਸਾਹਿਤ ਤਾਂ ਰਚਿਆ ਹੀ, ਰਾਗਾਂ ਵਿਚ ਢਾਲ ਕੇ ਸਾਨੂੰ ਗਾਇਕੀ ਦਾ ਮਹੱਤਵ ਵੀ ਦੱਸਿਆ। ਸੰਗੀਤ ਤਾਂ ਭਾਈ ਮਰਦਾਨੇ ਦੀ ਰਬਾਬ ਦੇ ਰੂਪ ਵਿਚ ਸਾਡੇ ਬਾਬੇ ਦੇ ਨਾਲ ਨਾਲ ਤੁਰਦਾ ਸੀ ਅਤੇ ਫੇਰ ਅਗਲੇ ਗੁਰੂਆਂ ਦੇ ਵੀ ਹਜ਼ੂਰ ਰਿਹਾ। ਕੇਵਲ ਸਦੀਕ ਨੂੰ ਤੇ ਉਸ ਦੇ ਬਹਾਨੇ ਕਾਂਗਰਸੀਆਂ ਨੂੰ ਨੀਵਾਂ ਦਿਖਾਉਣ ਲਈ ਸਾਹਿਤ, ਸੰਗੀਤ, ਗਾਇਕੀ, ਨ੍ਰਿਤ, ਆਦਿ ਸਭ ਕਲਾਵਾਂ ਦੀ ਏਨੀ ਘੋਰ ਬੇਅਦਬੀ! ਵਾਹਿਗੁਰੂ! ਵਾਹਿਗੁਰੂ!! ਸਿਆਸਤਦਾਨਾਂ ਹੱਥੋਂ ਕਲਾ ਅਤੇ ਕਲਾਕਾਰ ਨੂੰ ਇਉਂ ਨਿਰਾਦਰੀ, ਤ੍ਰਿਸਕਾਰ ਤੇ ਟਿੱਚਰਾਂ ਦਾ ਨਿਸ਼ਾਨਾ ਬਣਾ ਕੇ ਛੁਟਿਆਏ ਜਾਣਾ ਸਾਡੇ ਸਭਿਆਚਾਰ ਦਾ ਦੁਖਦਾਈ ਅਤੇ ਚਿੰਤਾਜਨਕ ਵਰਤਾਰਾ ਹੈ।

ਅਕਾਲੀ ਵਿਧਾਇਕਾਂ ਨੂੰ ਸਦਨ ਦੀ ਪਵਿੱਤਰਤਾ ਭੰਗ ਹੋ ਜਾਣ ਬਾਰੇ ਇਉਂ ਹਿੱਕਾਂ ਪਿੱਟਣ ਦੀ ਤਾਂ ਲੋੜ ਹੀ ਨਹੀਂ ਸੀ। ਵਿਧਾਨ ਸਭਾ ਦੇ ਨੇਮ ਨਿਰਸੰਦੇਹ ਅਜਿਹੀਆਂ ਹਾਲਤਾਂ ਨਾਲ ਨਿੱਬੜਨ ਵਾਸਤੇ ਕਾਫ਼ੀ ਹਨ। ਉਹ ਸਦੀਕ ਨੂੰ ਅਜਿਹੇ ਕਾਰੇ ਲਈ ਉਕਸਾਉਣ ਬਦਲੇ ਵਿਧਾਨ ਸਭਾ ਵਿਚ ਮੁੱਖ ਮੰਤਰੀ ਜੀ ਦੇ ਸੰਬੰਧ ਵਿਚ ਨਿੰਦਿਆ-ਪ੍ਰਸਤਾਵ ਨਹੀਂ ਤਾਂ ਘੱਟੋ-ਘੱਟ ਅਸਹਿਮਤੀ-ਪ੍ਰਸਤਾਵ ਲਿਆ ਸਕਦੇ ਹਨ। ਇਸੇ ਪਰਕਾਰ ਸਦੀਕ ਨੂੰ ਇਸ ਕਾਰੇ ਲਈ ਬਾਕਾਇਦਾ ਆਗਿਆ ਤੇ ਸਮਾਂ ਦੇਣ ਬਦਲੇ ਉਹ ਸਪੀਕਰ ਵਿਰੁੱਧ ਅਵਿਸ਼ਵਾਸ-ਪ੍ਰਸਤਾਵ ਪਾਸ ਕਰ ਕੇ ਉਹਦੀ ਥਾਂ ਨਵਾਂ ਸਪੀਕਰ ਚੁਣ ਸਕਦੇ ਹਨ। ਜਿੱਥੋਂ ਤੱਕ ਸਦੀਕ ਦਾ ਸੰਬੰਧ ਹੈ, ਸੰਵਿਧਾਨਕ ਮਾਹਿਰਾਂ ਦਾ ਕਹਿਣਾ ਹੈ ਕਿ ਸਪੀਕਰ ਵੱਲੋਂ ਗਾਉਣ ਦੀ ਬਾਕਾਇਦਾ ਆਗਿਆ ਹੋਣ ਕਾਰਨ ਅਤੇ ਇਕ ਵੀ ਅਜੋਗ ਸ਼ਬਦ ਨਾ ਬੋਲੇ-ਗਾਏ ਜਾਣ ਕਾਰਨ ਉਹਨੇ ਜੋ ਕੁਝ ਵੀ ਕੀਤਾ, ਉਹ ਪੂਰੀ ਤਰ੍ਹਾਂ ਨੇਮਾਂ ਦੇ ਅਨੁਸਾਰ ਹੈ ਅਤੇ ਵਿਧਾਨ ਸਭਾ ਦੀ ਮਰਯਾਦਾ ਦੀ ਕੋਈ ਉਲੰਘਣਾ ਨਹੀਂ ਬਣਦੀ।

ਫੇਰ ਵੀ ਜੇ ਹਾਕਮ ਧਿਰ ਦਿਲੋਂ ਸਮਝਦੀ ਹੈ ਕਿ ਸਦੀਕ ਦੇ ਗਾਉਣ ਨਾਲ ਸਦਨ ਅਪਵਿੱਤਰ ਹੋ ਗਿਆ, ਪਰ ਉਹ ਮੁੱਖ ਮੰਤਰੀ ਜੀ ਤੇ ਸਪੀਕਰ ਦੇ ਵਿਰੁੱਧ ਕੋਈ ਮਤਾ ਨਹੀਂ ਲਿਆਉਣਾ ਚਾਹੁੰਦੀ, ਇਹ ਵੀ ਕੋਈ ਬਹੁਤ ਵੱਡਾ ਮਸਲਾ ਨਹੀਂ। ਹਕੂਮਤ ਵਿਚ ਭਾਈਵਾਲ ਭਾਰਤੀ ਜਨਤਾ ਪਾਰਟੀ ਕਿਸ ਦਿਨ ਕੰਮ ਆਵੇਗੀ। ਵਿਧਾਨ ਸਭਾ ਵਿਚ ਪੰਜਾਬੀ ਦੀ ਥਾਂ ਸੰਸਕ੍ਰਿਤ ਵਿਚ ਸਹੁੰ ਚੁੱਕਣ ਵਾਲੀ ਮਾਨਸਿਕਤਾ ਦੀ ਮਾਲਕ ਇਸ



ਪਾਰਟੀ ਨੂੰ ਪੰਜਾਬ ਵਿਚ ਵਧਣ-ਫੁੱਲਣ ਦਾ ਏਨਾ ਵੱਡਾ ਮੌਕਾ ਦਿੱਤਾ ਹੈ, ਉਹ ਏਨਾ ਕੰਮ ਵੀ ਨਹੀਂ ਕਰੇਗੀ ਕਿ ਹਰਦੁਆਰੋਂ ਪੰਜ ਪੰਡੇ ਬੁਲਾ ਕੇ ਹਵਨ ਤੇ ਮੰਤਰਜਾਪ ਨਾਲ ਸਦਨ ਨੂੰ ਪਵਿੱਤਰ ਕਰਵਾ ਦੇਵੇ ਅਤੇ ਜਿਹੜੇ ਜਿਹੜੇ ਵਿਧਾਇਕ ਸਦੀਕ ਦੀ ਕਰਤੂਤ ਨਾਲ ਆਪਣੇ ਆਪ ਨੂੰ ਭਿੱਟਿਆ ਗਿਆ ਸਮਝਦੇ ਹਨ, ਪਵਿੱਤਰ ਗੋ-ਮੂਤਰ ਵਿਚ ਘੋਲੇ ਹੋਏ ਪਵਿੱਤਰ ਗੋ-ਗੋਬਰ ਦੇ ਛਿੱਟਿਆਂ ਨਾਲ ਉਹਨਾਂ ਦੀ ਸ਼ੁੱਧੀ ਕਰਵਾ ਦੇਵੇ!

ਕਲਾ ਅਤੇ ਸਿਆਸਤ ਦੇ ਸੰਬੰਧਾਂ ਦੀਆਂ ਇਸ ਵਕੂਏ ਵਰਗੀਆਂ ਮਿਸਾਲਾਂ ਇਤਿਹਾਸ ਵਿਚ ਵੀ ਮਿਲਦੀਆਂ ਹਨ। ਔਰੰਗਜ਼ੇਬ ਨੇ ਆਪਣੇ ਰਾਜ ਵਿਚ ਮੌਸੀਕੀ, ਭਾਵ ਸੰਗੀਤ ਉੱਤੇ ਪਾਬੰਦੀ ਲਾ ਦਿੱਤੀ। ਤਾਨਾਂ ਕੱਢਣ ਖ਼ਾਤਰ ਬਿਹਬਲ ਕਲਾਕਾਰ ਰੋਸ ਪਰਗਟ ਕਰਨ ਲਈ ਅਤੇ ਬਾਦਸ਼ਾਹ ਦੀ ਜ਼ਮੀਰ ਨੂੰ ਝੰਜੋੜਨ ਲਈ ਲਾਲ ਕਿਲ੍ਹੇ ਦੇ ਅੱਗੋਂ ਦੀ ਅਰਥੀ ਲੈ ਤੁਰੇ। ਔਰੰਗਜ਼ੇਬ, ਜਿਸਨੂੰ ਸੂਹੀਆਂ ਨੇ ਪਹਿਲਾਂ ਹੀ ਖ਼ਬਰ ਦੇ ਦਿੱਤੀ ਸੀ, ਟਿੱਚਰੀ ਰਉਂ ਵਿਚ ਕਿਲ੍ਹੇ ਦੀ ਫ਼ਸੀਲ ਉੱਤੇ ਟਹਿਲ ਰਿਹਾ ਸੀ। ਅਰਥੀ ਨੇੜੇ ਆਈ ਤੋਂ ਉਹਨੇ ਮੂਹਰਲੇ ਕਾਨ੍ਹੀਆਂ ਦਾ ਨਾਂ ਲੈ ਕੇ ਪੁੱਛਿਆ, ਮੀਆਂ, ਕੌਣ ਵਫ਼ਾਤ ਪਾ ਗਿਆ? ਉਹ ਰੋਣਹਾਕੇ ਹੋ ਕੇ ਬੋਲੇ, ਜਹਾਂਪਨਾਹ, ਮੌਸੀਕੀ ਚੱਲ ਵਸੀ! ਔਰੰਗਜ਼ੇਬ ਕਹਿੰਦਾ, ਕਬਰ ਡੂੰਘੀ ਪੱਟਿਓ! ਜ਼ਰੂਰੀ ਨਹੀਂ ਕਿ ਕਲਾ ਹਰ ਕਿਸੇ ਦੇ ਮਨ ਨੂੰ ਹੀ ਹੁਲਾਰੇ ਵਿਚ ਲੈ ਆਵੇ। ਬਹੁਤ ਲੋਕ ਕਲਾ ਲਈ ਥਿੰਧੇ ਘੜੇ ਹੁੰਦੇ ਹਨ। ਦੋ ਜਣੇ ਗੁਲਾਬ ਦੇ ਖੇਤ ਦੇ ਵਿਚਕਾਰੋਂ ਲੰਘਦੀ ਪਗਡੰਡੀ ਉੱਤੇ ਤੁਰੇ ਜਾ ਰਹੇ ਸਨ। ਦੋਵੇਂ ਪਾਸੀਂ ਲਾਲ ਸੂਹੇ ਫੁੱਲ ਹੀ ਫੁੱਲ। ਸੱਜੇ ਵੀ, ਖੱਬੇ ਵੀ, ਅੱਗੇ ਵੀ, ਪਿੱਛੇ ਵੀ, ਨਜ਼ਰ ਦੀ ਹੱਦ ਤੱਕ ਗੁਲਾਬ ਦੇ ਫੁੱਲਾਂ ਦੀ ਸੂਹੀ ਮਖ਼ਮਲੀ ਚਾਦਰ ਵਿਛੀ ਹੋਈ। ਇਕ ਜਣਾ ਸਭ ਤੋਂ ਮਹਾਨ ਕਲਾਕਾਰ, ਭਾਵ ਕੁਦਰਤ ਦੀ ਇਸ ਰਚਨਾ ਤੋਂ ਗਦਗਦ ਹੋ ਕੇ ਬੋਲਿਆ, ਯਿਹ ਖ਼ੁਸ਼ਬੂ, ਰੰਗ ਯਿਹ, ਔਰ ਯਿਹ ਨਜ਼ਾਰਾ, ਜੀਅ ਮੇਂ ਆਤਾ ਹੈ ਯਹੀਂ ਮਰ ਜਾਈਏ! ਦੂਜਾ ਬੋਲਿਆ, ਯਾਰ ਜੇ ਏਨੇਂ ਫੁੱਲਾਂ ਦੀ ਗੁਲਕੰਦ ਬਣਾ ਕੇ ਵੇਚਣੀ ਹੋਵੇ, ਬੰਦਾ ਲੱਖਾਂ ਖੱਟ ਲਵੇ!

ਪੁਸ਼ਪ-ਸੁਹਜ ਅਤੇ ਗੁਲਕੰਦ ਤੱਕ ਪੁੱਜ ਕੇ ਇਹ ਸਵਾਲ ਵੀ ਖੜ੍ਹਾ ਹੋ ਜਾਂਦਾ ਹੈ ਕਿ ਕਲਾ ਹੁੰਦੀ ਕੀ ਹੈ? ਕੀ ਕਲਾ ਸਦੀਕ ਦੇ ਆਖਣ ਵਾਂਗ ਮਾਣਨ ਤੇ ਪੂਜਣ ਵਾਲੀ ਸ਼ੈਅ ਹੈ ਜਾਂ ਅਕਾਲੀਆਂ ਦੇ ਸੋਚਣ-ਕਹਿਣ ਵਾਂਗ ਇਹਨੂੰ ਮਸਲ-ਮਿੱਧ ਕੇ ਗੁਲਕੰਦ ਬਣਾ ਲੈਣੀ ਚਾਹੀਦੀ ਹੈ? ਮਿਸਾਲ ਵਜੋਂ, ਕੀ ਲੋਕਰਾਜ ਦੇ ਮੰਦਰ, ਵਿਧਾਨ ਸਭਾ ਵਿਚ ਮੋਹਨ ਸਿੰਘ ਦੀ ਲਿਖੀ ਤੇ ਸਦੀਕ ਦੀ ਗਾਈ ਪੰਜਾਬ, ਬਾਬੇ ਨਾਨਕ ਤੇ ਮਰਦਾਨੇ ਦੀ ਉਸਤਤ ਕਲਾ ਹੈ ਜਾਂ ਸਰਕਾਰ ਦੇ ਹੱਥ ਲੱਗੀ ਪੰਜਾਬ ਦੇ ਕਿਸਾਨਾਂ-ਮਜ਼ਦੂਰਾਂ ਦੀ ਗਾੜ੍ਹੇ ਪਸੀਨੇ ਦੀ ਕਮਾਈ ਵਿੱਚੋਂ ਕਰੋੜਾਂਰੁਪਏ ਰੋੜ੍ਹ ਕੇ ਅਧਨੰਗੀਆਂ ਕੁੜੀਆਂ ਦੀ ਡਾਰ ਵਿਚਕਾਰ ਸ਼ਾਹਰੁਖ ਖਾਂ ਨਾਂ ਦੇ ਬਾਜ਼ਾਰੂ ਨਚਾਰ ਦਾ 1984 ਦੇ ਸਿੱਖ ਕਤਲਾਮ ਦੀ ਬਰਸੀ ਵਾਲੇ ਦਿਨ ਲੱਕ ਹਿਲਾਉਣਾ ਅਤੇ ਛੰਮਕਛੱਲੋ ਗਾਉਣਾ ਕਲਾ ਹੈ? ਸਦੀਕ ਜਿਹੇ ਨਿਰਛਲ ਮਨੁੱਖ ਅਤੇ ਵਧੀਆ ਗਾਇਕ ਦੀ ਨਿਰਾਦਰੀ ਤੋਂ ਖਰੀ ਕਲਾ ਦੀ ਸ਼ਕਤੀ ਅਤੇ ਕਲਾਕਾਰ ਦੇ ਸਵੈਮਾਣ ਦੀ ਇਕ ਬੜੀ ਡੂੰਘੀ ਗੱਲ ਚੇਤੇ ਆ ਗਈ। ਮੈਨੂੰ ਇਹ ਕਮਾਲ ਦੀ ਘਟਨਾ ਬਜ਼ੁਰਗ ਮਿੱਤਰ ਅਤੇ ਪ੍ਰਸਿੱਧ ਸਭਿਆਚਾਰ-ਗਿਆਤਾ ਬਠਿੰਡੇ ਵਾਲੇ ਪ੍ਰੋ. ਕਰਮ ਸਿੰਘ ਨੇ ਸੁਣਾਈ ਸੀ।

ਬਠਿੰਡੇ ਦੂਰ ਦੂਰ ਤੱਕ ਮੰਨਿਆ ਹੋਇਆ ਇਕ ਗਮੰਤਰੀ ਹੁੰਦਾ ਸੀ, ਨਗੀਨਾ ਮਰਾਸੀ, ਆਪਣੀ ਕਲਾ ਦੇ ਸੁਹਜ, ਸ਼ਕਤੀ ਤੇ ਪ੍ਰਭਾਵ ਬਾਰੇ ਪੂਰਾ ਸਚੇਤ। ਰੱਜ ਕੇ ਸਵੈਮਾਨੀ ਪਰ ਅਭਿਮਾਨ ਤੋਂ ਉੱਕਾ ਹੀ ਮੁਕਤ! ਪਟਿਆਲੀਏ ਮਹਾਰਾਜਾ ਭੂਪਿੰਦਰ ਸਿੰਘ ਕੁਛ ਦਿਨਾਂ ਵਾਸਤੇ ਬਠਿੰਡੇ ਦੇ ਕਿਲੇ ਵਿਚ ਟਿਕੇ ਹੋਏ ਸਨ। ਇਕ ਦਿਨ ਉਹਨਾਂ ਦਾ ਦਿਲ ਕੀਤਾ, ਕੁਛ ਗਾਉਣ-ਬਜਾਉਣ ਹੀ ਸੁਣਿਆ ਜਾਵੇ! ਓਦੋਂ ਰਾਜਿਆਂ ਵਾਸਤੇ ਸਥਾਨਕਤਾ ਨਾਲ ਵਾਹ ਦੀ ਅਹਿਮ ਕੜੀ ਨੰਬਰਦਾਰ-ਜ਼ੈਲਦਾਰ ਹੀ ਹੁੰਦੇ ਸਨ। ਮਹਾਰਾਜਾ ਸਾਹਿਬ ਨੇ ਜ਼ੈਲਦਾਰ ਦਸੌਂਧਾ ਸਿੰਘ ਨੂੰ ਕਿਹਾ, ਅੱਜ ਸ਼ਾਮ ਕੋਈ ਵਧੀਆ ਗਵਈਆ ਤਾਂ ਬੁਲਾਓ। ਨਗੀਨੇ ਦੇ ਸੁਭਾਅ ਤੋਂ ਜਾਣੂ ਜ਼ੈਲਦਾਰ ਨੂੰ ਪਤਾ ਸੀ ਕਿ ਕਿਸੇ ਹੱਥ ਸੁਨੇਹਾ ਭੇਜਿਆਂ ਉਹਨੇ ਆਉਣਾ ਨਹੀਂ। ਕੋਈ ਲਾਗੀ-ਤੱਥਾ ਭੇਜਣ ਦੀ ਥਾਂ ਉਹਨੇ ਆਪ ਚੱਲ ਕੇ ਜਾਣਾ ਹੀ ਮੁਨਾਸਿਬ ਸਮਝਿਆ। ਉਹਨੇ ਆਖਿਆ, ਨਗੀਨਿਆ, ਮਹਾਰਾਜਾ ਸਾਹਿਬ ਨੇ ਗੌਣ ਸੁਣਨ ਦੀ ਇੱਛਾ ਦੱਸੀ ਹੈ, ਅੱਜ ਆਥਣੇ ਕਿਲੇ ਵਿਚ ਪਹੁੰਚ ਜਾਈਂ। ਨਗੀਨੇ ਨੇ ਝੱਟ ਸਵਾਲ ਕੀਤਾ, ਜ਼ੈਲਦਾਰਾ, ਮਹਾਰਾਜ ਗੌਣ ਸੁਣਨਾ ਜਾਣਦੇ ਵੀ ਨੇ? ਉਹਦੀ ਗੱਲ ਸੁਣ ਕੇ ਜ਼ੈਲਦਾਰ ਹੈਰਾਨ ਰਹਿ ਗਿਆ ਤੇ ਬੋਲਿਆ, ਕੀ ਕਮਲੀਆਂ ਮਾਰਦਾ ਹੈਂ, ਨਗੀਨਿਆ, ਮਹਾਰਾਜਾ ਸਾਹਿਬ ਗੌਣ ਸੁਣਨ ਵੀ ਨਹੀਂ ਜਾਣਦੇ? ਨਗੀਨਾ ਕਹਿੰਦਾ, ਚੰਗਾ, ਜ਼ੈਲਦਾਰ ਸਾਹਿਬ, ਜੇ ਇਹ ਗੱਲ ਹੈ, ਕਿਲੇ ਵਿਚ ਕੱਕਾ ਰੇਤਾ ਵਿਛਵਾ ਲੈਣਾ; ਮੇਰਾ ਗੌਣ ਸੁਣਨ ਆਈ ਮਾਈ ਹੀਰ ਦੀਆਂ ਸੱਜਰੀਆਂ ਪੈੜਾਂ ਦਿਖਾਵਾਂਗੇ!

ਸਦੀਕ ਬੱਸ ਇੱਥੇ ਹੀ ਮਾਰ ਖਾ ਗਿਆ! ਗਾਉਣ ਤੋਂ ਪਹਿਲਾਂ ਉਹਨੂੰ ਚਾਹੀਦਾ ਸੀ, ਗਾ ਕੇ ਸੁਣਾਉਣ ਦੀ ਫ਼ਰਮਾਇਸ਼ ਕਰਨ ਵਾਲਿਆਂ ਨੂੰ ਪੁੱਛਦਾ, ਮੋਤੀਆਂ ਵਾਲਿਓ, ਗਾਇਆ ਹੋਇਆ ਸੁਣਨਾ ਵੀ ਆਉਂਦਾ ਹੈ? ਜੇ ਉਹ ਹਾਂ ਆਖਣ ਦੀ ਹਿੰਮਤ ਕਰਦੇ, ਫੇਰ ਉਹਨੂੰ ਕਹਿਣਾ ਚਾਹੀਦਾ ਸੀ, ਚੰਗਾ, ਜਨਾਬ, ਪੰਜਾਬ ਦਾ ਨਕਸ਼ਾ ਮੰਗਵਾ ਕੇ ਵਿਧਾਨ ਸਭਾ ਦੀ ਕੰਧ ਉੱਤੇ ਟੰਗ ਲਵੋ। ਜਦੋਂ ਮੈਂ ਮੋਹਨ ਸਿੰਘ ਦੀ ਵਜਦ ਵਿਚ ਆ ਕੇ ਲਿਖੀ ਹੋਈ ਪੰਜਾਬ ਦੀ, ਸੰਸਾਰ-ਤਾਰਕ ਬਾਬੇ ਨਾਨਕ ਦੀ ਤਾਬ ਦੀ, ਸਾਡੇ ਪੁਰਖੇ ਮਰਦਾਨੇ ਦੀ ਰਬਾਬ ਦੀ, ਪੰਜਾਬੀਆਂ ਦੇ ਸ਼ਬਾਬ ਦੀ, ਆਸ਼ਕ ਬਣਾਉਣ ਵਾਲੇ ਚਨਾਬ ਦੀ ਸਿਫ਼ਤ ਨੂੰ ਮਸਤ ਹੋ ਕੇ ਮੂੰਹ ਦੀ ਥਾਂ ਐਥੋਂ, ਹਿੱਕ ਦੇ ਵਿਚਕਾਰੋਂ, ਡੂੰਘੇ ਦਿਲ ਤੋਂ ਗਾਇਆ, ਪੰਜਾਬ ਦੇ ਨਕਸ਼ੇ ਵਿੱਚੋਂ ਇਲਾਹੀ ਨੂਰ ਝਰਦਾ ਦਿਖਾਵਾਂਗੇ!

ਸਦੀਕ ਹੰਢੇ-ਵਰਤੇ ਸਿਆਸੀ ਅਨੁਭਵੀਆਂ ਵਿਚ ਨਵਾਂ ਨਵਾਂ ਵਿਚਰਨ ਲੱਗਿਆ ਹੈ। ਚੰਗਾ ਹੋਵੇ, ਉਹ ਕੁਛ ਗੱਲਾਂ ਯਾਦ ਰੱਖੇ। ਜਿਸ ਮਰਦਾਨੇ ਬਿਨਾਂ ਆਪਣਾ ਬਾਬਾ ਸਾਹ ਨਹੀਂ ਸੀ ਲੈਂਦਾ ਤੇ ਜਿਸਦੀਆਂ ਔਲਾਦਾਂ ਦਰਬਾਰ ਸਾਹਿਬ ਵਿਚ ਜੁਗੜਿਆਂ ਤੱਕ ਕੀਰਤਨ ਕਰਦੀਆਂ ਰਹੀਆਂ ਸਨ, ਉਸ ਕੁਲ ਦੇ ਰਬਾਬੀਆਂ ਤੇ ਕੀਰਤਨੀਆਂ ਨੂੰ ਹੁਣ ਕੀਰਤਨ-ਸਥਾਨ ਦੇ ਨੇੜੇ ਨਹੀਂ ਢੁੱਕਣ ਦਿੱਤਾ ਜਾਂਦਾ। ਸਦੀਕ ਨੂੰ ਕੌੜੀ ਲੱਗ ਸਕਦੀ ਹੈ, ਪਰ ਉਹਨੂੰ ਮੇਰੀ ਇਕ ਸਲਾਹ ਸਦਾ ਯਾਦ ਰੱਖਣੀ ਚਾਹੀਦੀ ਹੈ ਕਿ "ਵੱਡੇ ਬੰਦਿਆਂ ਵਿਚ ਉੱਠਦਿਆਂ-ਬੈਠਦਿਆਂ ਆਪਣੇ ਵਰਗੇ ਸਾਧਾਰਨ ਬੰਦਿਆਂ ਨੂੰ ਆਪਣਾ ਮੂਲ ਜ਼ਰੂਰ ਯਾਦ ਰੱਖਣਾ ਚਾਹੀਦਾ ਹੈ। ਇਹ ਤਾਂ ਲੋਕਰਾਜ ਦੀਆਂ ਮਜਬੂਰੀਆਂ ਹਨ ਕਿ ਵਿਧਾਨ ਸਭਾ ਵਿਚ ਨਵੇਂ-ਪੁਰਾਣੇ ਰਾਜੇ ਅਤੇ ਹਮਾ-ਤੁਮਾ ਰੰਕ ਬਰਾਬਰ ਬੈਠਦੇ ਹਨ। ਜੇ ਸੁਖੀ ਰਹਿਣਾ ਹੈ, ਇਹਦਾ ਇਹ ਅਰਥ ਕਦੇ ਨਾ ਲੈਣਾ ਕਿ ਉੱਥੇ ਬੈਠੇ ਸਭ ਸੱਚਮੁੱਚ ਬਰਾਬਰ ਹੋ ਗਏ ਹਨ! ਮੇਰਾ ਦਾਅਵਾ ਹੈ ਕਿ ਜੇ ਸਦੀਕ ਦੀ ਗਾਈ ਇਸ ਉੱਚ-ਪਾਏ ਦੀ ਗ਼ਜ਼ਲ ਦੀ ਥਾਂ ਮਜੀਠੀਆ ਸਾਹਿਬ ਨੇ ਵਿਧਾਨ ਸਭਾ ਵਿਚ "ਕਰ ਦੇ ਬੁੜ੍ਹੇ ਦਾ ਚਿੱਤ ਰਾਜੀ, ਉੱਤੇ ਲੈ ਕੇ ਅੰਬ-ਰਸੀਆ ਗੀਤ ਵੀ ਗਾਇਆ ਹੁੰਦਾ, ਸਦਨ ਦੀ ਪਵਿੱਤਰਤਾ ਭੰਗ ਹੋਣ ਦੀ ਥਾਂ ਦੂਣ-ਸਵਾਈ ਹੋ ਜਾਂਦੀ। ਇੱਥੇ ਮੈਨੂੰ ਫ਼ਿਲਮ ਪਾਕੀਜ਼ਾ ਦਾ ਇਕ ਦ੍ਰਿਸ਼ ਯਾਦ ਆ ਗਿਆ। ਸਾਹਿਬ ਜਾਨ ਦਾ ਮੁਜਰਾ ਦੇਖਣ ਆਏ ਨਵਾਬਾਂ-ਰਈਸਾਂ ਨੂੰ ਪਾਨ ਦੇ ਬੀੜੇ ਦੇ ਰਹੀ ਅੰਮੀ ਜਾਨ ਇਕ ਸਰੋਤੇ ਨੂੰ ਪੰਜ-ਸੱਤ ਪੌੜੀਆਂ ਉੱਚੇ ਮੰਚ-ਰੂਪੀ ਵਿਸ਼ਾਲ ਹਾਲ ਦੀ ਆਖ਼ਰੀ ਪੌੜੀ ਕੋਲ ਥੰਮ੍ਹ ਨਾਲ ਢੋ ਲਾ ਕੇ ਬੈਠਦਿਆਂ ਦੇਖ ਆਖਦੀ ਹੈ, ਇੱਥੇ ਕਿਉਂ ਬੈਠ ਗਏ ਠੇਕੇਦਾਰ ਸਾਹਿਬ, ਐਧਰ ਆ ਕੇ ਬੈਠੋ। ਉਹ ਹੱਥ ਜੋੜ ਕੇ ਬੜੀ ਨਿਮਰਤਾ ਨਾਲ ਕਹਿੰਦਾ ਹੈ, ਨਹੀਂ ਅੰਮੀ ਜਾਨ, ਮੈਂ ਇੱਥੇ ਹੀ ਠੀਕ ਹਾਂ, ਮੈਨੂੰ ਆਪਣੀ ਥਾਂ ਦਾ ਅਹਿਸਾਸ ਹੈ!

ਇਕ ਗੱਲ ਹੋਰ ਵੀ ਹੈ। ਲੋਕ-ਸੂਝ ਦਾ ਚੰਗਾ ਗਿਆਤਾ ਹੋਣ ਦੇ ਬਾਵਜੂਦ ਸਦੀਕ ਇਹ ਲਲਕਾਰਾ ਕਿਵੇਂ ਭੁੱਲ ਗਿਆ: ਕਿੱਥੇ ਜਾਏਂਗਾ ਬੂਬਨਿਆ ਸਾਧਾ, ਛੇੜ ਕੇ ਭਰਿੰਡ-ਰੰਗੀਆਂ! ਸਦੀਕ ਸਾਹਿਬ, ਸੱਤਾਧਾਰੀਆਂ ਦੇ ਚਹੇਤੇ ਅਤੇ ਖ਼ੁਦ ਸਾਰੀ ਉਮਰ ਆਮ ਲੋਕਾਂ ਤੋਂ ਚਾਰ ਹੱਥ ਉੱਚੀ ਕੁਰਸੀ ਉੱਤੇ ਬੈਠ ਕੇ ਰਾਜ ਚਲਾਉਂਦੇ ਰਹੇ ਦਰਬਾਰਾ ਸਿੰਘ ਗੁਰੂ ਦੀਆਂ ਗੋਡਣੀਆਂ ਲੁਆ ਕੇ ਜਾਉਂਗੇ ਕਿੱਥੇ? ਦੇਖੋ ਜੀ, ਖ਼ਸਮਾਂ ਨੂੰ ਖਾਂਦੀ ਜਮਹੂਰੀਅਤ, ਕੋਈ ਸਦੀਕ ਕਿਸੇ ਗੁਰੂ ਨੂੰ ਹਰਾ ਦੇਵੇ, ਸੱਚੀ ਗੱਲ ਹੈ, ਬੁਰਾ ਤਾਂ ਲੱਗਣਾ ਹੀ ਹੋਇਆ!

ਪਰਕਾਸ਼ ਸਿੰਘ ਬਾਦਲ ਵਰਗੇ ਸਾਊ, ਮਿੱਠ-ਬੋਲੜੇ ਅਤੇ ਪਚਾਸੀ ਸਾਲ ਦੀ ਗਹਿਰ-ਗੰਭੀਰ ਆਯੂ ਨੂੰ ਪੁੱਜੇ ਆਗੂ ਨੇ ਆਪਣੇ ਜਨਤਕ ਅਕਸ ਦੇ ਪੂਰੀ ਤਰ੍ਹਾਂ ਉਲਟ ਅਜਿਹਾ ਕਿਉਂ ਕੀਤਾ, ਹਰ ਕਿਸੇ ਦੀ ਸਮਝ ਤੋਂ ਬਾਹਰ ਹੈ। ਸਦੀਕ ਦੀ ਤੇ ਉਸ ਰਾਹੀਂ ਕਾਂਗਰਸ ਦੀ ਹੱਤਕ ਤਾਂ ਉਹ ਕਿਸੇ ਵੀ ਅਕਾਲੀ ਵਿਧਾਇਕ ਤੋਂ ਕਰਵਾ ਸਕਦੇ ਸਨ। ਸੰਸਦ ਸਮੇਤ ਪੂਰੇ ਦੇਸ ਦੀਆਂ ਵਿਧਾਨ





ਸਭਾਵਾਂ ਵਿਚ ਪਸੂਆਂ ਤੋਂ ਗਿਆ-ਗੁਜ਼ਰਿਆ ਨਰਕੀ ਜੀਵਨ ਜਿਉਣ ਲਈ ਮਜਬੂਰ ਤੇ ਬੇਵੱਸ ਕਰੋੜਾਂ ਮੰਦਭਾਗਿਆਂ ਦੇ ਗੰਭੀਰ ਮੁੱਦਿਆਂ ਬਾਰੇ ਗੰਭੀਰ ਗੱਲ ਛੇੜਨ ਤੇ ਗੰਭੀਰ ਬਹਿਸ ਕਰਨ ਵਾਲੇ ਲੋਕ-ਪ੍ਰਤੀਨਿਧਾਂ ਦੀ ਤਾਂ ਘਾਟ ਹੋ ਸਕਦੀ ਹੈ, ਕਿਸੇ ਦੀ ਚਿੱਟੀ ਪੱਗ ਲਾਹੁਣ ਤੇ ਉਛਾਲਣ ਵਾਲਿਆਂ ਦੀ ਥੋੜ ਮਹਿਸੂਸ ਹੋਣ ਦਾ ਤਾਂ ਸਵਾਲ ਹੀ ਨਹੀਂ। ਮੀਆਂ ਗ਼ਾਲਿਬ ਡੇਢ ਸਦੀਆਂ ਪਹਿਲਾਂ ਇਹਨਾਂ ਬਾਰੇ ਹੀ ਤਾਂ ਭਵਿੱਖਬਾਣੀ ਕਰ ਗਏ ਸਨ: .... ਕਮੀ ਨਹੀਂ ਗ਼ਾਲਿਬ, ਏਕ ਢੂੰਢੋ ਹਜ਼ਾਰ ਮਿਲਤੇ ਹੈਂ! ਬਾਦਲ ਸਾਹਿਬ ਨੂੰ ਗਾਰੇ ਦਾ ਬੁੱਕ ਭਰ ਕੇ ਸਦੀਕ ਵੱਲ ਆਪ ਵਗਾਹੁਣ ਦੀ ਕੀ ਲੋੜ ਪੈ ਗਈ! ਕੀ ਸਦੀਕ ਦਾ ਉਹਨਾਂ ਦੇ ਖਾਸੋ-ਖਾਸ ਉਮੀਦਵਾਰ ਨੂੰ ਹਰਾ ਕੇ ਜਿੱਤਣਾ ਵੋਟਾਂ ਵਾਲੇ ਲੋਕਰਾਜ ਵਿਚ ਏਡਾ ਵੱਡਾ ਗੁਨਾਹ ਹੈ ਕਿ ਉਹ ਉਹਨੂੰ ਅਗਲੀ, ਅਗਲੇਰੀ ਜਾਂ ਉਸ ਤੋਂ ਵੀ ਪਰੇਰੀ ਕਿਸੇ ਚੋਣ ਵਿਚ ਹਰਾ ਲੈਣ ਤੱਕ ਬਖ਼ਸ਼ਣਗੇ ਹੀ ਨਹੀਂ?

ਮੈਂ ਇਸ ਮੁੱਦੇ ਬਾਰੇ ਅਨੇਕ ਲੇਖਕਾਂ, ਵਿਦਵਾਨਾਂ ਤੇ ਕਲਾਕਾਰਾਂ ਨਾਲ ਗੱਲ ਕੀਤੀ ਹੈ ਅਤੇ ਮੇਰੇ ਹੋਰ ਲੇਖਾਂ ਦੇ ਸੰਬੰਧ ਵਿਚ ਫ਼ੋਨ ਕਰਨ ਵਾਲੇ ਅਨਗਿਣਤ ਪਾਠਕਾਂ ਦੀ ਇਸ ਸੰਬੰਧੀ ਰਾਇ ਲਈ ਹੈ। ਸ਼ਾਇਦ ਬਾਦਲ ਸਾਹਿਬ ਨੂੰ ਇਹ ਗੱਲ ਸੁਣਨੀ ਚੰਗੀ ਨਾ ਲੱਗੇ, ਸਭ ਦਾ ਇੱਕੋ ਮੱਤ ਹੈ ਕਿ ਇਸ ਘਟਨਾ ਨਾਲ ਉਹਨਾਂ ਸਭ ਦੀ ਨਜ਼ਰ ਵਿਚ ਬਾਦਲ ਜੀ ਦਾ ਕੱਦ ਘਟਿਆ ਹੈ ਤੇ ਸਦੀਕ ਦਾ ਉੱਚਾ ਹੋਇਆ ਹੈ! ਮੈਂ ਕਲਮ ਦੀ ਸਹੁੰ ਖਾ ਕੇ ਪੂਰੀ ਈਮਾਨਦਾਰੀ ਨਾਲ ਆਖਦਾ ਹਾਂ ਕਿ ਜੇ ਇਸ ਕਿੱਸੇ ਦਾ ਕਰਤਾ ਮੈਂ ਹੋਵਾਂ, ਵਿਧਾਨ ਸਭਾ ਦੇ ਅਗਲੇ ਸਮਾਗਮ ਵਿਚ ਸਦੀਕ ਤੋਂ ਅਤੇ ਉਸ ਰਾਹੀਂ ਸਮੂਹ ਲੇਖਕਾਂ ਤੇ ਕਲਾਕਾਰਾਂ ਅਤੇ ਆਮ ਪੰਜਾਬੀਆਂ ਤੋਂ ਮਾਫ਼ੀ ਮੰਗ ਲਵਾਂ। ਜੇ ਮਾਫ਼ੀ ਮੰਗਣ ਦਾ ਜੇਰਾ ਨਾ ਵੀ ਕਰ ਸਕਾਂ, ਇਹ ਜ਼ਰੂਰ ਕਹਿ ਦੇਵਾਂ, ਸਦੀਕ, ਭਾਈ, ਜੋ ਕੁਛ ਹੋਇਆ, ਉਸਦਾ ਮੈਨੂੰ ਬਹੁਤ ਅਫ਼ਸੋਸ ਹੈ, ਤੂੰ ਵੀ ਭੁੱਲ ਜਾ!

ਅੰਤ ਵਿਚ ਇਹ ਸਵਾਲ ਮਨ ਵਿਚ ਆਉਂਦਾ ਹੈ ਕਿ ਜੇ ਅੱਜ ਸਾਡੀ ਕਵਿਤਾ ਦੇ ਉੱਚੇ ਝੂਲਦੇ ਪਰਚਮ ਮੋਹਨ ਸਿੰਘ ਹੁੰਦੇ, ਉਹ ਇਸ ਘਟਨਾ ਮਗਰੋਂ ਆਪਣੀ ਇਸ ਗ਼ਜ਼ਲ ਵਿਚ ਹੋਰ ਕਿਹੜੇ ਸ਼ਿਅਰ ਜੋੜ ਕੇ ਇਸ ਨੂੰ ਮੁਕੰਮਲ ਕਰਦੇ! ਸ਼ਬਦ ਦੇ ਗਹਿਰੇ ਸਾਗਰ ਦੇ ਥੱਲੇ ਤੋਂ ਅਜਿਹੇ ਅਨਮੋਲ ਮੋਤੀ ਤਾਂ ਉਸਤਾਦ ਸ਼ਾਇਰ ਮੋਹਨ ਸਿੰਘ ਹੀ ਕੱਢ ਕੇ ਲਿਆ ਸਕਦਾ ਸੀ:

**ਭਾਰਤ ਹੈ ਵਾਂਗ ਮੁੰਦਰੀ,**
**ਵਿਚ ਨਗ ਪੰਜਾਬ ਦਾ,**
**ਭਾਰਤ ਹੈ ਜੇ ਸ਼ਰਾਬ,**
**ਇਹ ਨਸ਼ਾ ਸ਼ਰਾਬ ਦਾ।**
**ਆਉਣ ਨੂੰ ਤਾਂ ਜਵਾਨੀਆਂ**
**ਹਰ ਇਕ 'ਤੇ ਆਉਂਦੀਆਂ,**
**ਪਰ ਹੋਰ ਹੀ ਹਿਸਾਬ ਹੈ**
**ਸਾਡੇ ਸ਼ਬਾਬ ਦਾ।**
**ਗੰਗਾ ਬਣਾਵੇ ਦੇਵਤੇ**
**ਤੇ ਜਮੁਨਾ ਦੇਵੀਆਂ,**
**ਆਸ਼ਿਕ ਮਗਰ ਬਣਾ ਸਕੇ**
**ਪਾਣੀ ਚਨਾਬ ਦਾ।**
**ਪੰਜਾਬੀਓ ਨਾ ਨੀਂਵੀਂਆਂ**
**ਗੱਲਾਂ ਦੀ ਤੱਕ ਰੱਖੋ,**
**ਹੁੰਦਾ ਕਦੀ ਨਾ ਆਲ੍ਹਣਾ**
**ਝਿੱਕਾ ਉਕਾਬ ਦਾ।**
**ਭਾਈਆਂ ਤੇ ਪੰਡਿਤਾਂ ਦੀਆਂ**
**ਗੱਲਾਂ 'ਤੇ ਨਾ ਖਪੋ,**
**ਕੀਤਾ ਇਹਨਾਂ ਨੇ ਕੰਮ ਕਦੋਂ**
**ਹੈ ਸਵਾਬ ਦਾ।**
**ਮਿਟ ਜਾਣ ਆਪੇ ਬ**
**ਲੀਆਂ ਵਰਣਾਂ ਦੇ ਵਿਤਕਰੇ,**
**ਮਰਦਾਨੇ ਵਾਂਗ ਛੇੜੀਏ**
**ਜੇ ਸੁਰ ਰਬਾਬ ਦਾ।**
**ਉੱਠੋ ਕਿ ਉੱਠ ਕੇ**
**ਦੇਸ ਦਾ ਮੂੰਹ-ਮੱਥਾ ਡੌਲੀਏ,**
**ਮੁੜ ਕੇ ਪੰਜਾਬ ਸਾਜੀਏ**
**ਨਾਨਕ ਦੇ ਖ਼ਾਬ ਦਾ।**
**ਪਤਾਲਾਂ ਤੋਂ ਲਿਆਈਏ**
**ਮੁੜ ਕੱਢ ਕੇ ਮਨੀ,**
**ਅਸਮਾਨ ਉੱਤੋਂ ਲਾਹੀਏ**
**ਰਤਨ ਆਫ਼ਤਾਬ ਦਾ।**
**ਪੱਤਝੜ ਤੋਂ ਬਚਾਈਏ**
**ਧਰਤੀ ਪੰਜਾਬ ਦੀ,**
**ਖੇੜੇ ਦੇ ਵਿਚ ਲਿਆਈਏ**
**ਮੁੜ ਫੁੱਲ ਗੁਲਾਬ ਦਾ!**

ਵਰਤਮਾਨ ਦੌਰ ਦੀ ਪੰਜਾਬੀ ਕਵਿਤਾ ਦਾ ਮੋਹਨ ਸਿੰਘ ਨਾਂ ਦਾ ਉਹ ਸੂਰਜ ਤਾਂ ਦੁਮੇਲ ਦੇ ਓਹਲੇ ਹੋ ਗਿਆ। ਸੂਰਜ ਦੀ ਗ਼ੈਰਹਾਜ਼ਰੀ ਵਿਚ ਦੀਵੇ ਵਿਤ ਅਨੁਸਾਰ ਚਾਨਣ ਦਾ ਜਤਨ ਕਰਦੇ ਰਹਿਣ ਦਾ ਉਸ ਨੂੰ ਦਿੱਤਾ ਆਪਣਾ ਵਚਨ ਸਦਾ ਤੋਂ ਨਿਭਾਉਂਦੇ ਆਏ ਹਨ। ਗ਼ਜ਼ਲ ਦੀ ਸੰਪੂਰਨਤਾ ਦਾ ਮੇਰਾ ਨਿਮਾਣਾ ਜਿਹਾ ਜਤਨ ਹਾਜ਼ਰ ਹੈ:

**ਅੱਖਰਾਂ ਨੂੰ ਪੂਜਦਾ ਸੀ,**
**ਹੇਕ ਸੁਣ ਕੇ ਝੂਮਦਾ,**
**ਹਸ਼ਰ ਕੀ ਪੰਜਾਬ**
**ਹੁਣ ਖਾਨਾ-ਖ਼ਰਾਬ ਦਾ।**

**ਕਲਾ ਦੀਆਂ ਕੀਮਤਾਂ ਤੇ**
**ਮੁੱਲ ਸਭਿਆਚਾਰ ਦਾ,**
**ਊਣਿਆਂ ਨੂੰ ਕੀ ਪਤਾ**
**ਪੂਰੇ ਹਿਸਾਬ ਦਾ।**

**ਬੋਲ ਬਾਬੇ ਦੇ**
**ਇਥੇ ਹੁਣ ਕੌਣ ਪੂਜਦਾ,**
**ਮਰਦਾਨਿਆ ਕੋਈ ਸਰੋਤਾ**
**ਰਿਹਾ ਨਾ ਰਬਾਬ ਦਾ।**

**ਹੱਤਕ ਗ਼ਜ਼ਲਕਾਰ ਦੀ,**
**ਅਪਮਾਨ ਗਾਇਕ ਦਾ,**
**ਕਿੱਥੇ ਗਿਆ ਸੁਚੱਜ**
**ਉਹ ਅਦਬ-ਅਦਾਬ ਦਾ।**

**ਹਰ ਅੱਖਰ ਮੋਹਨ ਦਾ**
**ਹੀਰਾ ਪੰਨਾ ਲਾਲ ਮੋਤੀ,**
**ਜੌਹਰੀਆਂ ਤੋਂ ਬਾਝ ਹੋਇਆ**
**ਕੌਡੀਆਂ ਦੀ ਬਾਬ ਦਾ।**

**ਦੁੱਧ ਸੀ ਦਸਤਾਰ**
**ਸ਼ੁਮਲੇਦਾਰ ਗੁਣੀ ਗਾਇਕ ਦੀ,**
**ਬੁੱਕ ਗਾਰਾ ਪੈ ਗਿਆ**
**ਸਿਆਸੀ ਅਜ਼ਾਬ ਦਾ!**

ਸਦੀਕ ਦੇ ਮੂੰਹੋਂ ਮੋਹਨ ਸਿੰਘ ਦੀ ਗ਼ਜ਼ਲ ਪੂਰੀ ਹੋਣ ਪਿੱਛੋਂ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਵੈਣ ਪਾਉਣ ਦੀ ਵੀ ਫ਼ਰਮਾਇਸ਼ ਕੀਤੀ ਸੀ। ਸ਼ਾਇਦ ਸ਼ਬਦ-ਕਲਾ ਅਤੇ ਗਾਇਣ-ਕਲਾ ਨੂੰ ਆਸ ਅਨੁਸਾਰ ਸਤਿਕਾਰ ਮਿਲਣ ਦੀ ਥਾਂ ਅਚਾਨਕ ਤ੍ਰਿਸਕਾਰੇ ਤੇ ਦੁਰਕਾਰੇ ਜਾਣ ਕਾਰਨ ਬੌਂਦਲਿਆ ਤੇ ਭਮੱਤਰਿਆ ਸਦੀਕ ਇਹ ਫ਼ਰਮਾਇਸ਼ ਪੂਰੀ ਨਹੀਂ ਸੀ ਕਰ ਸਕਿਆ। ਇਸ ਕਰਕੇ ਇਹ ਅੰਤਲਾ ਸ਼ਿਅਰ ਤੂੰਬੀ ਵਾਲੇ ਸਦੀਕ ਅਤੇ ਕਿਤਾਬ ਵਾਲੇ ਮੋਹਨ ਸਿੰਘ ਦਾ ਧਿਆਨ ਧਰਦਿਆਂ ਮੇਰੇ ਵੱਲੋਂ ਉਚੇਚੇ ਤੌਰ ਉੱਤੇ ਬਾਦਲ ਸਾਹਿਬ ਦੇ ਬਜ਼ੁਰਗ ਚਰਨਾਂ ਵਿਚ ਭੇਟ ਹੈ:

**ਬਹਿ ਕੇ ਆਓ ਵੈਣ ਪਾਈਏ,**
**ਕਲਾ ਵਾਲੇ ਦੋਸਤੋ,**
**ਸਰਕਾਰੀ ਸੱਥਰ ਵਿਛ ਗਿਆ**
**ਤੂੰਬੀ, ਕਿਤਾਬ ਦਾ!**

# .ਗ਼ਦਰੀ ਸੋਚ, ਤਬਦੀਲੀ ਤੇ ਪਰਵਾਸੀ



**ਭੀਮ ਇੰਦਰ ਸਿੰਘ**

ਭੀਮ ਇੰਦਰ ਸਿੰਘ ਮਾਰਕਸੀ ਪ੍ਰੰਪਰਾ ਨੂੰ ਸਮਾਜਿਕ, ਰਾਜਨੀਤਕ ਅਤੇ ਸਭਿਆਚਾਰਕ ਖੇਤਰ ਵਿਚ ਪ੍ਰਫੁੱਲਤ ਕਰਨ ਲਈ ਵਿਸ਼ੇਸ਼ ਯੋਗਦਾਨ ਪਾ ਰਹੇ ਹਨ। ਇਨ੍ਹਾਂ ਦੀ ਲੇਖਣੀ ਇਕ ਤਬਦੀਲੀ ਵਲ ਸੰਕੇਤ ਕਰਦੀ ਹੈ

**ਦੇਸੋਂ ਪੈਣ ਧੱਕੇ ਬਾਹਰ ਮਿਲੇ ਢੋਈ ਨਾ।**
**ਸਾਡਾ ਪਰਦੇਸੀਆਂ ਦਾ ਦੇਸ ਕੋਈ ਨਾ।**

ਗ਼ਦਰ ਕਾਵਿ ਦੀਆਂ ਉਪਰੋਕਤ ਸਤਰਾਂ ਪਰਦੇਸੀਂ ਗਏ ਪੰਜਾਬੀਆਂ ਦੀ ਪੀੜ ਦੀ ਪੇਸ਼ਕਾਰੀ ਹਨ। ਪਰਵਾਸ ਦੇ ਮੁੱਢਲੇ ਦੌਰ ਵਿੱਚ ਗਏ ਇਨ੍ਹਾਂ ਪੰਜਾਬੀਆਂ ਦਾ ਪਹਿਲਾ ਮਸਲਾ ਆਪਣੇ ਘਰ, ਪਿੰਡ, ਸ਼ਹਿਰ ਤੇ ਦੇਸ਼ ਤੋਂ ਬੇਵਤਨੇ ਹੋਣਾ ਸੀ। ਬੇਵਤਨੇ ਹੋਣ ਦਾ ਬੁਨਿਆਦੀ ਕਾਰਨ ਪੰਜਾਬ ਉੱਪਰ ਅੰਗਰੇਜ਼ੀ ਸਾਮਰਾਜ ਦਾ ਕਬਜ਼ਾ ਸੀ। ਇਸ ਕਬਜ਼ੇ ਨੇ ਇੱਥੋਂ ਦੀਆਂ ਆਰਥਿਕ, ਸਮਾਜਿਕ, ਸਿਆਸੀ, ਸੱਭਿਆਚਾਰਕ, ਪ੍ਰਬੰਧਕ ਆਦਿ ਨੀਤੀਆਂ ਵਿੱਚ ਤਬਦੀਲੀਆਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਸੀ। ਪੰਜਾਬ ਦੀ ਸਦੀਆਂ ਪੁਰਾਣੀ ਜਗੀਰੂ ਆਤਮ-ਨਿਰਭਰ ਆਰਥਿਕਤਾ ਨੂੰ ਇੰਗਲੈਂਡ ਦੀ ਪੂੰਜੀਵਾਦੀ ਆਰਥਿਕਤਾ ਦੀਆਂ ਲੋੜਾਂ ਨਾਲ ਜੋੜ ਦਿੱਤਾ ਸੀ। ਨਤੀਜੇ ਵਜੋਂ, ਉਨ੍ਹੀਵੀਂ ਸਦੀ ਦੇ ਅਖ਼ੀਰ ਤੱਕ ਜ਼ਮੀਨੀ ਸੁਧਾਰਾਂ ਦੇ ਨਾਂ 'ਤੇ ਨਵੇਂ ਕਾਨੂੰਨ ਬਣਾਏ ਗਏ। ਇਨ੍ਹਾਂ ਕਾਨੂੰਨਾਂ ਰਾਹੀਂ ਪੰਜਾਬ ਦੀ ਕਿਸਾਨੀ ਨੂੰ ਮਾਮਲਿਆਂ, ਆਬਿਆਨਿਆਂ ਤੇ ਕਰਜ਼ਿਆਂ ਵਿੱਚ ਡੁੱਬ ਜਾਣ ਲਈ ਮਜਬੂਰ ਹੋਣਾ ਪਿਆ। ਕਾਲ, ਪਲੇਗ ਤੇ ਘੋਰ ਗਰੀਬੀ ਨੇ ਪੰਜਾਬੀਆਂ ਦਾ ਜਿਉਣਾ ਔਖਾ ਕਰ ਦਿੱਤਾ। ਕਿਸਾਨਾਂ ਦੀ ਸ਼ਾਹੂਕਾਰੇ 'ਤੇ ਨਿਰਭਰਤਾ ਵਧਣ ਲੱਗੀ। ਪੰਜਾਬ ਵਿੱਚ 'ਗੁਰੂ ਬਿਨਾਂ ਗੱਤ ਨਹੀਂ; ਸ਼ਾਹ ਬਿਨਾਂ ਪੱਤ ਨਹੀਂ" ਵਰਗੇ ਅਖਾਣ ਪ੍ਰਚੱਲਿਤ ਹੋਣ ਲੱਗੇ। ਕਰਜ਼ਾ ਉਤਾਰਨ ਲਈ ਜ਼ਮੀਨਾਂ ਬੈ ਤੇ ਗਹਿਣੇ ਹੋਣ ਲੱਗੀਆਂ। ਇੱਕ ਅਨੁਮਾਨ ਅਨੁਸਾਰ 1901 ਤੱਕ ਕਿਸਾਨੀ ਦੀ 4 ਲੱਖ 13 ਹਜ਼ਾਰ ਏਕੜ ਜ਼ਮੀਨ ਵਿਕ ਗਈ ਤੇ 1909 ਤੱਕ ਤਕਰੀਬਨ ਢਾਈ ਕਰੋੜ ਏਕੜ ਗਹਿਣੇ ਪੈ ਗਈ। ਪੰਜਾਬ ਦੇ ਛੋਟੇ ਕਿਸਾਨ, ਮੁਜਾਰੇ, ਦਸਤਕਾਰ ਤੇ ਮਜ਼ਦੂਰਾਂ ਦੀ ਮੰਦੀ ਹਾਲਤ ਹੋ ਗਈ। ਪੰਜਾਬ ਦਾ ਆਤਮ-ਨਿਰਭਰ ਅਰਥਚਾਰਾ ਖੇਰੂੰ-ਖੇਰੂੰ ਹੋ ਗਿਆ। ਗ਼ਦਰੀ ਕਵੀਆਂ ਨੇ ਇਸ ਖੇਰੂੰ-ਖੇਰੂੰ ਹੋ ਰਹੇ ਅਰਥਚਾਰੇ ਦਾ ਗੰਭੀਰ ਨੋਟਿਸ ਲਿਆ:

ਹਿੰਦ ਦਾ ਵਪਾਰ ਕਾਰ ਰੋੜ੍ਹਿਆ ਜਹਾਨ ਉੱਤੋਂ, ਆਪਣਾ ਵਪਾਰ ਅਸਮਾਨ 'ਤੇ ਚੜ੍ਹਾ ਲਿਆ। ਘੱਟ ਨਾ ਗੁਜ਼ਾਰੀ ਮਾਰ ਧਾੜ ਕੀਤੀ ਹਿੰਦ ਵਿੱਚ, ਓਹਲੇ-ਓਹਲੇ ਧਨ ਇੰਗਲੈਂਡ ਨੂੰ ਪੁਚਾ ਲਿਆ।

ਭਾਰਤ ਤੇ ਪੰਜਾਬ ਦੀ ਵਾਧੂ ਪੂੰਜੀ ਇੰਗਲੈਂਡ ਵਿੱਚ ਜਾਣ ਕਾਰਨ ਪੰਜਾਬ ਦੀ ਕਿਸਾਨੀ ਦਾ ਸੰਕਟ ਗਹਿਰਾ ਹੁੰਦਾ ਗਿਆ। ਪੰਜਾਬ ਦੀ ਕਿਸਾਨੀ ਦੀ ਇਸ ਮਜਬੂਰੀ ਦਾ ਲਾਭ ਅੰਗਰੇਜ਼ ਸਾਮਰਾਜ ਨੇ ਉਨ੍ਹਾਂ ਨੂੰ ਫੌਜ ਵਿੱਚ ਭਰਤੀ ਕਰਕੇ ਉਠਾਇਆ।

ਇਸ ਸਮੇਂ ਦੌਰਾਨ ਭਰਤੀ ਕੀਤੇ ਗਏ ਪੰਜਾਬੀਆਂ ਨੇ ਅੰਗਰੇਜ਼ ਰਾਜ ਦੇ ਪਾਸਾਰ ਲਈ ਕਈ ਜ਼ਬਰਦਸਤ ਲੜਾਈਆਂ ਲੜੀਆਂ। ਅੰਗਰੇਜ਼ ਸਰਕਾਰ ਦੀਆਂ ਸਾਮਰਾਜੀ ਲੋੜਾਂ ਨੂੰ ਪੂਰਾ ਕਰਨ ਲਈ ਅਤੇ ਗੁਲਾਮ ਦੇਸ਼ਾਂ 'ਤੇ ਆਪਣਾ ਕਬਜ਼ਾ ਬਣਾਈ ਰੱਖਣ ਲਈ ਅੰਗਰੇਜ਼ ਹਕੂਮਤ ਸਿੱਖ ਫੌਜੀਆਂ ਨੂੰ ਸਿੰਗਾਪੁਰ, ਬਰਮਾ, ਮਲਾਇਆ, ਹਾਂਗਕਾਂਗ, ਮਿਸਰ, ਪੂਰਬੀ ਅਫ਼ਰੀਕਾ ਆਦਿ ਥਾਵਾਂ 'ਤੇ ਭੇਜਦੀ ਰਹੀ। ਪਰ ਫੌਜ ਦੀ ਨੌਕਰੀ ਪੰਜਾਬੀ ਕਿਸਾਨੀ ਨੂੰ ਸਮੁੱਚੇ ਤੌਰ 'ਤੇ ਆਰਥਿਕ ਮੰਦਹਾਲੀ 'ਚੋਂ ਨਾ ਕੱਢ ਸਕੀ।

ਇਸ ਸਮੇਂ ਦੌਰਾਨ ਅਮਰੀਕਾ, ਕੈਨੇਡਾ ਤੇ ਆਸਟਰੇਲੀਆ ਵਿੱਚ ਪੂੰਜੀਵਾਦ ਵਿਕਾਸ ਨੇ ਰਫ਼ਤਾਰ ਫੜਨੀ ਆਰੰਭ ਕੀਤੀ। ਇਨ੍ਹਾਂ ਮੁਲਕਾਂ ਦੀ ਸਰਮਾਏਦਾਰੀ ਨੂੰ ਘੱਟ ਉਜਰਤਾਂ 'ਤੇ ਕੰਮ ਕਰਨ ਵਾਲੀ ਲੇਬਰ ਦੀ ਲੋੜ ਪਈ। ਇਸ ਲੋੜ ਨੂੰ ਭਾਰਤੀ/ ਪੰਜਾਬੀ ਕਿਸਾਨੀ ਨੇ ਪੂਰਾ ਕਰਨ ਦੇ ਯਤਨ ਆਰੰਭ ਦਿੱਤੇ। ਅਨੇਕਾਂ ਫੌਜੀ ਫੌਜ ਵਿੱਚੋਂ ਨਾਂ ਕਟਾ ਕੇ ਵੱਧ ਤਨਖਾਹ ਦੇ ਲਾਲਚ ਵਿੱਚ ਇਨ੍ਹਾਂ ਮੁਲਕਾਂ ਵਿੱਚ ਜਾਣ ਲੱਗੇ। ਇਸ ਦਾ ਪ੍ਰਮੁੱਖ ਕਾਰਨ ਇਹ ਸੀ ਕਿ ਫੌਜ ਦੀ ਨੌਕਰੀ ਵਿੱਚ ਮਹੀਨੇ ਦੀ ਤਨਖ਼ਾਹ ਲਗਪਗ ਦਸ ਰੁਪਏ ਹੀ ਸੀ। ਪਰ ਇਥੇ ਇਹ ਰੋਜ਼ਾਨਾ ਪੰਜ ਤੋਂ ਸੱਤ ਰੁਪਏ ਕਮਾ ਸਕਦੇ ਸਨ। ਸਿੱਟੇ ਵਜੋਂ 1911 ਵਿੱਚ ਕੈਨੇਡਾ ਵਿੱਚ 2312 ਹਿੰਦੂ ਸਨ ਤੇ ਅਮਰੀਕਾ ਵਿੱਚ 30 ਹਜ਼ਾਰ ਦੇ ਕਰੀਬ ਹਿੰਦੂਆਂ ਦੀ ਗਿਣਤੀ ਸੀ। ਕਿਸਾਨ ਤੋਂ ਮਜ਼ਦੂਰ ਬਣੇ ਪੰਜਾਬੀ ਇਥੇ ਰੋਜ਼ਾਨਾ ਹੱਡ ਭੰਨਵੀਂ ਮਿਹਨਤ ਕਰਦੇ ਸਨ। ਇਸ ਦੇ ਬਾਵਜੂਦ ਇਹ ਨਸਲੀ ਵਿਤਕਰਿਆਂ ਦੇ ਸ਼ਿਕਾਰ ਵੀ ਹੁੰਦੇ ਸਨ। ਆਪਣੀ ਇਸ ਔਖੀ ਜ਼ਿੰਦਗੀ ਦੀ ਦਾਸਤਾਨ ਨੂੰ ਗ਼ਦਰੀ ਕਵਿਤਾ ਨੇ ਇਸ ਤਰ੍ਹਾਂ ਬਿਆਨ ਕੀਤਾ:

**ਆਲੂ ਪੁੱਟਿਆਂ ਤੋਂ ਪੈਸੇ ਜੁੜੇ ਨਹੀਂ,**
**ਗੋਡੀ ਕਰਦਿਆਂ ਗੋਡੇ ਲਾਲ ਹੋ ਗਏ।**
**ਪੈਸਾ ਜੁੜੇ ਨਾ ਨਾਲ ਮਜ਼ਦੂਰੀਆਂ ਦੇ,**
**ਝਿੜਕਾਂ ਸਹਿੰਦਿਆਂ ਨੂੰ ਕਈ ਸਾਲ ਹੋ ਗਏ।**
**ਕੀ ਖੱਟਿਆ ਜੇ ਅਮਰੀਕਾ ਵਿੱਚ ਆ ਕੇ,**
**ਦੇਸ ਛੱਡਿਆਂ ਨੂੰ ਕਈ ਸਾਲ ਹੋ ਗਏ।**
**ਕੁਲੀ ਕੁਲੀ ਕਹਿ ਕੇ ਦੁਨੀਆਂ ਨੱਕ ਚਾੜ੍ਹਦੇ,**
**ਵੀਰੋ ਅਸੀਂ ਬੇਸ਼ਰਮ ਕਮਾਲ ਹੋ ਗਏ।**
**ਹੋਵੇ ਅਣਖ ਤੇ ਸਮਝੀਏ ਝੱਟ ਸੈਨਤ,**
**ਡੰਡੇ ਖਾਂਦਿਆਂ ਦੇ ਢੂਡਰ ਲਾਲ ਹੋ ਗਏ।**

ਅਮਰੀਕਾ ਵਿੱਚ ਵੱਧ ਹਿੰਦੁਸਤਾਨੀਆਂ ਤੇ ਪੰਜਾਬੀਆਂ ਦੇ ਜਾਣ ਦੇ ਪ੍ਰਮੁੱਖ ਕਾਰਨ ਵੀ ਆਰਥਿਕ ਸਨ। ਅਮਰੀਕਨ ਸਰਮਾਏਦਾਰਾਂ ਨੂੰ ਹਿੰਦੁਸਤਾਨ ਵੱਡੀ ਮੰਡੀ ਦੇ ਰੂਪ ਵਿੱਚ ਦਿਖਾਈ ਦੇ ਰਿਹਾ ਸੀ। ਇਸ ਮਕਸਦ ਲਈ ਅਮਰੀਕਨ ਸਰਮਾਏਦਾਰੀ ਨੇ ਭਾਰਤ ਦੀ ਨਵੀਂ ਉਠ ਰਹੀ ਸਰਮਾਏਦਾਰ ਜਮਾਤ ਵੱਲ ਕਦਮ ਵਧਾਏ ਸਨ। ਸਿੱਟੇ ਵਜੋਂ ਅਮਰੀਕਨ ਪ੍ਰੈਸ ਵਿੱਚ ਹਿੰਦੁਸਤਾਨ ਦੀ ਕੌਮੀ ਆਜ਼ਾਦੀ ਦੀ ਲਹਿਰ ਦੀ ਪ੍ਰਸੰਸਾ ਹੋਣੀ ਆਰੰਭ ਹੋਈ। ਇਸ ਤੋਂ ਇਲਾਵਾ ਅਮਰੀਕਨ ਪ੍ਰੈਸ ਦੁਆਰਾ ਅੰਗਰੇਜ਼ ਸਾਮਰਾਜ ਦੇ ਜ਼ੁਲਮ ਦੀ ਕਹਾਣੀ ਨੂੰ ਵੀ ਪ੍ਰਮੁੱਖਤਾ ਨਾਲ ਛਾਪਣਾ ਆਰੰਭ ਕੀਤਾ ਗਿਆ। ਅਮਰੀਕਾ ਵੱਲੋਂ ਹਿੰਦੁਸਤਾਨੀਆਂ ਨੂੰ ਪੜ੍ਹਨ-ਪੜ੍ਹਾਉਣ ਦੇ ਵੀ ਸੱਦੇ ਦਿੱਤੇ ਗਏ। ਅਮਰੀਕਾ ਦੇ ਵੱਡੇ ਸ਼ਹਿਰ ਸ਼ਿਕਾਗੋ ਤੇ ਨਿਊਯਾਰਕ ਹਿੰਦੁਸਤਾਨ ਦੀ ਮੰਡੀ ਵਿੱਚ ਆਪਣਾ ਪੈਰ ਜਮਾਉਣਾ ਚਾਹੁੰਦੇ ਸਨ। ਇਸ ਸਮੇਂ ਦੌਰਾਨ ਹੀ ਕਈ ਇੰਡੋ-ਅਮਰੀਕਨ ਸਭਾਵਾਂ ਤੇ ਸੰਸਥਾਵਾਂ ਹੋਂਦ ਵਿੱਚ ਆਈਆਂ। ਇਨ੍ਹਾਂ ਸੰਸਥਾਵਾਂ ਵਿੱਚ ਸ਼ਾਮਲ ਕਾਰਕੁਨ ਗ਼ਦਰੀ ਛੇਤੀ ਹੀ ਅੰਗਰੇਜ਼ ਸਾਮਰਾਜ ਦੇ ਕੱਟੜ ਵਿਰੋਧੀ ਬਣ ਗਏ ਤੇ ਗ਼ਦਰ ਮਚਾਉਣ ਲਈ ਉਤਾਵਲੇ ਹੋਣ ਲੱਗੇ:

**ਸਾਡੇ ਵੀਰਨੋ ਤੁਸਾਂ ਬੇਖ਼ਤਰ ਰਹਿਣਾ,**
**ਅਸੀਂ ਆਪਣੇ ਹੱਥ ਦਿਖਾ ਦਿਆਂਗੇ।**
**ਅਸੀਂ ਤਲੀ ਪੁਰ ਰੱਖਿਆ ਸੀਸ ਆਪਣਾ,**
**ਕੇਰਾਂ ਹਿੰਦ ਵਿੱਚ ਗ਼ਦਰ ਮਚਾ ਦਿਆਂਗੇ।**


ਗ਼ਦਰੀਆਂ ਦਾ ਇਹ ਉਤਾਵਲਾਪਨ ਛੇਤੀ ਹੀ ਇਨਕਲਾਬੀ ਸਿਆਸਤ ਦਾ ਸਰੂਪ ਧਾਰ ਗਿਆ। ਇਸ ਸਰੂਪ ਕਾਰਨ ਹੀ 1 ਨਵੰਬਰ 1913 ਨੂੰ ਗ਼ਦਰ ਪਾਰਟੀ ਦੀ ਸਥਾਪਨਾ ਹੋਈ। ਅਮਰੀਕਾ ਤੋਂ ਇਲਾਵਾ ਕੈਨੇਡਾ ਵਿੱਚ ਵੀ ਪੰਜਾਬੀਆਂ ਨੂੰ ਪਰਵਾਸ ਦੌਰਾਨ ਅਨੇਕ ਤਰ੍ਹਾਂ ਦੀਆਂ ਤੰਗੀਆਂ ਤੇ ਸੰਕਟਾਂ ਦਾ ਸਾਹਮਣਾ ਕਰਨਾ ਪਿਆ। ਆਪਣੇ ਪਰਿਵਾਰ ਤੇ ਆਪਣੀ ਮਿੱਟੀ ਤੋਂ ਦੂਰ ਦਾ ਵਿਗੋਚਾ, ਨਸਲੀ ਦਬਾਓ ਆਦਿ ਨੇ ਇਨ੍ਹਾਂ ਨੂੰ ਇਕੱਠਿਆਂ ਰਹਿਣ ਲਈ ਮਜਬੂਰ ਕਰ ਦਿੱਤਾ। ਗ਼ਦਰੀਆਂ ਨੂੰ ਨਸਲੀ ਵਿਤਕਰੇ ਦੀਆਂ ਜੜ੍ਹਾਂ ਵੀ ਦੇਸ਼ ਦੀ ਗੁਲਾਮੀ 'ਚੋਂ ਪ੍ਰਤੀਤ ਹੋਣ ਲੱਗੀਆਂ:

**ਅਸੀਂ ਵਤਨ ਵਾਲੇ ਪਰਦੇਸ ਰੁਲਦੇ,**
**ਇਹ ਫਰੰਗ ਸਾਡਾ ਦੇਸ ਮੱਲ ਗਿਆ ਜੇ।**

ਦੇਸ਼ ਦੀ ਗੁਲਾਮੀ ਤੇ ਜ਼ਿੰਦਗੀ ਦੀ ਜ਼ਿੱਲਤ ਨੇ ਗ਼ਦਰੀਆਂ ਵਿੱਚ ਸਿਆਸੀ ਸੂਝ ਪੈਦਾ ਕਰਨ ਵਿੱਚ ਅਹਿਮ ਯੋਗਦਾਨ ਪਾਇਆ। ਗ਼ਦਰ ਪਾਰਟੀ ਦੇ ਲੀਡਰ ਲਾਲਾ ਹਰਦਿਆਲ ਜੋ ਬਰਕਲੇ ਯੂਨੀਵਰਸਿਟੀ ਵਿੱਚ ਪ੍ਰੋਫ਼ੈਸਰ ਸਨ, ਨੇ ਗ਼ਦਰੀਆਂ ਦੀ ਸਿਆਸੀ ਸੂਝ ਨੂੰ ਹੋਰ ਤਿੱਖਾ ਕਰ ਦਿੱਤਾ। ਇਸ ਤੋਂ ਇਲਾਵਾ ਹਿੰਦੁਸਤਾਨ ਵਿੱਚ ਚੱਲ ਰਹੇ ਕੌਮੀ ਮੁਕਤੀ ਦੇ ਅੰਦੋਲਨਾਂ ਵਿੱਚੋਂ ਆਉਣ ਵਾਲੇ ਗ਼ਦਰੀਆਂ ਦੀ ਵੀ ਗ਼ਦਰ ਲਹਿਰ ਨੂੰ ਪ੍ਰਫੁੱਲਤ ਕਰਨ ਵਿੱਚ ਵੱਡੀ ਦੇਣ ਹੈ। ਗ਼ਦਰੀ-ਕਾਵਿ ਨੇ ਪੰਜਾਬੀਆਂ ਨੂੰ ਪਰਦੇਸ ਵਿੱਚ ਬੈਠਿਆਂ ਆਪਣੇ ਸੱਭਿਆਚਾਰ ਦਾ ਗੌਰਵ, ਅਣਖ ਦੀ ਭਾਵਨਾ, ਏਕਤਾ ਦਾ ਮਹੱਤਵ ਤੇ ਹਥਿਆਰਬੰਦ-ਟੱਕਰ ਦੀ ਮਹੱਤਤਾ ਬਾਰੇ ਚਾਨਣਾ ਪਾਉਣ ਵਿੱਚ ਕੋਈ ਕਸਰ ਬਾਕੀ ਨਾ ਛੱਡੀ। ਕੈਨੇਡਾ ਦੇ ਗ਼ਦਰੀ ਕਵੀ ਇਸ ਮਹੱਤਤਾ ਦਾ ਪ੍ਰਗਟਾਵਾ ਇਸ ਤਰ੍ਹਾਂ ਕਰ ਰਹੇ ਹਨ:

**ਹਿੰਦੀ ਰਹਿਣਗੇ ਵਿੱਚ ਕਨੇਡੜੇ ਦੇ,**
**ਆਓ ਗੱਜ ਕੇ ਪੱਕ ਵਖਾ ਦੇਈਏ।**
**ਆਓ ਬੀਜ ਪੈਲੀ ਝੁੱਗੀ ਪਾ ਲਈਏ,**
**ਕਰਕੇ ਟਾਕਰੇ ਸੱਚ ਸੁਣਾ ਦੇਈਏ।**
**ਹੱਸ ਦੇਖਣ ਸਾਨੂੰ ਹਰਦੇ,**
**ਵਿੱਚ ਹਿੰਦੀ ਕਨੇਡਾ ਮਰਦੇ।**

ਗ਼ਦਰੀ ਕਾਵਿ ਦੀਆਂ ਇਹ ਸਤਰਾਂ ਪਰਦੇਸੀ ਵਸੇ ਪੰਜਾਬੀਆਂ ਦੀ ਸੰਕਟਮਈ ਦਾਸਤਾਨ ਦੀ ਪੇਸ਼ਕਾਰੀ ਹਨ। ਇਹ ਕਵਿਤਾ ਪਰਵਾਸੀ ਗ਼ਦਰੀਆਂ ਦੀ ਉਸ ਮਨੋਦਸ਼ਾ ਨੂੰ ਪ੍ਰਗਟ ਕਰਦੀ ਹੈ ਜੋ ਸਮਾਜਿਕ ਤੇ ਸਿਆਸੀ ਦਬਾਵਾਂ ਵਿੱਚ ਬੜਬੜਾਉਂਦਾ ਹੈ। ਇਹੋ ਕਾਰਨ ਹੈ ਕਿ ਡਾ. ਕੇਸਰ ਸਿੰਘ ਕੇਸਰ ਨੇ ਇਸ ਕਵਿਤਾ ਨੂੰ ਰੁਦਨ ਨਹੀਂ ਸਗੋਂ ਬੜਬੜਾਹਟ ਦੀ ਸੰਗਿਆ ਦਿੱਤੀ ਹੈ। ਇਹ ਕਵਿਤਾ




ਪਰਵਾਸੀ ਪੰਜਾਬੀਆਂ ਦੇ ਬਾਹਰੀ ਆਰਥਿਕ ਪ੍ਰਬੰਧ ਦੀ ਜਕੜ ਨੂੰ ਪੇਸ਼ ਕਰਦੀ ਹੈ। ਇਹ ਕਵਿਤਾ ਮਨੁੱਖ ਦੀ ਗੁਲਾਮੀ ਦੇ ਨਾਲ-ਨਾਲ ਆਜ਼ਾਦੀ ਦੇ ਬੀਮਕ ਤਣਾਅ ਦਾ ਤਾਹਨਾ ਸਿਰਜਦੀ ਹੈ। ਅਜਿਹਾ ਕਰਦਿਆਂ ਇਹ ਕਵਿਤਾ ਮਨੁੱਖ ਨੂੰ ਅਣਖ ਨਾਲ ਜਿਉਣ ਦਾ ਗੌਰਵ ਵੀ ਪ੍ਰਦਾਨ ਕਰਦੀ ਹੈ। ਇਸ ਤੋਂ ਇਲਾਵਾ ਇਹ ਕਵਿਤਾ ਪਰਵਾਸੀ ਪੰਜਾਬੀਆਂ ਦੁਆਰਾ ਸੁੱਤੇ ਹਿੰਦੂਆਂ ਨੂੰ ਜਗਾਉਣ ਦਾ ਯਤਨ ਕਰਦੀ ਹੋਈ ਉਨ੍ਹਾਂ ਵਿੱਚ ਆਜ਼ਾਦੀ ਦੇ ਸੁਪਨੇ ਨੂੰ ਪ੍ਰਚੰਡ ਕਰਨ ਦੀ ਕੋਸ਼ਿਸ਼ ਵੀ ਕਰਦੀ ਹੈ। ਇਹ ਕਵਿਤਾ ਪਰਵਾਸੀਆਂ ਨੂੰ ਜਿੱਥੇ ਉਨ੍ਹਾਂ ਦੇ ਅਤੀਤ ਤੇ ਵਰਤਮਾਨ ਬਾਰੇ ਅਹਿਸਾਸ ਕਰਾਉਂਦੀ ਹੈ, ਉੱਥੇ ਸੁਨਹਿਰੇ ਭਵਿੱਖ ਵਿੱਚ ਵਿਸ਼ਵਾਸ ਰੱਖਣ ਦੀ ਪ੍ਰੇਰਨਾ ਵੀ ਦਿੰਦੀ ਹੈ। ਇਹੋ ਕਾਰਨ ਹੈ ਕਿ ਚੰਗੇਰੇ ਭਵਿੱਖ ਲਈ ਹਥਿਆਰਬੰਦ ਸੰਘਰਸ਼ ਹੀ ਪਰਵਾਸੀ ਗ਼ਦਰੀ ਕਵੀਆਂ ਦੀ ਕਵਿਤਾ ਦਾ ਪ੍ਰਮੁੱਖ ਸਰੋਕਾਰ ਹੋ ਨਿਬੜਦਾ ਹੈ। ਇਹ ਸਰੋਕਾਰ ਪਾਠਕ ਵਿੱਚ ਨਵਾਂ ਜੋਸ਼ ਤੇ ਹੌਸਲਾ ਉਤਪੰਨ ਕਰਦਾ ਹੈ। ਅੱਜ ਜਦੋਂ ਵਿਸ਼ਵੀਕਰਨ ਨੇ ਸਾਡੀ ਆਰਥਿਕਤਾ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ, ਇਸੇ ਸਮੇਂ ਗ਼ਦਰ-ਕਾਵਿ ਦੀ ਅਹਿਮੀਅਤ ਹੋਰ ਵੀ ਵੱਧ ਗਈ ਹੈ। ਅੱਜ ਇੱਕ ਹੋਰ ਨਵੇਂ ਗ਼ਦਰ ਲਹਿਰ ਦੀ ਲੋੜ ਮਹਿਸੂਸ ਹੋ ਰਹੀ ਹੈ। ਅੱਜ ਵੀ ਪਰਵਾਸੀ ਗ਼ਦਰੀਆਂ ਦੁਆਰਾ ਦਿੱਤਾ ਇਹ ਸੁਨੇਹਾ ਚੇਤੇ ਆਉਂਦਾ ਹੈ ਜਿਸ ਵਿੱਚ ਉਹ ਤਤਕਾਲੀਨ ਸਾਮਰਾਜ ਵਿਰੁੱਧ ਉੱਠਣ ਲਈ ਵਿਦਰੋਹ ਲਈ ਕਹਿ ਰਹੇ ਹਨ:

**ਹਿੰਦੁਸਤਾਨੀਓ ਕਿਉਂ ਨੀਵੀਂ ਧੌਣ ਸੁੱਟੀ,**
**ਮਾਰੋ ਨਜ਼ਰ ਘਰ ਦੇ ਕੇਹੜੇ ਹਾਲ ਹੋ ਗਏ।**
**ਗ਼ਫ਼ਲਤ ਨੀਂਦ ਅੰਦਰ ਤੁਸੀਂ ਘੂਕ ਸੁੱਤੇ,**
**ਲੱਗੀ ਅੱਗ ਘਰ ਨੂੰ ਭਾਂਬੜ ਲਾਲ ਹੋ ਗਏ।**
**ਉਠੋ ਸ਼ੇਰ ਮਰਦੋ ਗ਼ਫ਼ਲਤ ਨੀਂਦ ਛੱਡੋ,**
**ਤੁਸਾਂ ਸੁੱਤਿਆਂ ਸੈਂਕੜੇ ਸਾਲ ਹੋ ਗਏ।**
**ਪੈਸਾ ਲੁੱਟ ਅੰਗਰੇਜ਼ ਲੈ ਗਏ ਸਾਰਾ,**
**ਵੇਂਹਦੇ ਵੇਂਹਦੇ ਤੁਸਾਂ ਕੰਗਾਲ ਹੋ ਗਏ।**

ਸਪੱਸ਼ਟ ਹੈ ਕਿ ਗ਼ਦਰ ਲਹਿਰ ਦੀ ਕਵਿਤਾ ਦੂਹਰੀ ਗ਼ੁਲਾਮੀ ਹੰਢਾ ਰਹੇ ਕਿਸਾਨ ਤੋਂ ਮਜ਼ਦੂਰ ਬਣੇ ਪਰਵਾਸੀਆਂ ਦੇ ਦਰਦ ਦੀ ਕਵਿਤਾ ਹੈ। ਇਹ ਉਹ ਗ਼ਦਰੀ ਕਵੀ ਸਨ ਜੋ ਜੰਗੇ-ਆਜ਼ਾਦੀ ਨੂੰ ਦੂਰ ਖੜ੍ਹੇ ਦਰਸ਼ਕ ਵਾਂਗ ਨਹੀਂ ਵੇਖ ਰਹੇ ਸਨ ਸਗੋਂ ਤਨ, ਮਨ ਤੇ ਧਨ ਨਾਲ ਇਸ ਜੰਗ ਵਿੱਚ ਖ਼ੁਦ ਸ਼ਾਮਲ ਸਨ। ਕੁਝ ਅਗਿਆਤ ਤੇ ਫਰਜ਼ੀ ਨਾਵਾਂ ਹੇਠ ਲਿਖੀ ਇਹ ਕਵਿਤਾ ਗ਼ਦਰ ਲਹਿਰ ਦੀ ਅਸਫ਼ਲਤਾ ਤੋਂ ਬਾਅਦ ਵੀ ਲਿਖੀ ਜਾਂਦੀ ਰਹੀ। ਇਨਕਲਾਬੀ ਪਰਵਾਸੀ ਗ਼ਦਰੀ ਕਵੀਆਂ ਦੁਆਰਾ ਲਿਖੀ ਗਈ ਇਹ ਕਵਿਤਾ ਕੇਵਲ ਜੋਸ਼ ਦੀ ਕਵਿਤਾ ਹੀ ਨਹੀਂ ਸੀ ਸਗੋਂ ਹੋਸ਼ ਦੀ ਕਵਿਤਾ ਵੀ ਸੀ। ਗ਼ਦਰੀ ਇਨਕਲਾਬੀ ਇੱਕ ਸਪੱਸ਼ਟ ਪ੍ਰੋਗਰਾਮ ਅਧੀਨ ਹਿੰਦ ਵਿੱਚ ਗ਼ਦਰ ਕਰਨ ਦੇ ਚਾਹਵਾਨ ਸਨ। ਦੇਸ਼ ਵਿੱਚ ਅਨਾਰਕੀ ਫੈਲਾਉਣਾ ਇਨ੍ਹਾਂ ਦਾ ਮਕਸਦ ਨਹੀਂ ਸੀ। ਇਹ ਸਾਮਰਾਜੀ ਸਮੱਸਿਆ ਦਾ ਹੱਲ ਕੇਵਲ ਜਮਾਤੀ ਸੰਘਰਸ਼ ਵਿੱਚ ਵੇਖਦੇ ਸਨ। ਇਹੋ ਕਾਰਨ ਸੀ ਕਿ ਇਹ ਉਨ੍ਹਾਂ ਹਿੰਦੂ, ਸਿੱਖ, ਮੁਸਲਮਾਨ, ਦਲਿਤਾਂ, ਦਮਿਤਾਂ, ਮਜ਼ਦੂਰਾਂ, ਕਿਸਾਨਾਂ, ਕਿਰਤੀਆਂ ਆਦਿ ਨੂੰ ਆਪਣੇ ਨਾਲ ਜੋੜਨਾ ਚਾਹੁੰਦੇ ਸਨ ਜੋ ਸਾਮਰਾਜੀ ਲੁੱਟ ਦਾ ਸ਼ਿਕਾਰ ਹੋ ਰਹੇ ਸਨ। ਲੁੱਟ-ਖਸੁੱਟ ਵਾਲੇ ਸਾਮਰਾਜੀ ਢਾਂਚੇ ਨੂੰ ਖ਼ਤਮ ਕਰਕੇ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਗ਼ਦਰੀ ਕਵੀਆਂ ਤੇ ਇਨਕਲਾਬੀਆਂ ਦਾ ਮੁੱਖ ਮਕਸਦ ਸੀ। ਅੱਜ ਜਦੋਂ ਗ਼ਦਰ ਲਹਿਰ ਦਾ ਜਨਮ ਸ਼ਤਾਬਦੀ ਵਰ੍ਹਾ ਮਨਾਇਆ ਜਾ ਰਿਹਾ ਹੈ ਤਾਂ ਗ਼ਦਰੀਆਂ ਦੇ ਅਧੂਰੇ ਰਹੇ ਮਕਸਦ ਦਾ ਮੁੱਲ ਹੋਰ ਵੀ ਵਧ ਜਾਂਦਾ ਹੈ।



Renu Singh

# Why Natives must have their own justice system-II



I am going to begin this post with reference to the book, Journeying Forward dreaming First Nations' Independence' by Patricia Monture-Angus. Patricia Monture-Angus is a Mohawk woman, an activist, scholar, and a university teacher. The book speaks for itself. Therefor, rather than quoting too much from her work, I would encourage people to read it. It is a well researched work written with passion and from the depth of her soul. While reading it, I could feel her frustration and anger. Her work provides a valuable insight into the issues that one can only understand from an Aboriginal perspective. No government reports prepared by the government appointed officials can provide this clear vision of the impact Canadian justice system is having on First Nations.

I admire the harshness of her words and I believe it is much needed to make an awakening call, not only to the non-Aboriginal communities immigrated to Aboriginal lands but and are oblivious to the fact as to whose lands are these, but also to some Aboriginal leaders who are promoting the Canadian justice system by parterning in the programs with recommendations that are full of double standards, serving only the best interest of the colonial justice system.

No one could have said it better than Patricia Monture-Angus about the Royal Commission on Aboriginal Peoples as she states in the Introduction on page 12 - "How can a Commission established by government order, with its mandate drafted by a former Supreme Court of Canada justice (no matter how sympathetic to Aboriginal Peoples), merely in consultation with Aboriginal Peoples, be seen as a solution? Their mandate was broad, but it remained one-sided. As reflected in the Commissioners' desire to come to a solution that Canadian governments would accept, the Commissioners did not disturb existing power relationships between the Crown and the Indians. It is precisely this relationship that needs disturbing."

I am referring further to page 13 of her Introduction because her intellectual mind and a strong background in law has provided very meaningful insights into the ways Canadian law is playing a manipulative role under the umbrella of the Indian Act.

"I intend no disrespect to the many men and women who have suffered long and hard to ensure that our collected Indian voices have national volume. Unfortunately, it is not essential that there is anything really "Indian" about an Indian Act chief or the office that they occupy. These people draw their limited authority from a piece of federal government legislation. If they act on their inherent Indigeneous authority, those actions are either disallowed by the Department of Indian Affairs or worse yet are penalized (such as by withholding of discretionary band funding). This, of course, is the recurring theme of colonial intrusion."

I'll support her statement with the following excerpt from the Alaska Native Issues page of Tribal Court Clearninghouse

"Supreme Court asks for DOJ views on Alaska ICWA case - The U.S. Supreme Court has asked the Department of Justice for the views of the federal government to help it decide whether to accept Hogan v. Kaltag Tribal Council, a case in which Alaska questions whether federally recognized tribes can resolve Indian Child Welfare Act cases, as reported by Indianz.com on April 26.

In the case, Alaska questions whether federally recognized tribes can resolve Indian Child Welfare Act cases. Attorney General Dan Sullivan believes the state's court system takes precedence over tribal court judgments. The case involves a mother who was convicted of murder and had a drinking problem. The father did not want anything to do with the child. The Kaltag tribe took custody, and the child was adopted, with the consent of all parties involved, by a Native family that lives in Huslia. But the state's attorney general, contending that the state's court system takes precedence over a tribal court, wants to put a stop to it. Indianz.Com. In Print - http://www.indianz.com/News/2010/019465.asp"

It is just one example to affirm the fact that regardless of the allowance of tribal authority, the federal structure of justice will continue to take precedence over tribal laws, so what's the point? It is an illusion that needs to be broken and step out of.

On page 56, Patricia Monture-Angus says, "A property claim in Canadian law does not have the capacity to include the Aboriginal holistic view of the land, because ownership in Canadian law is based on the linear notion of the domination of land. A holistic view of landholding enshrines not only the linear concept of ownership but also, at a minimum, spirituality and responsibility."

Page 88 - "Court proceedings are adversarial and follow formal and often unexpressed rules. It is a process frequently foreign to Aboriginal Peoples."

The case I am trying to make here is that the current justice system in Canada must not be imposed on Aboriginal Peoples. They already had a perfect social, political, and justice system working for them and did not ask for it to be replaced. It was forced upon them without their consent, and the tragedy here is that the foreign law was imposed on them, on their own lands.

In light of all the arguments and quoted passages above, I'll make a quick reference to a report prepared by the Criminal Justice Association of Canada (CCJA) in 2000. The following is an excerpt from the special bulletin, Ottawa, May, 2000 by CCJA, and other reports following this one are not any different in content.

There are different federal, provincial, and territorial approaches aimed at reducing the rate of Aboriginal incarceration, each attempting to make the justice system more responsive and culturally sensitive to their needs. These include expanded Aboriginal policy and program initiatives within the judicial system, cross-cultural education for those involved in the justice system, and the use of diversion, alternative measures such as sentencing circles and community justice committees and healing lodges. The implementation of these approaches reflects a growing understanding that Aboriginal offenders have unique needs and require alternative programs.

The recommendations made as part of the discussion platform on the last page of this report repeatedly makes reference to cross-cultural training, employment of Aboriginal judges, and other positions - basically assimilating them into the current structure of justice system. What they repeatedly fail to understand that assimilation is why there are so many issues the Aboriginal communities have to face in the first place. They didn't have these problems before the invasion. These issues were brought upon them, forcefully and fraudulently.

Instead of assimilating the Aboriginal intellectuals into the current system of justice, why not let the current justice system run by the Aboriginal Peoples? Why so little faith in them? I would feel much more comfortable in Aboriginal hands than any other form of government. Maybe then, there is a hope for our planet. The highly intellectual Aboriginal Nations ran their affairs perfectly for tens of thousands of years, and without exploitation of the environment. If the governments of developed nations are so concerned about the well being of the Aboriginal communities, then let them run their own affairs for once. The real issue here is not the incapability of the First Nations but the government's failure to admit that the First Nations can do it, and they will do it.

# ਸਦਾ ਸਫਰ 'ਤੇ... ਭਾਅ ਜੀ ਗੁਰਸ਼ਰਨ ਸਿੰਘ





ਕੰਵਲਜੀਤ ਖੰਨਾ

ਕਿਸੇ ਵੀ ਲੀਜੇਂਡ ਨੂੰ, ਮਹਾਨ ਸ਼ਖਸੀਅਤ ਨੂੰ, ਉਸਦੇ ਸਮੁੱਚੇ ਜੀਵਨ ਕਾਲ ਨੂੰ, ਉਸਦੀ ਸੋਚ ਨੂੰ, ਉਨਾਂ ਦੀ ਸਮਾਜ ਨੂੰ ਦਿੱਤੀ ਅਦੁੱਤੀ ਦੇਣ ਨੂੰ, ਉਸਦੇ ਆਦਰਸ਼ਾਂ ਨੂੰ, ਸਮੁੱਚੀ ਜੀਵਨ ਘਾਲਣਾ ਨੂੰ ਇੱਕ ਦਸਤਾਵੇਜ ਦੇ ਰੂਪ 'ਚ ਸਾਂਭਣ ਦਾ ਕਾਰਜ ਕੋਈ ਛੋਟਾ ਕਾਰਜ ਨਹੀਂ ਹੁੰਦਾ ਸਗੋਂ ਇੱਕ ਅਤਿਅੰਤ ਮਹੱਤਵਪੂਰਨ ਜਿੰਮੇਵਾਰੀ ਵਾਲਾ ਕਾਰਜ ਹੁੰਦਾ ਹੈ । ਖਾਸ ਕਰ ਉਦੋਂ ਇਹ ਹੋਰ ਵੱਧ ਮਹੱਤਤਾ ਹਾਸਲ ਕਰ ਜਾਂਦਾ ਹੈ ਜਦੋਂ ਤੁਸੀਂ ਇੱਕ ਅਤਿਅੰਤ ਬਹੁਪੱਖੀ ਤੇ ਬਹੁਪਾਸਾਰੀ ਸ਼ਖਸੀਅਤ, ਜਿਸ ਨੇ ਸਾਰੀ ਉਮਰ ਲੋਕਾਈ ਨੂੰ ਆਪਣੇ ਵਿਰਸੇ, ਵਰਤਮਾਨ ਤੇ ਭਵਿੱਖ ਬਾਰੇ ਸੱਚਮੁੱਚੀ ਜਿੰਮੇਵਾਰ ਬਨਣ ਦਾ ਹੀ ਪਾਠ ਸਿਖਾਇਆ ਹੋਵੇ, ਬਾਰੇ ਇੱਕ ਦਸਤਾਵੇਜ ਦੇ ਨਿਰਮਾਣ ਦਾ ਜੁੰਮਾ ਓਟਦੇ ਹੋ । ਬਚਪਨ ਤੋਂ ਲੈ ਕੇ ਅੰਤ ਤੱਕ, ਇੱਥੋਂ ਤੱਕ ਕਿ ਆਪਣੇ ਅੰਤਮ ਸਵਾਸਾਂ ਤੱਕ ਜਿਸ ਵਿਅਕਤੀ ਨੇ ਆਪਣਾ ਪਲ-ਪਲ ਲੋਕਾਂ ਲਈ ਅਰਪਿਤ ਕੀਤਾ ਹੋਵੇ, ਜਿਸਨੇ ਨਿੱਜੀ ਖਾਹਸ਼ਾਂ ਨੂੰ, ਫੋਕੀ ਟੋਹਰ ਨੂੰ, ਧਨ ਦੌਲਤ ਨੂੰ ਸਦਾ ਟਿੱਚ ਜਾਣਿਆ ਹੋਵੇ । ਜਿਸ ਨੇ ਆਪਣਾ ਘਰ ਪਰਿਵਾਰ, ਸਾਰੀ ਕਮਾਈ ਲੋਕਮੁਕਤੀ ਲਹਿਰ ਨੂੰ ਸੌਂਪ ਦਿੱਤੀ ਹੋਵੇ ਉਸ ਦੇ ਸਮੁੱਚ ਨੂੰ ਇੱਕ ਘੰਟੇ ਦੀ ਰੀਲ 'ਚ ਸਮਾਉਣਾ ਸੱਚਮੁੱਚ ਸਮੁੰਦਰ ਨੂੰ ਕੁੱਜੇ 'ਚ ਬੰਦ ਕਰਨ ਵਰਗਾ ਜੋਖਮ ਭਰਿਆ ਕਾਰਜ ਹੈ ।

ਪੰਜਾਬੀ ਇਨਕਲਾਬੀ ਰੰਗਮੰਚ ਦੇ ਸਰਤਾਜ, ਇਨਕਲਾਬੀ ਜਮਹੂਰੀ ਲਹਿਰ ਦੀ ਸਿਰਮੌਰ ਕਲਗੀ, ਕਮਿਊਨਿਸਟ ਇਨਕਲਾਬੀ ਲਹਿਰ ਦੇ ਜਨਤਕ ਹਰਕਾਰੇ ਭਾਅ ਜੀ ਗੁਰਸ਼ਰਨ ਸਿੰਘ ਦਾ ਬੀਤੀ 27 ਸਤੰਬਰ 2011 ਨੂੰ ਸਰੀਰਿਕ ਤੌਰ ਤੇ ਸਦਾ ਸਦਾ ਲਈ ਵਿਛੜ ਜਾਣਾ ਸੱਚਮੁੱਚ ਪਰਬਤੋਂ ਭਾਰੀ ਸਦਮਾ ਸੀ । ਭਾਅ ਜੀ ਦੇ ਕਠਿਨ ਜੀਵਨ ਘਾਲਣਾ ਘਾਲਦਿਆਂ ਤੁਰ ਜਾਣ ਤੋਂ ਬਾਅਦ ਪੈਦਾ ਹੋਏ ਖਲਾਅ ਨੂੰ ਹੋਰਨਾਂ ਅਨੇਕਾਂ ਵਾਂਗ ਪੰਜਾਬ ਲੋਕ ਸਭਿਆਚਾਰ ਮੰਚ ਨੇ ਵੀ ਕਿਤੇ ਵੱਧ ਗਹਿਰਾਈ ਨਾਲ ਮਹਿਸੂਸ ਕੀਤਾ । ਪ.ਲ.ਸ. ਮੰਚ ਦੇ ਫਾਊਂਡਰ ਪ੍ਰਧਾਨ ਜੋ ਅੰਤਲੇ ਸਮੇਂ ਤੱਕ ਇਸ ਅਹੁਦੇ ਤੇ ਰਹੇ, ਨੂੰ ਇੱਕ ਸਜੀਵ ਸ਼ਰਧਾਂਜਲੀ ਦੇਣ ਦਾ ਜੁੰਮਾ, ਉਨਾਂ ਦੀ ਸੱਭਿਆਚਾਰਕ ਫਰੰਟ ਦੀ, ਨਿਵੇਕਲੀ ਪਛਾਣ ਬਣਾ ਚੁੱਕੀ ਜੱਥੇਬੰਦੀ ਨੇ ਓਟਿਆ । ਸੂਬਾ ਕਮੇਟੀ ਮੀਟਿੰਗ 'ਚ ਵਿਚਾਰ ਚਰਚਾ ਤੋਂ ਬਾਅਦ ਇਸ ਕੰਮ ਦੀ ਜਿੰਮੇਵਾਰੀ ਸੂਬਾ ਕਮੇਟੀ ਮੈਂਬਰ ਮਾਸਟਰ ਤਰਲੋਚਨ ਨੂੰ ਸੋਂਪੀ ਗਈ । ਮਾਸਟਰ ਤਰਲੋਚਨ ਨੇ ਭਾਅ ਜੀ ਦੇ ਸਮੁੱਚੇ ਜੀਵਨ ਕਰਮ ਨੂੰ ਇੱਕ ਰੀਲ 'ਚ ਪਰੋਣ ਦੇ ਕਾਰਜ ਨੂੰ ਪੂਰੀ ਸ਼ਿੱਦਤ ਨਾਲ ਮਹਿਸੂਸ ਹੀ ਨਹੀਂ ਕੀਤਾ, ਸਗੋਂ ਮਾੜੀ ਸਿਹਤ ਦੇ ਚਲਦਿਆਂ ਸਫਲ ਅੰਜਾਮ ਤੇ ਵੀ ਪਹੁੰਚਾਇਆ । ਸੈਂਕੜੇ ਮੀਲਾਂ ਦਾ ਸਫਰ, ਦਰਜਨਾਂ ਥਾਵਾਂ ਤੇ ਮੁਲਾਕਾਤਾਂ, ਚੰਡੀਗੜ੍ਹ ਵਾਲੇ ਪਰਿਵਾਰ ਤੋਂ ਲੈ ਕੇ ਹਰ ਖੂੰਝੇ 'ਚ ਵਸਦੇ ਵੱਡੇ ਪਰਿਵਾਰ ਦੀਆਂ ਵੱਖ ਵੱਖ ਖੇਤਰਾਂ 'ਚ ਸਰਗਰਮ ਸ਼ਖਸੀਅਤਾਂ, ਮੁਰੀਦਾਂ, ਨਾਟਕਰਮੀਆਂ, ਲੇਖਕਾਂ ਨਾਲ ਗੱਲਬਾਤ ਕਰਨ, ਪ੍ਰਤੀਕਰਮ ਇਕੱਠੇ ਕਰਨ, ਵਾਚਣ ਪਰਖਣ ਤੇ ਦਸਤਾਵੇਜ ਦਾ ਹਿੱਸਾ ਬਣਾਉਣ ਲਈ ਮਾਸਟਰ ਤਰਲੋਚਨ ਨੇ ਨਿਰੰਤਰ ਦੋ ਮਹੀਨੇ ਸਖਤ ਕੰਮ ਕੀਤਾ । ਇਸ ਸਖਤ ਮਿਹਨਤ ਦਾ ਸਿੱਟਾ ਬਣੀ ਦਸਤਾਵੇਜੀ ਫਿਲਮ 'ਸਦਾ ਸਫਰ 'ਤੇ......! - ਭਾਅ ਜੀ ਗੁਰਸ਼ਰਨ ਸਿੰਘ' ਪਹਿਲੀ ਮਈ 2012 ਦੇ ਪੰਜਾਬੀ ਭਵਨ ਲੁਧਿਆਣਾ ਦੇ ਸਾਰੀ ਰਾਤ ਦੇ ਸੱਭਿਆਚਾਰਕ ਸਮਾਗਮ ਮੌਕੇ ਇਸ ਫਿਲਮ ਨੂੰ ਹਜਾਰਾਂ ਦਰਸ਼ਕਾਂ ਸਾਹਮਣੇ ਪ੍ਰਦਰਸ਼ਿਤ ਕੀਤਾ ਗਿਆ ਤਾਂ ਆਪਣੇ ਨਾਇਕ ਨੂੰ ਸਕਰੀਨ ਤੇ ਸਜੀਵ ਹੁੰਦਾ ਵੇਖ ਦਰਸ਼ਕਾਂ ਨੇ ਘੰਟਾ ਭਰ ਸਾਹ ਰੋਕ ਕੇ ਇਸ ਦਸਤਾਵੇਜ਼ ਨੂੰ ਪ੍ਰਮਾਣਕ ਮਨਜੂਰੀ ਦਿੱਤੀ।

ਸਾਡੀ ਜੰਗ ਇੱਕ ਐਸੇ ਸਮਾਜ ਨੂੰ ਬਣਾਉਣ ਵਾਸਤੇ ਹੈ, ਜਿਸ ਸਮਾਜ ਵਿੱਚ ਅਮੀਰ ਤੇ ਗਰੀਬ ਦਾ ਵਿਤਕਰਾ ਖਤਮ ਹੋਏਗਾ, ਜਿਸ ਵਿੱਚ ਬਰਾਬਰੀ ਹੋਏਗੀ (ਹਸਤਾਖਰ ਗੁਰਸ਼ਰਨ ਸਿੰਘ) ਦੇ ਹਲਫੀਆ ਬਿਆਨ ਨਾਲ ਸ਼ੁਰੂ ਹੁੰਦੀ ਅਮੁੱਕ ਤੇ ਅਰੁੱਕ ਸਫਰ ਦੀ ਇਹ ਦਾਸਤਾਨ ਸਤਲੁਜ ਦੇ ਪਾਣੀਆਂ ਨਾਲ ਗਲਵਕੜੀ ਪਾਉਣ ਦੇ ਸਮੇਂ ਤੱਕ ਦੇ ਇਤਿਹਾਸ ਰਾਹੀਂ ਸਾਡੇ ਅੰਦਰ ਚੰਗੇਰੀ ਜਿੰਦਗੀ ਜਿਉਣ ਜੋਗੇ ਸਮਾਜ ਦੀ ਉਸਾਰੀ ਦੇ ਸੁਪਨੇ ਨੂੰ ਸਾਕਾਰ ਕਰਨ ਦਾ ਮਜਬੂਤ ਬਲ ਭਰਨ 'ਚ ਸਫਲ ਹੋ ਨਿਬੜਦੀ ਹੈ ।

ਨਾਮਵਰ ਕਵੀ ਸੁਰਜੀਤ ਪਾਤਰ ਦੇ ਹਵਾ 'ਚ ਗੂੰਜਦੇ ਮਿੱਠੜੇ ਬੋਲ 'ਮੈਂ ਉਨਾਂ ਲੋਕਾਂ 'ਚੋਂ ਹਾਂ ਜੋ ਸਦਾ ਸਫਰ ਤੇ ਰਹੇ, ਜਿਨਾਂ ਦੇ ਸਿਰ ਤੇ ਸਦਾ ਤਾਰਿਆਂ ਦਾ ਥਾਲ ਰਿਹਾ' ਜਾਪਦਾ ਹੈ ਜਿਵੇਂ ਭਾਅ ਜੀ ਲਈ ਹੀ ਲਿਖੇ ਗਏ ਹੋਣ । ਆਰਟ ਸੈਂਟਰ ਸਮਰਾਲਾ ਦੀ ਹਰਮਨ ਪਿਆਰੀ ਕਲਾਕਾਰ ਬਲਜਿੰਦਰ ਤੇ ਖੁਦ ਮਾਸਟਰ ਤਰਲੋਚਨ ਦੀ ਦਰਦ ਭਰੀ ਆਵਾਜ ਦਾ ਸੁਹਜ ਇਸ ਦਸਤਾਵੇਜ ਨੂੰ ਅਮਰ ਬਣਾਉਣ 'ਚ ਯਾਦਗਾਰੀ ਭੂਮਿਕਾ ਨਿਭਾ ਗਿਆ ਹੈ । ਜਦੋਂ ਤਰਲੋਚਨ ਕਹਿੰਦਾ ਹੈ 'ਬਿਨਾਂ ਰੁਕੇ, ਬਿਨਾਂ ਥੱਕੇ, ਬਿਨਾਂ ਅੱਕੇ ਇਹ ਪਹੁਤਾ ਪਾਂਧੀ, ਪੰਜਾਬੀ ਰੰਗਮੰਚ ਦਾ ਵਾਸਕੋਡਿਗਾਮਾ ਜੋ ਨਿਸ਼ਾਨ ਛੱਡ ਗਿਆ, ਜੋ ਲੱਭਤਾਂ ਲੱਭ ਗਿਐ ਜਿਹਨਾਂ ਰਾਹਾਂ ਦੇ ਭੇਤ ਦੇ ਗਿਆ ਉਹ ਸਾਡੇ ਕਿਰਤੀ ਵਰਗ ਦਾ ਅਮੁੱਲ ਸਰਮਾਇਆ ਹੈ ।

16 ਸਤੰਬਰ 1929 ਤੋਂ 27 ਸਤੰਬਰ 2011 ਤੱਕ ਦੇ 82 ਵਰ੍ਹਿਆਂ ਦੀ ਹਰ ਸ਼ਾਮ ਸਵੇਰ ਕੁਝ ਨਾ ਕੁਝ ਨਵਾਂ ਸਿਰਜਦੇ, ਨਵਾਂ ਸੋਚਦੇ, ਖੋਜਲੇ, ਫਿਕਰਜ਼ਦਾ ਭਾਅ ਜੀ ਗੁਰਸ਼ਰਨ ਸਿੰਘ ਦੇ ਨੰਗਲ ਡੈਮ ਤੋਂ 1245, 43-ਬੀ ਚੰਡੀਗੜ੍ਹ ਤੱਕ ਦੇ ਸਫਰ ਨੂੰ ਇਸ ਫਿਲਮ ਨੇ ਹਰ ਕੋਨ ਤੋਂ, ਹਰ ਮੋੜ ਤੋਂ ਹਰ ਚੁਰਾਹੇ ਤੋਂ ਫੜਨ ਦੀ ਸਫਲ ਕੋਸ਼ਿਸ਼ ਕੀਤੀ ਹੈ । ਇੱਕ ਥਾਂ ਭਾਅ ਜੀ ਰੈਲੀ ਨੂੰ ਸੰਬੋਧਨ ਕਰ ਰਹੇ ਹਨ । ਰੈਲੀ 'ਚ ਨਾਅਰੇ ਗੂੰਜ ਰਹੇ ਹਨ 'ਸ਼ਹੀਦੋਂ ਤੁਹਾਡੀ ਸੋਚ ਤੇ-ਪਹਿਰਾ ਦਿਆਂਗੇ ਠੋਕ ਕੇ' ਤਾਂ ਭਾਅ ਜੀ ਬੋਲਦੇ ਹਨ 'ਸਾਨੂੰ ਸੋਚਣਾ ਹੋਵੇਗਾ-ਪਹਿਰਾ ਦੇਣਾ ਕੋਈ ਸੌਖਾ ਕੰਮ ਨਹੀਂ, ਸੋਚੋ ਅਸੀਂ ਹੁਣ ਤੱਕ ਕਿਨਾਂ ਕੁ ਪਹਿਰਾ ਦੇ ਸਕੇ ਹਾਂ, ਪਹਿਰੇਦਾਰ ਵਾਲੇ ਕਿਨੇ ਗੁਣ ਪੈਦਾ ਕਰ ਸਕੇ ਹਾਂ-ਸਾਥੀਓ, ਪਹਿਰਾ ਦੇਣ ਲਈ ਸ਼ਹੀਦਾਂ ਦੇ ਰਾਹ ਤੁਰਨਾ ਪੈਂਦਾ ਹੈ । ਉਹ ਕੱਚਿਆਂ ਨੂੰ ਤਰਨ ਦਾ ਵੱਲ ਦੱਸ ਰਹੇ ਹਨ।

ਭਾਅ ਜੀ ਗੁਰਸ਼ਰਨ ਸਿੰਘ ਦੇ ਜੀਵਨ ਦਾ ਹਰ ਕਰਮ, ਹਰ ਕਿਰਤ, ਹਰ ਰਚਨਾ, ਹਰ ਸਿਰਜਣਾ ਲੁੱਟ ਰਹਿਤ ਸਮਾਜ ਦੀ ਉਸਾਰੀ ਦੇ ਪਵਿੱਤਰ ਮਿਸ਼ਨ ਨੂੰ ਸਮਰਪਿਤ ਸੀ । ਇਸ ਫਿਲਮ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ ਕਿ ਆਪਣੀਆਂ ਬਹੁਤੀਆਂ ਗੱਲਾਂ ਦੀ ਪ੍ਰਮਾਣਿਕਤਾ ਕਿਤਿਓ ਮੰਗਣੀ ਨਹੀਂ ਪਈ ਸਗੋਂ ਉਹ ਖੁਦ ਹਾਜਰ ਹਨ । ਉਂਞ ਭਾਅ ਜੀ ਦੀ ਰਾਜਨੀਤਿਕ ਪ੍ਰਤੀਬੱਧਤਾ ਕਿਸੇ ਪ੍ਰਮਾਣ ਜਾਂ ਸਬੂਤ ਦੀ ਮੁਥਾਜ ਵੀ ਨਹੀਂ । ਇੱਕ ਨਿਰਛਲ, ਨਿਸਵਾਰਥ, ਗਤੀਸ਼ੀਲ, ਪ੍ਰਤੀਬੱਧ ਜੀਵਨਗਾਥਾ ਦੀ ਸੰਪੂਰਨਤਾ ਨਾਲ ਇਸ ਦਸਤਾਵੇਜ ਰਾਹੀਂ ਮਾਸਟਰ ਤਰਲੋਚਨ ਨੇ ਪੂਰਾ ਨਿਆਂ ਕਰਨ ਦੀ ਸਫਲ ਕੋਸ਼ਿਸ਼ ਕੀਤੀ ਹੈ । ਸਮਤਾ, ਸਰਦਲ, ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਹਜਾਰਾਂ ਲੱਖਾਂ ਸਸਤੀਆਂ ਕਿਤਾਬਾਂ ਦਾ ਘਰਾਂ ਤੱਕ ਸੰਚਾਰ, ਖਾਲਸਤਾਨੀ ਫਿਰਕੂ ਤੇ ਹਕੂਮਤੀ ਦਹਿਸ਼ਤਗਰਦੀ, ਐਮਰਜੈਂਸੀ ਦਾ ਸਾਹਮਣਾ, ਸਮਾਜ ਤੇ ਰਾਜ ਬਦਲੀ ਦੀਆਂ ਤਾਕਤਾਂ ਨੂੰ ਇੱਕ ਮੰਚ ਇਨਕਲਾਬੀ ਕੇਂਦਰ ਪੰਜਾਬ ਤੇ ਇਕੱਠਾ ਕਰਨ, ਮੁਹਿੰਮਾਂ ਤੇ ਹਰ ਸੰਘਰਸ਼ ਦੀ ਅਗਵਾਈ ਕਰਨ ਤੋਂ ਲੈ ਕੇ ਘਰੇਲੂ ਫਰੰਟ ਤੇ ਵੀ ਇੱਕ ਕਮਾਲ ਦੇ ਆਦਰਸ਼ ਪਤੀ ਤੇ ਬਾਪ ਦੀ ਭੂਮਿਕਾ-ਫਿਲਮ ਵੇਖ ਕੇ ਨਵੀਂ ਸੰਵੇਦਨਸ਼ੀਲ ਪੀੜੀ ਸੁਭੈਕੀ ਆਖਣ ਲਈ ਮਜਬੂਰ ਹੋਏਗੀ ਕਿ ਇਹ ਬੰਦਾ ਆਮ ਬੰਦਾ ਨਹੀਂ ਸਗੋਂ ਲੀਜੇਂਡ ਹੈ । ਮਾਸਟਰ ਤਰਲੋਚਨ ਦੀ ਸਖਤ ਘਾਲਣਾ ਦਾ ਨਤੀਜਾ ਸਦਾ ਸਫਰ ਤੇ-ਭਾਅ ਜੀ ਗੁਰਸ਼ਰਨ ਸਿੰਘ' ਸਮਕਾਲੀਆਂ ਲਈ ਤਾਂ ਹੈ ਹੀ ਨਵੀਂ ਪਨੀਰੀ ਲਈ ਵੀ ਸਮਿਆਂ ਦੇ ਪਰਾਂ ਤੇ ਲਿਖੀ ਇੱਕ ਅਜਿਹੀ ਅਮਰ ਇਬਾਰਤ ਹੈ ਜੋ ਨਵੀਂ ਸਵੇਰ, ਨਵੀਂ ਜਿੰਦਗੀ, ਬਰਾਬਰਤਾ ਦੀ ਜਿੰਦਗੀ ਦੀ ਪ੍ਰਾਪਤੀ ਦਾ ਮੋਹ ਤੇ ਕਸਕ ਸਦੀਆਂ ਸਦੀਆਂ ਤੱਕ ਕਾਇਮ ਰੱਖੇਗੀ ।

**We have the great respect to all of them who a give the kind support to our newspapers to continue such as:**

| | |
|---|---|
| COMRADE SURINDER GILL BRAMPTON | : $100.0 |
| AJMER SINGH DHALIWAL BRAMPTON | : $100.00 |
| MATA GURCHARAN KAUR GILL BRAMPTON | : $100.00 |
| GURDEV LALLI BRAMPTON | : $ 50.00 |
| *(FROM CALGARY CANADA)* | |
| HARMAN SEKHON AND BALDIP KAUR SEKHON ON THEIR SON'S GURMAN SEKHON BIRTHDAY | : $50.00 |
| JASSON GILL AND NAVKIRAN KAUR GILL ON THEIR MARRIAGE FIRST ANNVERSARY | : $50.00 |
| KAMALPREET KAUR PANDHER AND RUPINDERPAL PANDHER | : $50.00 |
| GURPIAR GILL and SUKHJIWAN K GILL ON BUYING NEW TRUCK | : $ 50.00 |
| KIRANJOT KAUR DADRA AND JASMANDEEP DADRA ON THEIR CHILDREN'S BIRTHDAY | : $50.00 |

Avon Accounting & Tax Services

Personal Tax Returns (T1)
Self Employed
Taxi Business

Corporate Tax Returns (T2)
GST / Payrolls / ROE
WCB Returns

Tax Planning & Advisory Services
Weekends/Evenings Services also available.

Tel: 403-561-9011
Tel: 403-479-4220
Pandher_2004@yahoo.com or singhh73@gmail.com

# Ontario government threatens teachers with fines in bid to thwart walkout

**Carl Bronski**

Lawyers for Ontario's Liberal government yesterday pressed the Ontario Labour Relations Board (OLRB) to proclaim the one-day protest the province's 76,000 public elementary school teachers plan to stage today, Jan. 11, illegal.

As of 9:30 PM, the OLRB had not issued its ruling on the legality of teachers walking off the job to mount a "political protest" against Bill 115—draconian anti-worker legislation under which the government has imposed sweeping contract concessions, including a two-year wage freeze, on the province's elementary and high school teachers.

However, the OLRB did announce in the late afternoon that it would render a decision on the legality of the impending teacher walkout, rejecting the Elementary Teachers' Federation of Ontario's argument that such a decision should be deferred until the courts determine whether Bill 115 is constitutional.

If, as expected, the OLRB rules the teachers' protest illegal, it would pave the way for the government to ask the Ontario Superior Court to find any teacher who walks off the job guilty of contempt of court and fine them $2,000. Union leaders and the Elementary Teachers' Federation of Ontario (ETFO) would be liable to $25,000 fines.

The government anticipates a favorable ruling will also strengthen its hands against high school teachers who are to mount their own walkout against Bill 115 on Wednesday, January 16. The government has already petitioned the OLRB to declare that protest unlawful.

ETFO President Sam Hammond refused to say whether the union would proceed with Friday's protest if the OLRB found it illegal.

Irrespective of the OLRB ruling, the majority of Ontario's elementary school pupils will have the day off, as many of the province's largest school boards, including those covering Toronto, Peel County (Toronto's western suburbs), Ottawa, Hamilton, and Windsor, have already canceled classes so as to give parents as much time as possible to arrange for child care.

Speaking Wednesday evening, the outgoing Ontario Premier, Dalton McGuinty, denounced the walkout planned for Friday as "illegal," citing the fact that the teachers have "contracts."

In reality, these contracts were imposed by government fiat after the government suspended teachers' collective bargaining rights under Bill 115.

In arguing for the OLRB to allow today's walkout to proceed, ETFO lawyer Howard Goldblatt sought to emphasize the circumscribed nature of the union's opposition to Bill 115. He said the union has no plans to hold a further "political protest," nor to ask its members to sanction one.

In December ETFO members voted by a margin of 92 percent to mount a one-day protest if the government proceeded to impose contracts on teachers, which it did within days of the passing of the Dec. 31 deadline for "negotiated" settlements that it wrote into Bill 115.

The terms of the government-imposed contracts mirror in virtually all respects the takeaway agreements that unions




representing teachers at the province's publicly funded English Catholic and Francophone school boards struck with the Ontario government last summer. Those deals were made under the shadow of a looming threat by the provincial government to unilaterally impose concessions through legislated contracts. After the unions representing English-language public elementary and high school teachers—that is, the bulk of the province's teachers—balkedat accepting like deals, the government passed Bill 115 last September.

The imposition of a two-year wage freeze and other concessions on the province's public sector workers is central to the Liberal government's plans to cut $14.4 billion from the Ontario budget over the next four years and goes hand-in-hand with cuts to the budgets of the public and social services that they administer.

Faced with this attack, the unions have mounted only token opposition and, with the government now using the authoritarian provisions of Bill 115 against teachers, the unions are scrambling to fall in line with the governments' austerity measures.

The Canadian Union of Public Employees (CUPE) representing thousands of school support staff recommended this week that its membership vote to ratify a concessions contract based on the giveback template established by the government this past summer. Similarly, the leadership of the Ontario Public Service Employees Union (OPSEU) agreed this week to a contract that if ratified will impose a wage freeze and other concessions on 36,000 Ontario government workers.

Teachers' union leaders have themselves previously stated that they are ready to accept the wage freeze and other concessions on benefits but that those givebacks should have been arrived at via the collective bargaining process and not through government fiat. In November, the Ontario

Secondary School Teachers Federation (OSSTF) sent to various local memberships contracts that were virtually identical to the ones eventually imposed by the government. But most of those deals were rejected in ratification votes.

The current planned protests—as well as a Saturday, January 26th demonstration at the provincial Liberal leadership convention backed by the Ontario Federation of Labour—are simply the means through which the labour bureaucrats attempt to maintain their ever-shrinking "oppositional" fig leaf before their memberships. But such a task is increasingly difficult to accomplish. Both the OSSTF and the EFTO have been enthusiastic supporters of the Liberal government over the past three election cycles, stumping for McGuinty's candidates and

endorsing him as the "education premier."

And even now, the teachers' unions are encouraging their members to appeal to the Liberals, including by lobbying leadership campaign events, to restore "productive" relations with the unions. Earlier this week, OSSTF President Ken Coran said his union is "certainly interested" in the outcome of the Liberal leadership race and would "immediately" seek a meeting with the new premier.

But all the candidates for the Liberal leadership are as devoted servants of big business and determined advocates of austerity as is McGuinty. Both the media-anointed frontrunners,

Kathleen Wynne and Sandra Pupatello, made a point of backing McGuinty in demanding that teachers abandon any further action against Bill 115 and the government-imposed contracts.

For her part, Andrea Horwath, leader of the OFL-backed New Democratic Party (NDP), has said very little about the government's wage freeze and the Liberals' use of Bill 115 to impose it. Horwath has reason to tread lightly in attacking McGuinty. Last April, the NDP helped McGuinty pass the budget that set the government's austerity drive in motion. Moreover, McGuinty's policies recall her own party's imposition of a wage freeze combined with unpaid leave for public sector workers when the NDP formed Ontario's government in the early 1990s

*Courty : wsws*

# A Political Bazaar

**Fauzia Sadiq**



Parliament at Queen's Park
Once an Assembly of Cultured, the Refined
Today, a Political Amusement Park
Powerful Fools on a Power Ride
A Political Bazaar
... Of Clamorous Pots
Of Noisy Pans
Of Pots Calling the Kettles Black
No Accountability, No Transparency
On Power Careers For Life
No Expiry Date on Elected Terms
No Due Date on Political Self Lives
Ontario Politics, Strictly Family Business
Elected From Rotten Ridings,
Life-Time Re-Election their Birth Right
Entire Tribes, Clan Members ONLY
Nepotism Galore, No End in Sight
Politics of Absolutism
Agree Only To Agree
Public Opinion Unrequired
Or, Drama Queens at the Park will be Angry
Politics of Obedience, Rote Politics
Freedom Of Speech And Expression
Arrested By Politics Of Willingness
Open Challenge to the Constitution
Politics, From Time Immemorial
A vechicle for Human Progress, Social Change
Mechanism for Growth and Development
But, Politics for Them Just A Dirty Game
From Taxpayers and Kids
They Extract Good Behaviour
Demand Uquestioning Obedience
Do Not Speak, Live In Fear
Demoralized Public, Of Liberty Deprived
Helpless Bystanders
All Political, Economic Avenues Closed
Powerless Spectators
Subservient Subjects
Disempowered Onlookers
Human Potential Crushed
Disenfranchized Voters
Hapless And Hopeless
No Ownership Of Land, No Property
Voiceless Majority Oppressed Silenced
Forced Into Homelessness And Poverty
But Good News For Everyone,
that All Their Life's Work is Now Done
All Their Errands, All Races Run
Towards Its End is All Their Fun
All Their Marathons Have Been Won
Assets Amassed, All Wealth Accumulated
All Problems Solved
Investments All Safe, Properties All Secure
No Issues Left Unresolved
Comfort And Style, Gated and Walled
In Great Luxury Secluded
They Live Out The Days Of Their LIives
Beached Whales On Islands Privately Owned

# ਅਸੀਂ ਆਪਣੇ ਬੱਚਿਆਂ ਨੂੰ ਸੁਰੱਖਿਅਤ ਰੱਖਣ 'ਚ ਨਾਕਾਮ ਹੋਏ : ਓਬਾਮਾ



ਕੁਨੈਕਟੀਕੱਟ ਦੇ ਨਿਊਟਾਊਨ ਹਾਈ ਸਕੂਲ ਵਿਚ ਹੋਈ ਪ੍ਰਾਰਥਨਾ ਸਭਾ ਦੌਰਾਨ ਰਾਸ਼ਟਰਪਤੀ ਨੇ ਕਿਹਾ ਕਿ ਇਕ ਦੇਸ਼ ਵਜੋਂ ਅਸੀਂ ਆਪਣਾ ਬਣਦਾ ਫਰਜ਼ ਨਿਭਾਅ ਰਹੇ ਹਾਂ? ਕੀ ਅਸੀਂ ਇਮਾਨਦਾਰੀ ਨਾਲ ਇਹ ਕਹਿ ਸਕਦੇ ਹਾਂ ਕਿ ਆਪਣੇ ਬੱਚਿਆਂ ਨੂੰ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਤੋਂ ਬਚਾਉਣ ਲਈ ਅਸੀਂ ਬਣਦੇ ਯਤਨ ਕਰ ਰਹੇ ਹਾਂ? ਜੇ ਅਸੀਂ ਆਪਣੇ ਆਪ ਪ੍ਰਤੀ ਇਮਾਨਦਾਰ ਹਾਂ ਤਾਂ ਇਨ੍ਹਾਂ ਸਵਾਲਾਂ ਦਾ ਜਵਾਬ 'ਨਾਂਹ' ਹੈ। ਅਸੀਂ ਆਪਣੀ ਜ਼ਿੰਮੇਵਾਰੀ ਸਹੀ ਢੰਗ ਨਾਲ ਨਹੀਂ ਨਿਭਾਅ ਰਹੇ, ਸਾਨੂੰ ਬਦਲਾਅ ਲਿਆਉਣਾ ਪਵੇਗਾ। ਦੱਸਣਯੋਗ ਹੈ ਕਿ ਪਿਛਲੇ ਹਫਤੇ ਇਥੇ ਇਕ ਨੌਜਵਾਨ ਨੇ 20 ਸਕੂਲੀ ਬੱਚਿਆਂ ਨੂੰ ਸਣੇ 6 ਵਿਅਕਤੀਆਂ ਨੂੰ ਅੰਨ੍ਹੇਵਾਹ ਗੋਲੀਆਂ ਚਲਾ ਕੇ ਮਾਰ ਦਿੱਤਾ ਸੀ। ਮ੍ਰਿਤਕਾਂ ਵਿਚ ਪਹਿਲੀ ਕਲਾਸ ਦੇ 20 ਵਿਦਿਆਰਥੀ ਵੀ ਸਨ। ਪੁਲੀਸ ਮੁਤਾਬਕ ਮੁਲਜ਼ਮ ਐਡਮ ਲਾਂਜ਼ਾ (20 ਸਾਲ) ਨੇ 6 ਤੋਂ 7 ਸਾਲ ਦੇ ਬੱਚਿਆਂ 'ਤੇ ਕਈ ਵਾਰ ਗੋਲੀਆਂ ਚਲਾਈਆਂ। ਇਸ ਗੋਲੀ ਕਾਂਡ ਕਾਰਨ ਸਮੁੱਚੀ ਦੁਨੀਆਂ ਸਦਮੇ ਵਿਚ ਹੈ ਤੇ ਅਮਰੀਕਾ ਅੱਗੇ ਕਈ ਸਵਾਲ ਆ ਖੜ੍ਹੇ ਹਨ। ਪ੍ਰਾਰਥਨਾ ਸਭਾ ਵਿਚ ਰਾਸ਼ਟਰਪਤੀ ਨੇ ਕਿਹਾ ਕਿ ਦੁੱਖ ਦੀ ਘੜੀ ਵਿਚ ਇਹ ਕਸਬਾ ਆਪਣੇ ਆਪ ਨੂੰ ਇਕੱਲਾ ਨਾ ਸਮਝੇ, ਸਗੋਂ ਪੂਰਾ ਦੇਸ਼ ਇਸ ਦੁੱਖ ਵਿਚ ਸ਼ਾਮਲ ਹੈ। ਉਨ੍ਹਾਂ ਇਸ ਗੱਲ 'ਤੇ ਅਫਸੋਸ ਜ਼ਾਹਰ ਕੀਤਾ ਕਿ ਆਪਣੇ ਬੱਚਿਆਂ ਨੂੰ ਸੁਰੱਖਿਅਤ ਰੱਖਣ ਦੀ ਮੁਢਲੀ ਜ਼ਿੰਮੇਵਾਰੀ ਨਿਭਾਉਣ ਵਿਚ ਦੇਸ਼ ਨਾਕਾਮ ਰਿਹਾ ਹੈ। ਉਨ੍ਹਾਂ ਕਿਹਾ, "ਇਹ ਸਾਡੀ ਪਹਿਲੀ ਜ਼ਿੰਮੇਵਾਰੀ ਹੈ, ਜੇ ਅਸੀਂ ਇਸ ਨੂੰ ਸਹੀ ਢੰਗ ਨਾਲ ਨਹੀਂ ਨਿਭਾਵਾਂਗੇ ਤਾਂ ਕੁਝ ਵੀ ਸਹੀ ਨਹੀਂ ਹੋਵੇਗਾ। ਮੈਨੂੰ ਅਹਿਸਾਸ ਹੈ ਕਿ ਸਿਰਫ ਹਮਦਰਦੀ ਭਰੇ ਲਫਜ਼ਾਂ ਨਾਲ ਹੀ ਪੀੜਤ ਮਾਪਿਆਂ ਦੇ ਵਲੂੰਧਰੇ ਦਿਲਾਂ ਨੂੰ ਧਰਵਾਸ ਨਹੀਂ ਦਿੱਤਾ ਜਾ ਸਕਦਾ। ਇਸ ਘਟਨਾ ਨੇ ਦੇਸ਼ ਅੱਗੇ ਕਈ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇਸ ਨੇ ਦੇਸ਼ ਵਿਚ ਹਥਿਆਰ ਰੱਖਣ/ਖਰੀਦਣ ਸਬੰਧੀ ਕਾਨੂੰਨਾਂ 'ਤੇ ਬਹਿਸ ਛੇੜ ਦਿੱਤੀ ਹੈ।" ਰਾਸ਼ਟਰਪਤੀ ਨੇ ਕਿਹਾ, "ਕੋਈ ਵੀ ਕਾਨੂੰਨ ਦੁਨੀਆਂ ਵਿਚੋਂ ਬੁਰਾਈ ਦਾ ਖਾਤਮਾ ਨਹੀਂ ਕਰ ਸਕਦਾ ਤੇ ਨਾ ਹੀ ਸਾਡੇ ਸਮਾਜ ਨੂੰ ਹਿੰਸਾ ਦੀਆਂ ਅਜਿਹੀਆਂ ਘਟਨਾਵਾਂ ਤੋਂ ਬਚਾਅ ਸਕਦਾ ਹੈ ਪਰ ਕੋਈ ਕਦਮ ਨਾ ਚੁੱਕਣ ਲਈ ਇਹ ਬਹਾਨਾ ਨਹੀਂ ਬਣਾਇਆ ਜਾ ਸਕਦਾ।



ਸ਼ਰਧਾਂਜਲੀ

# ਕਾਮਰੇਡ ਅਜੀਤ ਸਿੰਘ ਨੂੰ ਲਾਲ ਸਲਾਮ

- ਮਾਸਟਰ ਭਜਨ ਗਿੱਲ -

ਬੀਤੇ ਦਿਨੀਂ ਇਥੇ 4 ਸਟਰੀਟ ਦੇ ਫਿਊਨਲ ਹੋਮ 'ਤੇ ਕਾਮਰੇਡ ਅਜੀਤ ਸਿੰਘ ਕਾਲੀਰਾਏ ਨੂੰ ਭਰੇ ਇਕੱਠ ਵਿਚ ਲਾਲ ਫਰੇਰੇ ਨਾਲ ਅੰਤਮ ਵਿਦਾਇਗੀ ਦਿੱਤੀ ਗਈ। ਇਸ ਸਮੇਂ ਉਨ੍ਹਾਂ ਦੇ ਪੁੱਤਰਾਂ ਇਕਬਾਲ ਖਾਨ, ਜਸਵੀਰ ਸਿੰਘ ਇੰਗਲੈਂਡ, ਪੁੱਤਰੀ ਜਸਪਾਲ ਕੌਰ ਕੰਧੋਲਾ, ਜਵਾਈ ਸੁਰਿੰਦਰ ਸਿੰਘ ਕੰਧੋਲਾ ਤੋਂ ਇਲਾਵਾ ਨੂੰਹ, ਪੋਤਰੇ, ਦੋਹਤੇ, ਰਿਸ਼ਤੇਦਾਰ, ਮਿੱਤਰ ਦੋਸਤ, ਕਾਮਰੇਡ ਦੇ ਪੁਰਾਣੇ ਸਾਥੀ ਅਤੇ ਸਮਾਜਿਕ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।



ਸ਼ਰਧਾਂਜਲੀ ਸਮਾਗਮ ਸਮੇਂ ਬੋਲਦਿਆਂ ਡਾ. ਹਰਭਜਨ ਢਿੱਲੋਂ, ਕੈਮਲੂਪਸ ਯੂਨੀਵਰਸਿਟੀ ਤੋਂ ਪ੍ਰੋਫੈਸਰ ਇਨਕਲਾਬੀ ਕਵੀ ਸੁਰਿੰਦਰ ਧੰਜਲ, ਮਾਸਟਰ ਭਜਨ ਗਿੱਲ, ਮੰਤਰੀ ਮਨਮੀਤ ਭੁੱਲਰ, ਸੰਤ ਸਿੰਘ ਧਾਲੀਵਾਲ, ਸੋਹਣ ਮਾਨ, ਜਗਦੀਸ਼ ਸਿੰਘ ਚੋਹਕਾ ਅਤੇ ਰਜਿੰਦਰ ਕੌਰ ਚੋਹਕਾ ਨੇ ਕਾਮਰੇਡ ਅਜੀਤ ਸਿੰਘ ਕਾਲੀਰਾਏ ਵਲੋਂ ਜੀਵਨ ਭਰ ਸੰਘਰਸ਼ਾਂ 'ਚ ਪਾਏ ਯੋਗਦਾਨ ਬਾਰੇ ਵਿਸਥਾਰਤ ਜਾਣਕਾਰੀ ਸਾਂਝੀ ਕੀਤੀ।

1929 'ਚ ਜਨਮੇ ਕਾ. ਅਜੀਤ ਸਿੰਘ ਕਾਲੀਰਾਏ 83 ਸਾਲਾਂ ਦੀ ਸ਼ਾਨਾਮੱਤਾ ਸੰਘਰਸ਼ਮਈ ਉਮਰ ਬਿਤਾ ਕੇ ਗੌਰਵ ਨਾਲ ਸਾਡੇ ਕੋਲੋਂ ਸਦਾ ਲਈ ਵਿਛੜ ਗਏ ਹਨ। ਭਰ ਜਵਾਨੀ ਵਿਚ ਮਾਰਕਸਵਾਦੀ ਵਿਚਾਰਾਂ ਤੋਂ ਸੇਧ ਲੈ ਕੇ ਸੰਘਰਸ਼ਾਂ ਵਿਚ ਕੁੱਦ ਪਏ। ਆਖਰੀ ਸਾਹ ਲੈਣ ਤੱਕ ਇਸ ਵਿਚਾਰਧਾਰਾ ਦਾ ਪੱਲਾ ਨਹੀਂ ਛੱਡਿਆ। ਪੰਜਾਬੀ ਸੂਬੇ ਦੇ ਸੰਘਰਸ਼ ਵਿਚ 7 ਮਹੀਨੇ ਕਰਨਾਲ ਜ਼ਿਲ੍ਹੇ ਵਿਚ ਰਹੇ। ਖੁਸ਼ਹੈਸੀਅਤੀ ਟੈਕਸ ਵਿਰੁੱਧ ਕਿਸਾਨ ਮੋਰਚੇ 'ਚ 2 ਮਹੀਨੇ ਅੰਬਾਲਾ ਵਿਚ ਜੇਲ੍ਹ ਕੱਟੀ। 1967 ਵਿਚ ਨਕਸਲਬਾੜੀ ਅੰਦੋਲਨ ਸਮੇਂ ਜਲੰਧਰ ਜੇਲ੍ਹ 'ਚ ਇਕ ਸਾਲ ਲਈ ਨਜ਼ਰਬੰਦ ਸੀ। ਪੁੱਤਰ ਇਕਬਾਲ ਖਾਨ ਪੰਜਾਬ ਪੁਲਿਸ ਦੇ ਤਸੀਹੇ ਕੇਂਦਰਾਂ 'ਚ ਤਸ਼ੱਦਦ ਝੱਲ ਰਿਹਾ ਸੀ। 1992 ਤੋਂ ਕੈਲਗਰੀ ਆਉਣ ਉਪਰੰਤ ਇਥੋਂ ਦੀ ਕਮਿਊਨਿਸਟ ਪਾਰਟੀ ਦੇ ਲਗਾਤਾਰ ਮੈਂਬਰ ਚਲੇ ਆ ਰਹੇ ਸਨ। ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਹਰ ਸਰਗਰਮੀ ਨਾਲ ਮਰਦੇ ਦਮ ਤੱਕ ਜੁੜੇ ਰਹੇ। 23 ਸਤੰਬਰ 2012 ਨੂੰ ਇਸ ਸੰਸਥਾ ਵਲੋਂ ਤੀਜੇ ਤਰਕਸ਼ੀਲ ਸਭਿਅਚਾਰਕ ਨਾਟਕ ਸਮਾਗਮ ਸਮੇਂ ਕਾਮਰੇਡ ਦੀਆਂ ਮਨੁੱਖਤਾਵਾਦੀ ਸੇਵਾਵਾਂ ਨੂੰ ਮੁੱਖ ਰੱਖ ਕੇ ਵਿਸ਼ੇਸ਼ ਸਨਮਾਨ ਦੇ ਕੇ ਮਾਣ ਮਹਿਸੂਸ ਕੀਤਾ ਗਿਆ।

ਡਿਫੈਂਸ ਕਮੇਟੀ ਵੈਨਕੂਵਰ, ਤਰਕਸ਼ੀਲ ਸੁਸਾਇਟੀ ਕੈਨੇਡਾ, ਸੀ ਪੀ ਐਮ (ਪਾਸਲਾ) ਪੰਜਾਬ, ਅਦਾਰਾ ਮਾਸਿਕ ਪੱਤ੍ਰਿਕਾ ਸਰੋਕਾਰਾਂ ਦੀ ਆਵਾਜ਼ ਟੋਰਾਂਟੋ, ਅਦਾਰਾ ਨਵੀਂ ਦੁਨੀਆ ਐਡਮਿੰਟਨ, ਲੋਕ ਆਵਾਜ਼ ਐਡਮਿੰਟਨ, ਸਿੱਖ ਵਿਰਸਾ ਕੈਲਗਰੀ, ਰੇਡੀਓ ਸਪਾਈਸ ਅਤੇ ਲੇਖਕ ਗੁਰਚਰਨ ਯਮਪੁਰੀ ਨੇ ਸ਼ੋਕ ਮਤੇ ਭੇਜ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

ਮੀਡੀਆ ਵਲੋਂ ਸੰਪਾਦਕ ਸਿੱਖ ਵਿਰਸਾ ਹਰਚਰਨ ਪਰਹਾਰ, ਸਪਾਈਸ ਰੇਡੀਓ ਵਲੋਂ ਸੁਰਜੀਤ ਸਿੰਘ ਡੋਡ, ਬੋਬੀ ਡੋਡ ਅਤੇ ਲੋਕ ਆਵਾਜ਼ ਦੇ ਸਬ-ਐਡੀਟਰ ਸ੍ਰੀ ਹਰਬੰਸ ਬੁੱਟਰ ਹਾਜ਼ਰ ਸਨ।

ਇਮੀਗ੍ਰਾਂਟਸ-ਸੀਨੀਅਰਜ਼ ਦੇ ਪ੍ਰਧਾਨ ਪ੍ਰਸ਼ੋਤਮ ਭਾਰਦਵਾਜ ਅਤੇ ਸਕੱਤਰ ਡਾ. ਮਹਿੰਦਰ ਸਿੰਘ ਹੱਲਣ, ਅਰਪਨ ਲਿਖਾਰੀ ਸਭਾ ਦੇ ਪ੍ਰਧਾਨ ਸਤਨਾਮ ਢਾਅ ਅਤੇ ਕੇਸਰ ਸਿੰਘ ਨੀਰ, ਪੰਜਾਬੀ ਲਿਖਾਰੀ ਸਭਾ ਦੇ ਸਕੱਤਰ ਬਲਜਿੰਦਰ ਸੰਘਾ ਅਤੇ ਬਲਬੀਰ ਗੋਰਾ, ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਜਸਵੀਰ ਸਹੋਤਾ, ਸਕੱਤਰ ਕੁਲਵੀਰ ਸ਼ੇਰਗਿੱਲ, ਐਡਮਿੰਟਨ ਤੋਂ ਜਸਵੀਰ ਦਿਓਲ, ਦਲਬੀਰ ਸਾਂਗਿਆਣ, ਜੁਗਿੰਦਰ ਰੰਧਾਵਾ, ਬਖਸ਼ ਸੰਘਾ ਆਦਿ ਐਡਵੋਕੇਟ ਅਮਰਪ੍ਰੀਤ, ਐਡਵੋਕੇਟ ਤਰਨਜੀਤ ਔਜਲਾ, ਐਮ. ਐਲ. ਏ.ਦਰਸ਼ਨ ਸਿੰਘ ਕੰਗ, ਡੈਨ ਸਿੰਘ ਸਿੱਧੂ, ਪ੍ਰੋਫੈਸਰ ਮਨਜੀਤ ਸਿੰਘ ਸਿੱਧੂ, ਮੁੱਖ ਅਧਿਆਪਕ ਅਮਰ ਸਿੰਘ ਕਿਦੰਗਰਾ, ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਕਾਮਰੇਡ ਜੀਤਇੰਦਰਪਾਲ, ਕਮਲਪ੍ਰੀਤ ਕੌਰ ਪੰਧੇਰ, ਸੁਰਿੰਦਰ ਕੌਰ ਗਿੱਲ, ਵਿਦਿਆਵਤੀ ਤੋਂ ਇਲਾਵਾ ਕਾਮਰੇਡ ਦੇ ਬਹੁਤ ਸਾਰੇ ਬਜ਼ੁਰਗ ਮਿੱਤਰ ਹਾਜ਼ਰ ਸਨ। ਅੰਤ ਨੂੰ ਮਾਸਟਰ ਭਜਨ ਗਿੱਲ, ਕਾਮਰੇਡ ਸੋਹਣ ਮਾਨ, ਰਜਿੰਦਰ ਕੌਰ, ਚੋਹਕਾ, ਸੁਰਿੰਦਰ ਧੰਜਲ, ਕਾਮਰੇਡ ਕਸ਼ਮੀਰਾ ਸਿੰਘ ਐਡਮਿੰਟਨ, ਜਗਦੀਸ਼ ਸਿੰਘ ਚੋਹਕਾ ਨੇ ਲਾਲ ਫਰੇਰ ਨਾਲ ਕਾਮਰੇਡ ਬਾਪੂ ਅਜੀਤ ਸਿੰਘ ਕਾਲੀਰਾਏ ਨੂੰ ਅੰਤਮ ਵਿਦਾਇਗੀ ਇਨ੍ਹਾਂ ਬੋਲਾਂ ਨਾਲ ਕਾਮਰੇਡ ਅਜੀਤ ਸਿੰਘ ਅਮਰ ਰਹੇ।



ਗ਼ਦਰ ਸ਼ਤਾਬਦੀ ਕਮੇਟੀ ਟਰਾਂਟੋ ਵਲੋਂ ਗ਼ਦਰੀ ਕੈਲੰਡਰ: 2013 ਲੋਕ-ਅਰਪਨ ਕੀਤਾ ਜਿਸ ਵਿਚ ਵੱਖ-ਵੱਖ ਵਕਤਾ ਵਿਸ਼ੇਸ਼ ਕਰਕੇ ਵਰਿਆਮ ਸੰਧੂ ਨੇ ਗ਼ਦਰ ਲਹਿਰ ਦੀ ਪ੍ਰਸੰਗਿਕਤਾ ਅਤੇ ਕੌਮਾਂਤਰੀ ਮਹੱਤਤਾ ਬਾਰੇ ਜਾਣਕਾਰੀ ਪ੍ਰਦਾਨ ਕੀਤੀ।






# ਚੰਗੇਰੇ ਸਮਾਜ ਲਈ ਪ੍ਰਦੇਸ਼ੀਆਂ ਨੂੰ ਵੱਧ ਚਿੰਤਾ



ਰਾਮ ਸਵਰਨ ਲੱਖੇਵਾਲੀ

**ਰਾਮ ਸਵਰਨ ਲੱਖੇਵਾਲੀ ਵਿਗਿਆਨਕ ਤੇ ਸਮਾਜਿਕ ਲੀਹਾਂ 'ਤੇ ਸੋਚਣ ਵਾਲੀ ਸ਼ਖਸੀਅਤ ਹੈ। ਜਿਸ ਦੇ ਮਨ ਅੰਦਰ ਇਕ ਅਜਿਹੇ ਸਮਾਜ ਦੀ ਸੰਰਚਨਾ ਵਾਲੀ ਸੋਚ ਹੈ ਜਿਹੜੀ ਉਸ ਨੂੰ ਕਲਮ ਉਠਾਉਣ ਲਈ ਪ੍ਰੇਰਦੀ ਹੈ। ਉਸ ਦੇ ਫ਼ਿਕਰ ਦੂਰ ਦੁਰੇਡੇ ਬੈਠੇ ਹਰ ਇਨਸਾਨ ਨਾਲ ਸਾਂਝੇ ਕਰਨ ਦੀ ਚਾਹਨਾ ਰਹਿੰਦੀ ਹੈ**

ਜੀਵਨ ਪੰਧ 'ਚ ਸੁੱਖ, ਸ਼ਾਂਤੀ ਅਤੇ ਘਰ-ਪਰਿਵਾਰ ਦੀ 'ਮੌਜ' ਹਰ ਵਿਅਕਤੀ ਲੋਚਦਾ ਹੈ। ਚੰਗਾ ਘਰ-ਬਾਰ, ਬਾਲ-ਬੱਚੇ ਅਤੇ ਰੁਜ਼ਗਾਰ ਤੋਂ ਮਿਲਣ ਵਾਲੀ ਹਰ ਸੁੱਖ-ਸਹੂਲਤ ਤੇ 'ਮਾਣ-ਤਾਣ' ਹਰ ਮਨੁੱਖ ਦੀ ਦਿਲੀ ਇੱਛਾ ਹੁੰਦੀ ਹੈ ਜਿਸ ਖ਼ਾਤਰ ਉਹ ਉਮਰ ਭਰ ਕੋਸ਼ਿਸ਼ਾਂ ਕਰਦਾ ਹੈ ਤੇ ਸਫ਼ਲਤਾ ਲਈ ਅਸੂਲਾਂ ਨਾਲ ਸਮਝੌਤੇ ਵੀ ਕਰਦਾ ਹੈ। ਜੀਵਨ ਨਾਲ ਜੁੜੇ ਇਸ ਸਫ਼ਰ ਦੀ ਮੰਜ਼ਿਲ ਨਿੱਜੀ ਸੁੱਖ ਲਈ ਜਾਇਦਾਦ ਇਕੱਤਰ ਕਰਨ ਤਕ ਹੀ ਹੁੰਦੀ ਹੈ। ਇਸ ਤੋਂ ਅਗਾਂਹ ਉਮਰ ਦਾ ਆਖ਼ਰੀ ਪੜਾਅ ਅਤੇ ਫਿਰ ਜਨਮਾਂ-ਕਰਮਾਂ ਦੇ ਭਰਮ-ਭੁਲੇਖੇ 'ਚ ਉਲਝਿਆ ਮਨੁੱਖ ਬੀਤੇ 'ਤੇ ਪਛਤਾਵਾ ਕਰਨ ਜੋਗਾ ਹੀ ਰਹਿ ਜਾਂਦਾ ਹੈ। ਜਿਉਣ ਦੇ ਇਸ ਰੂਪ 'ਚ ਸੁੱਖ-ਦੁੱਖ ਆਉਣ ਤਾਂ ਰਿਸ਼ਤੇਦਾਰ ਅਤੇ ਮਿੱਤਰਾਂ ਦੀ ਸ਼ਮੂਲੀਅਤ ਹੀ ਹੁੰਦੀ ਹੈ। ਸੁੱਖ ਹੋਵੇ ਤਾਂ ਰਿਸ਼ਤੇਦਾਰ ਮੋਹਰੀ ਹੁੰਦੇ ਹਨ ਪਰ ਦੁੱਖ 'ਚ ਕੋਈ ਟਾਵਾਂ ਹੀ ਖੜ੍ਹਦਾ ਹੈ। ਬਹੁਗਿਣਤੀ ਲੋਕਾਂ ਨੂੰ ਜੀਵਨ ਦਾ ਇਹ ਰਾਹ ਹੀ 'ਪਸੰਦ' ਹੈ।

ਜੀਵਨ ਦਾ ਇੱਕ ਪੰਧ ਹੋਰ ਵੀ ਹੈ ਜਿਸ 'ਚ ਭਾਈਚਾਰਾ ਵੱਡਾ ਹੁੰਦਾ ਹੈ ਅਤੇ ਖ਼ੁਸ਼ੀ ਵੀ ਸਾਂਝੀ। ਇਸ ਰਾਹੀਂ ਲੋਕ ਕਿਸੇ ਸਮਾਜਿਕ ਜਾਂ ਲੋਕ ਹਿਤੂ ਕਾਰਜ ਦੀ ਮਾਲਾ ਦੇ ਮਣਕੇ ਬਣਦੇ ਹਨ। ਉਨ੍ਹਾਂ ਨੂੰ ਆਪਸ ਵਿੱਚ ਪਰੋਣ ਵਾਲੀ ਮਜ਼ਬੂਤ ਡੋਰ ਇੱਕ ਉੱਚਾ ਸੁੱਚਾ ਆਦਰਸ਼ ਹੁੰਦੀ ਹੈ ਜਿਸ ਨਾਲ ਉਹ ਸਮਝ ਦੀ ਪੱਧਰ 'ਤੇ ਜੁੜੇ ਹੁੰਦੇ ਹਨ। ਇਹ ਸਾਂਝ ਏਨੀ ਪ੍ਰਪੱਕ ਹੁੰਦੀ ਹੈ ਕਿ ਇਸ ਦੀਆਂ ਰੁਸ਼ਨਾਈ ਬਿਖ਼ੇਰਦੀਆਂ ਕਿਰਨਾਂ ਸੱਤ ਸਮੁੰਦਰ ਪਾਰ ਤਕ ਵੀ ਹੁੰਦੀਆਂ ਹਨ। ਆਪਸੀ ਰਿਸ਼ਤਾ, ਕੰਮ ਜਾਂ ਮਤਲਬ ਨਾਲ ਨਹੀਂ ਹੁੰਦਾ ਬਲਕਿ ਉਹ ਵੀ ਆਦਰਸ਼ ਵਾਂਗ ਸੱਚਾ-ਸੁੱਚਾ ਹੁੰਦਾ ਹੈ। ਇਸ ਪੰਧ ਦੇ ਰਾਹੀਆਂ ਦੀ ਕਮਾਈ ਉਨ੍ਹਾਂ ਦਾ ਕਰਮ ਹੁੰਦਾ ਹੈ ਜਿਹੜਾ ਉਹ ਲੋਕ ਹਿੱਤ ਲਈ ਆਪਣਾ ਨਿੱਜ ਤਿਆਗ ਕੇ ਕਰਦੇ ਹਨ। ਇਨ੍ਹਾਂ ਰਾਹੀਆਂ ਦੀ ਖ਼ੁਸ਼ੀ, ਜਿੱਤ ਅਤੇ ਸੱਚੇ ਕਰਮ ਤੋਂ ਮਿਲਣ ਵਾਲੇ ਸਕੂਨ ਦਾ ਆਪਣਾ ਹੀ ਰੰਗ ਹੁੰਦਾ ਹੈ। ਜਦੋਂ ਜ਼ਿੰਦਗੀ ਕਿਸੇ ਅਜਿਹੇ ਆਦਰਸ਼ ਅਤੇ ਪਹੁੰਚ ਨਾਲ ਜੁੜੀ ਹੋਵੇ ਤਾਂ ਸਨੇਹੀ ਅਨੰਤ ਹੁੰਦੇ ਹਨ। ਇਹ ਰਿਸ਼ਤਾ ਰਸਮਾਂ ਅਤੇ ਵਿਖਾਵੇ ਤੋਂ ਮੁਕਤ ਹੁੰਦਾ ਹੈ। ਕਲਾ ਰਾਹੀਂ ਜ਼ਿੰਦਗੀ ਨੂੰ ਪੈਰਾਂ ਸਿਰ ਕਰਨ 'ਚ ਜੁਟੇ ਕਲਮਕਾਰ ਵੀ ਇਸ ਆਦਰਸ਼ ਦੇ ਕਦਰਦਾਨ ਹੁੰਦੇ ਹਨ। ਉਹ ਕਿਸੇ ਨਾ ਕਿਸੇ ਰੂਪ 'ਚ ਉਸ ਆਦਰਸ਼ ਦੇ ਪੈਰੋਕਾਰ ਬਣਦੇ ਹਨ। ਜ਼ਿੰਦਗੀ ਦੇ ਇਸ ਮਾਣਮੱਤੇ ਰੂਪ ਦੀ ਝਲਕ ਮੈਂ ਹਜ਼ਾਰਾਂ ਮੀਲ ਦੂਰ ਬੈਠੇ ਧਰਤੀ ਮਾਂ ਅਤੇ ਮਾਤ ਬੋਲੀ ਦੇ ਸੁਹਿਰਦ ਪੁੱਤਰ ਨਾਲ ਕੁਝ ਮਿੰਟਾਂ ਲਈ ਗੱਲਬਾਤ ਕਰਦਿਆਂ ਮਾਣੀ। ਇੰਟਰਨੈਟ 'ਤੇ ਟੋਰਾਂਟੋ ਵਸਦੇ ਇੱਕ ਮਕਬੂਲ ਸ਼ਾਇਰ ਦੀ ਮੁਲਾਕਾਤ ਪੜ੍ਹਦਿਆਂ ਜਦੋਂ ਮੈਂ ਉਸ ਲਿਖਤ ਬਾਰੇ ਆਪਣੇ ਵਿਚਾਰ ਲਿਖੇ ਤਾਂ ਅਗਲੀ ਸਵੇਰ ਉਸ ਸੱਜਣ ਨਾਲ ਫੋਨ 'ਤੇ ਗੱਲਬਾਤ ਕਰਨ ਦਾ ਸਬੱਬ ਬਣਿਆ। ਹਾਲ-ਚਾਲ ਪੁੱਛਣ ਉਪਰੰਤ ਉਹ ਮਹਾਨ ਸੂਫ਼ੀ ਫ਼ਕੀਰ ਦੇ ਨਾਂ ਨਾਲ ਜੁੜੇ ਇਤਿਹਾਸਕ ਸ਼ਹਿਰ ਫ਼ਰੀਦਕੋਟ 'ਚ ਵਾਪਰੇ ਸ਼ਰੂਤੀ ਕਾਂਡ ਦਾ ਜ਼ਿਕਰ ਕਰਦਿਆਂ ਕਹਿਣ ਲੱਗਾ, 'ਦੁਨੀਆਂ ਭਰ 'ਚ ਧੀਆਂ-ਭੈਣਾਂ ਦੀ ਇੱਜ਼ਤ ਅਤੇ ਰਖਵਾਲੀ ਲਈ ਜਾਣਿਆ ਜਾਂਦਾ ਪੰਜਾਬ, ਹੁਣ ਕਿਹੜੇ ਰਾਹ ਤੁਰ ਪਿਐ? ਇਹ ਬਹੁਤ ਸ਼ਰਮਨਾਕ ਵਰਤਾਰਾ ਹੈ ਅਤੇ ਇਸ ਦਾ ਸਿਹਰਾ ਰਾਜ ਕਰਨ ਵਾਲਿਆਂ ਸਿਰ ਬੱਝਦੈ ਜਿਹੜੇ ਆਪਣੇ ਸਿਆਸੀ ਸਵਾਰਥਾਂ ਲਈ ਹਰ ਸਮਝੌਤੇ 'ਤੇ 'ਸਹੀ' ਪਾਉਂਦੇ ਨੇ।' ਮੈਂ ਉਸ ਸਨੇਹੀ ਦੀ ਹਾਂ 'ਚ ਹਾਂ ਮਿਲਾਈ ਤਾਂ ਉਹ ਕਹਿਣ ਲੱਗਾ, 'ਨਾਇਕਾਂ ਵਾਲੇ ਆਪਣੇ ਪੰਜਾਬ ਦੀ ਧਰਤ 'ਤੇ ਖਲਨਾਇਕ ਪੈਦਾ ਕਰਨ ਲਈ ਨਸ਼ਿਆਂ ਦਾ ਦਰਿਆ ਵਹਾਇਆ ਜਾ ਰਿਹੈ, ਇਹੋ ਨਸ਼ੇ ਹੀ ਰਾਜ ਦੀ ਆਮਦਨੀ ਦਾ ਵੱਡਾ ਸਾਧਨ ਨੇ, ਜਨਤਕ ਥਾਵਾਂ 'ਤੇ ਬਿਨਾਂ ਕਿਸੇ ਡਰ-ਡੁੱਕਰ ਦੇ ਖੁੱਲ੍ਹੇ ਠੇਕਿਆਂ ਮੂਹਰੇ ਲੱਗੇ ਬੋਰਡ ਨਸ਼ੇ 'ਚ ਡੁੱਬ ਕੇ ਸੋਚਣਾ ਸਮਝਣਾ ਬੰਦ ਕਰਨ ਲਈ ਪ੍ਰੇਰਦੇ ਨੇ।' ਉਸਦੀ ਫ਼ਿਕਰਮੰਦੀ ਮੇਰੇ ਅੰਦਰ ਵੀ ਚਿੰਤਾ ਦੀਆਂ ਤਰੰਗਾਂ ਛੇੜਦੀ ਹੈ। ਮੈਂ ਮਨ ਹੀ ਮਨ ਉਸ ਦੀ ਸਮਝ ਨੂੰ ਦਾਦ ਦਿੰਦਾ ਹਾਂ। ਉਹ ਮੁੜ ਆਪਣੇ ਮਨ ਦੀ ਕਹਿਣ ਲੱਗਦਾ ਹੈ, 'ਸਾਰੇ ਟੀ.ਵੀ. ਚੈਨਲ ਬਾਜ਼ਾਰੂ ਅਤੇ ਅਸ਼ਲੀਲ ਗੀਤਾਂ ਨਾਲ ਪੰਜਾਬ ਦੀਆਂ ਧੀਆਂ-ਭੈਣਾਂ ਨੂੰ ਜ਼ਲੀਲ ਕਰਨ ਤੇ ਜਵਾਨੀ ਨੂੰ ਗਲਤ ਰਾਹਾਂ 'ਤੇ ਤੋਰਨ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੇ, ਰਹਿੰਦੀ ਕਸਰ ਸਵੇਰ-ਸ਼ਾਮ ਟੀ.ਵੀ. 'ਤੇ ਆਉਣ ਵਾਲੇ ਧਰਮ ਗੁਰੂ ਅਤੇ ਹਰ ਮੁਸ਼ਕਲ ਦਾ ਹੱਲ ਸੁਰੱਖਿਆ ਕਵਚ ਵੇਚਣ ਵਾਲੇ ਪੂਰੀ ਕਰ ਰਹੇ ਨੇ। ਇਹ ਕੂੜ ਪ੍ਰਚਾਰ ਪੰਜਾਬ ਨੂੰ ਉਸ ਰਾਹ 'ਤੇ ਤੋਰ ਰਿਹੈ ਜਿਸ ਦਾ ਭਵਿੱਖ ਹਨੇਰੇ ਤੋਂ ਸਿਵਾ ਕੁਝ ਨਹੀਂ। ਇਸ ਕੂੜ ਖਿਲਾਫ਼ ਬੋਲਣਾ, ਖੜ੍ਹਣਾ ਤੇ ਲੋਕਾਈ ਨੂੰ ਜਾਗਰੂਕ ਕਰਨਾ ਹਰ ਜਾਗਦੀ ਜ਼ਮੀਰ ਵਾਲੇ ਪੰਜਾਬੀ ਦਾ ਫ਼ਰਜ਼ ਬਣਦੈ।' ਇਹ ਆਖਦਿਆਂ ਉਹ ਸੱਜਣ ਫਿਰ ਕਿਤੇ ਗੱਲ ਕਰਨ ਦਾ ਵਾਅਦਾ ਕਰ ਕੇ ਫੋਨ ਬੰਦ ਕਰ ਦਿੰਦਾ ਹੈ।' ਮੈਂ ਉਸ ਸ਼ਾਇਰ ਦੀ ਸੋਚ ਤੇ ਰਸ਼ਕ ਕਰਦਾ ਹੋਇਆ ਸੋਚਣ ਲ ਗਦਾ ਹਾਂ।

ਆਪਣੀ ਮਾਤ ਭੂਮੀ ਦੇ ਮੋਹ 'ਚ ਗੜੁੱਚ ਅਤੇ ਚੰਗੇਰੇ ਸਮਾਜ ਲਈ ਟੋਰਾਂਟੋ ਰਹਿੰਦੇ ਉਸ ਸ਼ਾਇਰ ਦਾ ਫ਼ਿਕਰ ਸਾਡਾ ਕਿਉਂ ਨਹੀਂ ਬਣਦਾ? ਇਹ ਸਵਾਲ ਮੈਨੂੰ ਬੇਚੈਨ ਕਰਦਾ ਹੈ। ਅਸੀਂ ਜਿਹੜੇ ਸਭ ਕੁਝ ਵੇਖਦੇ ਹੋਏ ਵੀ ਇਹ ਸੋਚ ਕੇ 'ਚੁੱਪ' ਹਾਂ ਕਿ ਕੋਈ ਬਾਹਰੋਂ ਆ ਕੇ ਇਸ ਬੁਰਾਈ ਖ਼ਿਲਾਫ਼ ਆਵਾਜ਼ ਬੁਲੰਦ ਕਰੇਗਾ ਅਤੇ ਸੋਚਦੇ ਹਾਂ ਕਿ ਜ਼ਮਾਨਾ ਈ ਮਾੜਾ ਆ ਗਿਆ ਹੈ, ਚੰਗੇ ਦਿਨਾਂ ਦੀ ਆਸ ਲਈ ਆਪਣੀ ਟੇਕ ਸੁੱਖਣਾਂ-ਅਰਦਾਸਾਂ 'ਤੇ ਰੱਖਦੇ ਹਾਂ, ਇਸ ਤੋਂ ਵੱਡੀ ਮੌਕਾਪ੍ਰਸਤੀ ਤੇ ਸਮਝੌਤਾ ਭਲਾ ਹੋਰ ਕੀ ਹੋ ਸਕਦਾ ਹੈ? ਜ਼ਿੰਦਗੀ ਨੂੰ ਜਿਉਣ ਯੋਗ ਬਣਾਉਣ ਲਈ ਟੋਰਾਂਟੋ ਤੋਂ ਆਏ ਉਸ ਸ਼ਾਇਰ ਦੇ ਫ਼ਿਕਰ ਦੀ ਬਾਂਹ ਫੜ੍ਹਨਾ ਹਰ ਜਾਗਦੇ ਮਨੁੱਖ ਦੀ ਨੈਤਿਕ ਜ਼ਿੰਮੇਵਾਰੀ ਹੈ। ਕਾਸ਼! ਅਸੀਂ ਇਸ ਜ਼ਿੰਮੇਵਾਰੀ ਨੂੰ ਸਮਝਣ ਅਤੇ ਨਿਭਾਉਣ ਦੇ ਸਮਰੱਥ ਬਣ ਸਕੀਏ।



## ਸੰਪਾਦਕ ਮੰਡਲ (ਆਨਰੇਰੀ)

ਦਵਿੰਦਰ ਤੂਰ
ਹਰਬੰਸ ਸਿੰਘ
ਸੁਖਵਿੰਦਰ ਸਿੰਘ ਢਿੱਲੋਂ
ਜਸਪ੍ਰੀਤ ਧਾਲੀਵਾਲ
ਸੁਖਦੇਵ ਸਿੰਘ ਸੰਧੂ
ਮਾਸਟਰ ਬਲਬੀਰ ਸਿੰਘ ਗਿੱਲ
ਮਾਸਟਰ ਭਜਨ ਗਿੱਲ ਕੈਲਗਰੀ, ਅਲਬਰਟਾ
ਬਾਈ ਅਵਤਾਰ ਗਿੱਲ ਬ੍ਰਿਟਿਸ ਕੋਲੰਬੀਆ
ਅਵਤਾਰ ਸਿੱਧੂ, ਵਿੰਨੀਪੈਗ ਮਾਨੀਟੋਬਾ
ਕੁਲਦੀਪ ਸਿੰਘ
ਬਲਜਿੰਦਰ ਸਿੰਘ
ਗ੍ਰਾਫਿਕਸ ਡਿਜ਼ਾਇਨਰ
ਬੀ. ਸਿੰਘ
akashdeep.1064@gmail.com



avenue OPTICAL

www.avenueoptical.ca
Vijay K. Sharma
Licensed Optician & Contact Lens Fitter
200 County Court Blvd
Unit A1
Brampton, ON L6W 4K7
905.454.1277
info@avenueoptical.ca

Ideal Acupuncture CLINIC

Vijay K. Sharma
MD (ACU) OAATCM, WNMF
200 County Court Blvd
Unit A1
Brampton, ON L6W 4K7
Tel: 905.454.1277

HOMELIFE HIGHER STANDARDS
* Residential
* Commercial
* Investment

HomeLife/Superstars
Real Estate Ltd., Brokerage
Each office is independently owned and operated
Off: 905.792.7800
Fax: 905.792.9092
2565 Steeles Ave. E. Unit 11
Brampton, ON L6T 4L6
Email: sliddar@hotmail.com
Sukhdev Singh Liddar
Sales Representative
Cell: 416.274.1146